21ਵਾਂ ਸਾਲ

PARDES TIMES

21st year in Publication

ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 21 | No. 493 | November 10, 2026 | E-mail : info@pardestimes.com | Ph 510-938-7771



ਪਰਦੇਸ ਟਾਇਮਜ਼ ਦੇ ਪਾਠਕਾਂ ਅਤੇ ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

ਡੈਮੋਕ੍ਰੇਟਿਕ ਪਾਰਟੀ ਨੇ ਅਮਰੀਕਾ ਦੀਆਂ ਆਮ ਚੋਣਾਂ 'ਚ ਵੱਡੀ ਜਿੱਤ ਹਾਸਲ ਕੀਤੀ

ਹਾਲ ਹੀ ਵਿਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਡੈਮੋਕ੍ਰੈਟਸ ਨੇ ਜਿੱਤ ਹਾਸਿਲ ਕੀਤੀ ਹੈ। ਅਤੇ ਕਾਂਗਰਸ ਵਿੱਚ ਬਹੁਮਤ ਹਾਸਲ ਕਰ ਲਿਆ ਹੈ। ਆਮ ਤੌਰ 'ਤੇ ਇਨ੍ਹਾਂ ਚੋਣਾਂ ਵਿੱਚ ਮੌਜੂਦਾ ਰਾਸ਼ਟਰਪਤੀ ਦੀ ਪਾਰਟੀ ਦਾ ਪ੍ਰਦਰਸ਼ਨ ਖ਼ਰਾਬ ਰਹਿੰਦਾ ਹੈ, ਪਰ ਰਿਪਬਲਿਕਨ ਪਾਰਟੀ ਦੀ ਇਸ ਹਾਰ ਨੂੰ ਵੱਖਰੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਅਮਰੀਕੀ ਵੋਟਰ ਘਰੇਲੂ ਵਰਤੋਂ ਦੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਨਾਲ ਜੂਝ ਰਹੇ ਹਨ। ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਪਿਛਲੇ ਇੱਕ ਸਾਲ ਵਿੱਚ ਮਹਿੰਗਾਈ 3।7 ਫ਼ੀਸਦੀ ਵਧੀ ਹੈ। ਸਰਕਾਰੀ ਅੰਕੜਿਆਂ ਮੁਤਾਬਕ,



ਅਕਤੂਬਰ ਦੀ ਸ਼ੁਰੂਆਤ ਵਿੱਚ ਅਮਰੀਕਾ ਵਿੱਚ ਡੀਜ਼ਲ ਦੀ ਔਸਤ ਪ੍ਰਚੂਨ ਕੀਮਤ ਰਿਕਾਰਡ ਪੱਧਰ ਤੋਂ ਥੋੜ੍ਹੀ ਹੀ ਘੱਟ ਸੀ। ਸਤੰਬਰ ਵਿੱਚ ਇਸ ਦੀ ਕੀਮਤ 6.52 ਡਾਲਰ ਪ੍ਰਤੀ ਗੈਲਨ ਸੀ। ਵੋਟਰ ਸਰਵੇਖਣ ਦੇ ਅੰਕੜੇ ਦੱਸਦੇ ਹਨ ਕਿ ਲਗਭਗ 10 ਵਿੱਚੋਂ 8 ਵੋਟਰਾਂ, ਯਾਨੀ 79 ਫ਼ੀਸਦੀ ਨੇ ਕਿਹਾ ਕਿ ਮਹਿੰਗਾਈ ਕਾਰਨ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਿਛਲੇ ਸਾਲ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਸਰਵੇਖਣ ਵਿੱਚ 10 ਵਿੱਚੋਂ 6 ਤੋਂ ਵੱਧ ਲੋਕਾਂ ਨੇ ਇਸ ਦੇ ਲਈ ਟਰੰਪ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦਾ ਕਹਿਣਾ ਸੀ ਕਿ ਆਮ ਨਾਲੋਂ ਵੱਧ ਕੀਮਤਾਂ ਰਾਸ਼ਟਰਪਤੀ ਦੀਆਂ ਨੀਤੀਆਂ ਕਾਰਨ ਹਨ। ਵਧਦੀ ਮਹਿੰਗਾਈ ਦਾ ਇੱਕ ਵੱਡਾ ਕਾਰਨ ਈਰਾਨ ਨਾਲ ਜੰਗ ਹੈ। ਇਹ ਜੰਗ ਅਮਰੀਕਾ ਅਤੇ ਇਜ਼ਰਾਈਲ ਨੇ ਫਰਵਰੀ ਵਿੱਚ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਈਰਾਨ ਨੇ ਜਵਾਬੀ ਕਾਰਵਾਈ ਕਰਦਿਆਂ ਸਟ੍ਰੇਟ ਆਫ਼ ਹੋਰਮੁਜ਼ ਨੂੰ ਬੰਦ ਕਰ ਦਿੱਤਾ। ਇਸ ਕਾਰਨ ਈਂਧਨ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਗਈਆਂ। ਸਟ੍ਰੇਟ ਆਫ਼ ਹੋਰਮੁਜ਼ ਦੁਨੀਆ ਵਿੱਚ ਤੇਲ ਅਤੇ ਕੁਦਰਤੀ ਗੈਸ (ਐੱਲਐੱਨਜੀ) ਦੀ ਆਵਾਜਾਈ ਲਈ ਬੇਹੱਦ ਅਹਿਮ ਮਾਰਗ ਹੈ। ਉਦੋਂ ਤੋਂ ਅਮਰੀਕੀ ਵੋਟਰ ਪੈਟਰੋਲ ਪੰਪਾਂ 'ਤੇ ਇਸ ਦੀ ਕੀਮਤ ਚੁਕਾ ਰਹੇ ਹਨ। ਜੰਗ ਦਾ ਇਹ ਫ਼ੈਸਲਾ ਜ਼ਿਆਦਾਤਰ ਅਮਰੀਕੀਆਂ ਨੂੰ ਪਸੰਦ ਨਹੀਂ ਆਇਆ। ਟਰੰਪ ਦੇ 'ਮੇਕ ਅਮੈਰਿਕਾ ਗ੍ਰੇਟ ਅਗੇਨ' (ਮਾਗਾ) ਦੇ ਸਮਰਥਕ ਰਿਪਬਲਿਕਨਾਂ ਨੂੰ ਵੀ ਇਹ ਵਾਅਦਾ ਅਧੂਰਾ ਹੀ ਲੱਗਿਆ ਹੈ। 'ਅਮੈਰਿਕਾ ਫ਼ਸਟ' ਮੁਹਿੰਮ ਵਿੱਚ ਟਰੰਪ ਨੇ ਭਵਿੱਖ ਵਿੱਚ ਕੋਈ ਜੰਗ ਨਾ ਕਰਨ ਦਾ ਵਾਅਦਾ ਕੀਤਾ ਸੀ, ਪਰ ਅਜਿਹਾ ਨਹੀਂ ਹੋਇਆ। ਇੱਕ ਵੋਟਰ ਸਰਵੇਖਣ ਵਿੱਚ ਲਗਭਗ 10 ਵਿੱਚੋਂ 6, ਯਾਨੀ 63 ਫ਼ੀਸਦੀ ਲੋਕਾਂ ਨੇ ਕਿਹਾ ਕਿ ਈਰਾਨ ਖ਼ਿਲਾਫ਼ ਅਮਰੀਕਾ ਦੀ ਫ਼ੌਜੀ ਕਾਰਵਾਈ ਦਾ ਫ਼ੈਸਲਾ ਗ਼ਲਤ ਸੀ। ਇਸ ਤੋਂ ਇਲਾਵਾ, ਤਿੰਨ-ਚੌਥਾਈ ਵੋਟਰਾਂ, ਯਾਨੀ 74 ਫ਼ੀਸਦੀ ਨੇ ਕਿਹਾ ਕਿ ਇਹ ਵਿਵਾਦ ਕਾਂਗਰਸ ਲਈ ਉਨ੍ਹਾਂ ਦੀ ਵੋਟ ਦਾ ਇੱਕ ਅਹਿਮ ਜਾਂ ਵੱਡਾ ਕਾਰਨ ਸੀ। ਵੋਟਿੰਗ ਤੋਂ ਅਗਲੇ ਦਿਨ ਸਵੇਰੇ ਟਰੰਪ ਨੇ ਮੰਨਿਆ ਕਿ ਜੰਗ ਨੇ ਚੋਣਾਂ ਵਿੱਚ ਹਾਰ ਦਿਵਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਪਰ ਇਕ ਏਜੰਸੀ ਨੂੰ (ਬਾਕੀ ਸਫਾ 5 'ਤੇ ਦੇਖੋ)

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ ਆਧਾਰ
ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ
ਬੱਚਿਆਂ ਲਈ ਖਰਚਾ ਬੈਂਕਰਪਸੀ ਚੈਪਟਰ 7 ਅਤੇ ਚੈਪਟਰ 13 ਵਿਚ ਲੈਣਦਾਰ ਦੇ ਅਧਿਕਾਰ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

UNITED ALL SERVICES
DMV Services, TAX, Insurance, Real Estate
VIN VERIFICATION
Prachee Bhullar (Dir)
DRE#02163985
Prachee@uallss.com
510-400-6811
32210 Alvarado Blvd.
Union city, CA 94587

SURYA INDIAN CUISINE
SWEETS & SNACKS

ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ
ਸੰਪਰਕ ਕਰੋ:
669-275-2262, 408-892-2810
Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
408-905-3779


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

RAMANDEEP KAUR SOHAL
ATTORNEY
IMMIGRATION LAW, TRAFFIC LAW
JUSTICE, INTEGRITY, RESULTS
IMMIGRATION LAW
ASYLUM CASES
GREEN CARD APPLICATIONS
FAMILY PETITIONS
U VISA
VAWA
PASSPORT SERVICES
TRAFFIC LAW
DUI & DWI DEFENSE
SPEEDING & RECKLESS DRIVING
DRIVING WITH A SUSPENDED LICENSE
TRAFFIC TICKETS & POINT REDUCTION
CDL (COMMERCIAL DRIVER) VIOLATIONS
DMV ADMINISTRATIVE HEARINGS
+1 (650) 866-9084

ਪੰਜਾਬ ਵਿਚ ਮੁੜ ਪੈਰੀਂ ਹੋਣ ਲਈ ਜੋਰ ਲਗਾ ਰਹੀ ਕਾਂਗਰਸ



ਉਜਾਗਰ ਸਿੰਘ

ਪਰਗਟ ਸਿੰਘ ਦੇ ਪ੍ਰਧਾਨ ਬਣਨ ਤੋਂ ਬਾਅਦ ਮਾਲਵੇ ਦੇ ਕੇਂਦਰ ਬਿੰਦੂ ਸੰਗਰੂਰ ਜ਼ਿਲ੍ਹੇ ਦੇ ਪਿੰਡ ਫੱਗੂਵਾਲ ਵਿਖੇ ਕਾਂਗਰਸ ਵੱਲੋਂ ਕੀਤੀ ਗਈ ਰੈਲੀ ਦੇ ਬਹੁਤ ਵੱਡੇ ਸਿਆਸੀ ਮਾਅਨੇ ਹਨ। ਪਰਗਟ ਸਿੰਘ ਦੀ ਪਹਿਲੀ ਹੀ ਰੈਲੀ ਵਿਚ ਸਰਬ ਭਾਰਤੀ ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਸ਼ਾਮਲ ਹੋਣਾ ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਲਈ ਮਾਣ ਵਾਲੀ ਗੱਲ ਹੈ।

ਇਸ ਰੈਲੀ ਵਿਚ ਕਾਂਗਰਸ ਦੇ ਪ੍ਰਮੁੱਖ ਨੇਤਾਵਾਂ ਦੀ ਇਕਜੁੱਟਤਾ ਨੇ ਵੀ ਸਹੀ ਸੰਕੇਤ ਦਿੱਤੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦੀ ਕੁਰਸੀ ਦੇ ਚਾਹਵਾਨ ਨੇਤਾ ਆਪੋ-ਆਪਣੀ ਡਫਲੀ ਵਜਾਉਂਦੇ ਰਹਿੰਦੇ ਸਨ। ਇਸ ਰੈਲੀ ਵਿਚ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 2027 ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਅਪੀਲ ਕੀਤੀ ਜਿਸ ਦਾ ਪਾਰਟੀ ਦੇ ਵਰਕਰਾਂ 'ਤੇ ਚੰਗਾ ਪ੍ਰਭਾਵ ਪਿਆ ਹੈ। ਪਰਗਟ ਸਿੰਘ ਦੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣਨ ਨਾਲ ਕਾਂਗਰਸੀਆਂ ਵਿਚ ਆਸ ਦੀ ਕਿਰਨ ਪੈਦਾ ਹੋ ਗਈ ਹੈ ਕਿਉਂਕਿ ਉਹ ਢੁੱਕਵੇਂ ਸਮੇਂ 'ਤੇ ਮੌਕੇ ਦੀ ਨਜ਼ਾਕਤ ਅਨੁਸਾਰ ਹੀ ਬਿਆਨਬਾਜ਼ੀ ਕਰਦਾ ਹੈ।

ਉਹ ਬਹੁਤੀ ਬਿਆਨਬਾਜ਼ੀ ਨਹੀਂ ਕਰਦਾ, ਸਗੋਂ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਿਚ ਯਕੀਨ ਰੱਖਦਾ ਹੈ। ਪਰਗਟ ਸਿੰਘ ਦੂਸ਼ਣਬਾਜ਼ੀ ਦੀ ਥਾਂ ਮੁੱਦਿਆਂ 'ਤੇ ਗੱਲ ਕਰਦਾ ਹੈ। ਇਸ ਸਮੇਂ ਪੰਜਾਬ ਦੇ ਸਿਆਸਤਦਾਨ ਸਿਰਫ਼ ਦੂਸ਼ਣਬਾਜ਼ੀ 'ਤੇ ਹੀ ਜ਼ੋਰ ਦਿੰਦੇ ਹਨ। ਪਰਗਟ ਸਿੰਘ ਬਿਆਨਬਾਜ਼ੀ ਕਰਨ ਲਈ ਬਿਆਨ ਨਹੀਂ ਦਿੰਦਾ।

ਕਾਂਗਰਸ ਹਾਈ ਕਮਾਂਡ ਨੇ ਪਹਿਲੀ ਵਾਰ ਬੜੀ ਸਿਆਣਪ ਤੋਂ ਕੰਮ ਲਿਆ ਹੈ। ਉਸ ਦੇ ਪਰਗਟ ਸਿੰਘ ਨੂੰ ਪ੍ਰਧਾਨ ਬਣਾਉਣ ਦੇ ਫਾਰਮੂਲੇ ਨਾਲ 'ਸੱਪ ਵੀ ਮਰ ਗਿਆ ਤੇ ਸੋਟੀ ਵੀ ਬਚ ਗਈ' ਕਿਉਂਕਿ ਲੰਬੇ ਸਮੇਂ ਤੋਂ ਚੱਲ ਰਹੇ ਪੰਜਾਬ ਕਾਂਗਰਸ ਦੇ ਕਾਟੋ-ਕਲੇਸ਼ ਨੂੰ ਖ਼ਤਮ ਕਰਨ ਲਈ, ਮੁੱਖ ਮੰਤਰੀ ਦੀ ਕੁਰਸੀ ਦੇ ਚਾਹਵਾਨਾਂ ਨੂੰ ਅਣਡਿੱਠ ਕਰ ਕੇ ਇਕ ਬੇਦਾਗ ਅਤੇ ਨਿਰਵਿਵਾਦ ਸਪੋਰਟਸਮੈਨ ਤੋਂ ਸਿਆਸਤਦਾਨ ਬਣੇ ਪਰਗਟ ਸਿੰਘ ਨੂੰ ਪ੍ਰਧਾਨ ਬਣਾ ਕੇ 'ਇਕ ਤੀਰ ਨਾਲ ਦੋ ਨਿਸ਼ਾਨੇ' ਲਾ ਦਿੱਤੇ ਹਨ। ਭਾਵ ਦੋਵੇਂ ਧੜੇ ਚੁੱਪ ਕਰਾ ਦਿੱਤੇ ਗਏ ਹਨ।

ਪਰਗਟ ਸਿੰਘ ਕਿਸੇ ਧੜੇ ਨਾਲ ਸਬੰਧ ਨਹੀਂ ਰੱਖਦਾ। ਇਸ ਕਰਕੇ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਪਾਰਟੀ ਨੂੰ ਚੰਗੀ ਸੇਧ ਦੇ ਸਕੇਗਾ। ਹੈਰਾਨੀ ਤੇ ਪਰੇਸ਼ਾਨੀ ਇਸ ਗੱਲ ਦੀ ਹੈ ਕਿ ਹਾਲੇ ਮੁੱਖ ਮੰਤਰੀ ਦੀ ਕੁਰਸੀ ਖ਼ਾਲੀ ਹੀ ਨਹੀਂ, ਪ੍ਰੰਤੂ ਕਾਂਗਰਸੀ ਨੇਤਾ ਮੁੱਖ ਮੰਤਰੀ ਬਣਨ ਲਈ ਪਹਿਲਾਂ ਹੀ ਤਰਲੋਮੱਛੀ ਹੋ ਰਹੇ ਸਨ।

ਪਰਗਟ ਸਿੰਘ ਦੇ ਪ੍ਰਧਾਨ ਬਣਨ ਨਾਲ ਅਮਰਿੰਦਰ ਸਿੰਘ ਰਾਜਾ ਵੜਿੰਗ ਧੜਾ, ਇਸ ਗੱਲ ਤੋਂ ਖ਼ੁਸ਼ ਹੈ ਕਿ ਉਸ ਨੂੰ ਪ੍ਰਧਾਨਗੀ ਤੋਂ ਹਟਾਉਣ ਦੀ ਭੂਮਿਕਾ ਨਿਭਾਉਣ ਵਾਲੇ ਨੇਤਾ ਚਰਨਜੀਤ ਸਿੰਘ ਚੰਨੀ ਨੂੰ ਪ੍ਰਧਾਨ ਨਹੀਂ ਬਣਾਇਆ ਗਿਆ। ਚੰਨੀ ਦਾ ਧੜਾ ਇਸ ਲਈ ਸੰਤੁਸ਼ਟ ਹੋ ਗਿਆ ਕਿ ਉਹ ਵੜਿੰਗ ਨੂੰ ਪ੍ਰਧਾਨਗੀ ਤੋਂ ਲਾਹੁਣ ਵਿਚ ਸਫਲ ਹੋ ਗਏ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਰਕਰ ਜਿਹੜੇ ਪਾਰਟੀ ਦਾ ਧੁਰਾ ਹੁੰਦੇ ਹਨ, ਉਹ ਵੀ ਹੁਣ ਸੰਤੁਸ਼ਟ ਹੋਏ ਲੱਗਦੇ ਹਨ ਕਿਉਂਕਿ ਨਿੱਤ ਦੇ ਕਾਟੋ-ਕਲੇਸ਼ ਨਾਲ ਪੰਜਾਬ ਦੇ ਲੋਕਾਂ ਵਿਚ ਜਿਹੜਾ ਕਾਂਗਰਸੀਆਂ ਦੀ ਆਪਸੀ ਲੜਾਈ ਦਾ ਪ੍ਰਭਾਵ ਜਾ ਰਿਹਾ ਸੀ, ਉਹ ਖ਼ਤਮ ਹੋ ਗਿਆ ਹੈ, ਕਿਉਂਕਿ ਪ੍ਰਧਾਨ ਜਾਂ ਮੁੱਖ ਮੰਤਰੀ ਕੋਈ ਬਣ ਜਾਵੇ, ਜੇ ਝਗੜਾ ਰਹੇ ਤਾਂ ਪਾਰਟੀ ਦਾ ਕੇਡਰ ਮੁਸ਼ਕਲ ਸਥਿਤੀ ਵਿਚ ਆ ਜਾਂਦਾ ਹੈ ਕਿ ਉਹ ਕਿਸ ਧੜੇ ਨਾਲ ਜਾਵੇ।

ਪਰਗਟ ਸਿੰਘ ਸ਼ਾਂਤ ਸੁਭਾਅ ਤੇ ਸਬਰ-ਸੰਤੋਖ ਵਾਲੇ ਨੇਤਾ ਹਨ। ਉਹ ਤਾਂ ਪ੍ਰਧਾਨ ਬਣਨ ਦੀ ਦੌੜ ਵਿਚ ਹੀ ਸ਼ਾਮਲ ਨਹੀਂ ਸੀਨ। ਪਾਰਟੀ ਹਾਈ ਕਮਾਂਡ ਨੇ ਪਰਗਟ ਦੀ ਕਪਤਾਨੀ ਦੇ ਸਮੇਂ ਅਤੇ ਸਿਆਸਤ ਵਿਚ ਆਉਣ ਤੋਂ ਬਾਅਦ ਦੀ ਕਾਰਗੁਜ਼ਾਰੀ ਦਾ ਮੁੱਲ ਪਾਇਆ ਹੈ। ਸਪੋਰਟਸਮੈਨ ਹੋਣ ਕਰ ਕੇ ਉਹ ਨਾ ਤਾਂ ਆਪ ਅਨੁਸ਼ਾਸ਼ਨ ਭੰਗ ਕਰੇਗਾ ਅਤੇ ਨਾ ਹੀ ਕਿਸੇ ਨੂੰ ਅਨੁਸ਼ਾਸ਼ਨ ਭੰਗ ਕਰਨ ਦੀ ਆਗਿਆ ਦੇਵੇਗਾ। ਉਹ ਧੜੇਬੰਦੀ ਵਿਚ ਵਿਸ਼ਵਾਸ ਨਹੀਂ ਰੱਖਦਾ। ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ 'ਤੇ ਇਲਜ਼ਾਮ ਲੱਗ ਰਹੇ ਸਨ ਕਿ ਉਹ ਜ਼ਮੀਨੀ ਹਕੀਕਤਾਂ ਨੂੰ ਅਣਡਿੱਠ ਕਰ ਕੇ ਰਾਜਾ ਵੜਿੰਗ ਦੀ ਤਰਫ਼ਦਾਰੀ ਕਰ ਰਿਹਾ ਸੀ। ਪੰਜਾਬ ਮਾਮਲਿਆਂ ਦਾ ਨਵਾਂ ਇੰਚਾਰਜ ਸਚਿਨ ਪਾਇਲਟ ਨੂੰ ਬਣਾਉਣਾ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਈ ਹੈ। ਸਰਬ ਭਾਰਤੀ ਕਾਂਗਰਸ ਪਾਰਟੀ ਜਦੋਂ ਕਿਸੇ ਰਾਜ ਦਾ ਪ੍ਰਧਾਨ ਬਣਾਉਂਦੀ ਹੈ ਤਾਂ ਉਹ ਕੋਈ ਅਜਿਹਾ ਫਾਰਮੂਲਾ ਤਿਆਰ ਕਰਦੀ ਹੈ, ਜਿਹੜਾ ਜਾਤ-ਬਰਾਦਰੀ ਦੀਆਂ ਵੋਟਾਂ ਨੂੰ ਮੁੱਖ ਰੱਖ ਕੇ ਬਣਾਇਆ ਜਾਂਦਾ ਹੈ। ਪਾਰਟੀ ਫ਼ੈਸਲੇ ਵੀ ਸਰਕਾਰਾਂ ਦੀ ਤਰ੍ਹਾਂ ਲਮਕਾ ਕੇ ਕਰਦੀ ਹੈ ਜਿਵੇਂ ਸਰਕਾਰੀ ਦਫ਼ਤਰਾਂ ਵਿਚ ਫਾਈਲ ਬਾਬੂਆਂ ਤੋਂ ਸ਼ੁਰੂ ਹੋ ਕੇ ਅਧਿਕਾਰੀਆਂ ਦੇ ਮੇਜ਼ਾਂ 'ਤੇ ਗੇੜੇ ਖਾਂਦੀ ਰਹਿੰਦੀ ਹੈ। ਕਾਂਗਰਸ 'ਚ ਵੀ ਫਾਈਲ ਇਸੇ ਤਰ੍ਹਾਂ ਇਕ ਨੇਤਾ ਕੋਲੋਂ ਦੂਜੇ ਕੋਲ ਘੁੰਮਦੀ ਰਹਿੰਦੀ ਹੈ। ਦੇਰੀ ਹੋਣ ਨਾਲ ਪਾਰਟੀ ਦਾ ਨੁਕਸਾਨ ਹੁੰਦਾ ਹੈ। ਪੰਜਾਬੀ ਦੀ ਇਕ ਕਹਾਵਤ ਹੈ ਕਿ 'ਈਦ ਲੰਘੀ ਤੋਂ ਬਾਅਦ ਚੌਲ ਕੀ ਕਰਨੇ ਹੁੰਦੇ ਹਨ'। ਇਸ ਲਈ ਕੋਈ ਵੀ ਫ਼ੈਸਲਾ ਜੇ ਮੌਕੇ ਦੀ ਨਜ਼ਕਤ ਮੁਤਾਬਕ ਕੀਤਾ ਜਾਵੇ ਤਾਂ ਹੀ ਉਸ ਦੇ ਨਤੀਜੇ ਚੰਗੇ ਨਿਕਲਦੇ ਹਨ।

ਦੇਰੀ ਨਾਲ ਕੀਤੇ ਗਏ ਫ਼ੈਸਲੇ 'ਤੇ ਵੀ ਇਹ ਕਹਾਵਤ ਢੁੱਕਦੀ ਹੈ, 'ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ' ਭਾਵ ਸਹੀ ਸਮੇਂ ਦਾ ਫ਼ੈਸਲਾ ਹੀ ਠੀਕ ਹੁੰਦਾ ਹੈ। ਖ਼ਾਸ ਤੌਰ 'ਤੇ ਉਸ ਰਾਜ ਦਾ ਇੰਚਾਰਜ ਜਨਰਲ ਸਕੱਤਰ ਫਾਈਲ ਸ਼ੁਰੂ ਕਰਦਾ ਹੈ ਤੇ ਅਖ਼ੀਰ ਤੱਕ ਸੁਣੀ ਵੀ ਉਸੇ ਦੀ ਜਾਂਦੀ ਹੈ ਕਿਉਂਕਿ ਉਸ ਨੂੰ ਰਾਜ ਦੀ ਜ਼ਿੰਮੇਵਾਰੀ ਦਿੱਤੀ ਹੁੰਦੀ ਹੈ। ਜਿਹੜਾ ਨੇਤਾ ਪੰਜਾਬ ਵਿਚ ਜਨਰਲ ਸਕੱਤਰ ਦੀ ਚਾਪਲੂਸੀ ਜਾਂ ਕੋਈ ਹੋਰ ਢੰਗ ਵਰਤ ਕੇ ਸੁਪੋਰਟ ਲੈ ਲੈਂਦਾ ਹੈ, ਉਹੀ ਪ੍ਰਧਾਨ ਬਣਦਾ ਹੈ। ਇੰਚਾਰਜ ਜਨਰਲ ਸਕੱਤਰਾਂ ਦੀਆਂ ਚਾਰੇ ਉਂਗਲਾਂ ਘਿਉ ਵਿਚ ਹੁੰਦੀਆਂ ਹਨ, ਪਰ ਪਾਰਟੀ ਦਾ ਬੇੜਾ ਗ਼ਰਕ ਕਰ ਜਾਂਦੇ ਹਨ।

ਉਸ ਪ੍ਰਧਾਨ ਦੀ ਹਵਾ ਵੱਲ ਕੋਈ ਝਾਕ ਨਹੀਂ ਸਕਦਾ, ਜਿਸ ਨੂੰ ਇੰਚਾਰਜ ਜਨਰਲ ਸਕੱਤਰ ਦੀ ਹਮਾਇਤ ਹਾਸਲ ਹੁੰਦੀ ਹੈ। ਛੇਤੀ ਕੀਤਿਆਂ ਉਸ ਨੂੰ ਬਦਲਿਆ ਵੀ ਨਹੀਂ ਜਾ ਸਕਦਾ, ਜਿਵੇਂ ਪੰਜਾਬ ਵਿਚ ਪਾਰਟੀ ਦੇ ਨੇਤਾਵਾਂ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਲੰਬੇ ਸਮੇਂ ਤੋਂ ਬਦਲਣ ਦੀ ਮੰਗ ਕਰਨ ਦੇ ਬਾਵਜੂਦ ਫ਼ੈਸਲਾ ਬਹੁਤ ਦੇਰ ਨਾਲ ਆਇਆ ਹੈ।

'ਘਰ ਆਈ ਜੰਨ ਵਿੰਨ੍ਹੋ ਕੁੜੀ ਦੇ ਕੰਨ' ਵਾਲੀ ਕਹਾਵਤ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਨੂੰ ਵੀ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਹੀ ਬਦਲਿਆ ਸੀ। ਬਿਲਕੁਲ ਉਸੇ ਤਰ੍ਹਾਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਪਰਗਟ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ ਹੈ। ਕਾਂਗਰਸ ਦੇ ਨਵੇਂ-ਨਵੇਂ ਫਾਰਮੂਲੇ ਬਹੁਤੀ ਵਾਰ ਸਾਰਥਕ ਨਹੀਂ ਹੁੰਦੇ। ਭਾਵ ਉਸ ਦੇ ਨਤੀਜੇ ਵੋਟਾਂ ਦੇ ਨਤੀਜਿਆਂ 'ਤੇ ਕੋਈ ਅਸਰ ਨਹੀਂ ਪਾ ਸਕਦੇ। ਅਜਿਹੇ ਫਾਰਮੂਲੇ ਆਮ ਤੌਰ 'ਤੇ ਪਾਰਟੀ ਵਿਚ ਧੜੇਬੰਦੀ ਪੈਦਾ ਕਰ ਦਿੰਦੇ ਹਨ, ਪਰ ਇਸ ਵਾਰ ਪੰਜਾਬ ਵਿਚ 2027 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਜਿਸ ਫਾਰਮੂਲੇ ਅਧੀਨ ਪਰਗਟ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ ਹੈ, ਇਹ ਪਹਿਲੇ ਫਾਰਮੂਲਿਆਂ ਤੋਂ ਬਿਲਕੁਲ ਵੱਖਰਾ ਲੱਗਦਾ ਹੈ।

ਚੋਣਾਂ ਤੋਂ ਬਾਅਦ ਮੁਸ਼ਕਲ ਹੋ ਗਿਆ ਰਾਸ਼ਟਰਪਤੀ ਟਰੰਪ ਦਾ ਰਾਹ



ਹਰਸ਼ ਵੀ. ਪੰਤ

ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ੋਰਦਾਰ ਝਟਕਾ ਲੱਗਾ ਹੈ। ਉਨ੍ਹਾਂ ਦੀ ਵਿਰੋਧੀ ਡੈਮੋਕ੍ਰੈਟਿਕ ਪਾਰਟੀ ਅਮਰੀਕੀ ਸੰਸਦ ਯਾਨੀ ਕਾਂਗਰਸ ਦੇ ਦੋਵੇਂ ਸਦਨਾਂ-ਪ੍ਰਤੀਨਿਧੀ ਸਭਾ ਅਤੇ ਸੈਨੇਟ ਵਿਚ ਬਹੁਮਤ ਦੇ ਪੜਾਅ 'ਤੇ ਪੁੱਜ ਗਈ ਹੈ। ਚੋਣ ਨਤੀਜੇ ਟਰੰਪ ਪ੍ਰਸ਼ਾਸਨ ਨੂੰ ਰਵਾਇਤੀ ਸ਼ੀਸ਼ਾ ਦਿਖਾਉਣ ਨਾਲੋਂ ਜ਼ਿਆਦਾ ਉਸ ਨੂੰ ਸਖ਼ਤ ਫਿਟਕਾਰ ਲਾਉਣ ਵਰਗੇ ਹਨ। ਇਨ੍ਹਾਂ ਨਤੀਜਿਆਂ ਵਿਚ ਡੂੰਘੇ ਸੰਕੇਤ ਲੁਕੇ ਹੋਏ ਹਨ। ਟਰੰਪ ਦੀਆਂ ਮਨਮਰਜ਼ੀ ਵਾਲੀਆਂ ਟੈਰਿਫ ਨੀਤੀਆਂ ਕਾਰਨ ਵਧੀ ਮਹਿੰਗਾਈ ਕਾਰਨ ਜੀਵਨ-ਨਿਰਬਾਹ ਦੀ ਲਾਗਤ 'ਚ ਵਾਧਾ ਹੋਣ ਕਾਰਨ ਆਮ ਅਮਰੀਕੀ ਬੁਰੀ ਤਰ੍ਹਾਂ ਤੰਗ-ਪਰੇਸ਼ਾਨ ਹੋ ਗਏ ਸਨ। ਈਰਾਨ ਨਾਲ ਜੰਗ ਵੀ ਦੇਸ਼ ਅੰਦਰ ਬੇਚੈਨੀ ਵਧਾਉਣ ਵਾਲੀ ਸਿੱਧ ਹੋਈ। ਮੱਧਕਾਲੀ ਚੋਣਾਂ ਵਿਚ ਲੱਗੇ ਝਟਕੇ ਤੋਂ ਬਾਅਦ ਟਰੰਪ ਨੂੰ ਆਪਣੇ ਬਾਕੀ ਕਾਰਜਕਾਲ ਲਈ ਨਵੇਂ ਸਿਰਿ ਰਣਨੀਤੀ ਬਣਾਉਣੀ ਪਵੇਗੀ, ਕਿਉਂਕਿ ਹੁਣ ਉਨ੍ਹਾਂ ਸਾਹਮਣੇ ਸਿਆਸੀ ਚੁਣੌਤੀਆਂ ਵਧਣੀਆਂ ਤੈਅ ਹਨ।

ਅਮਰੀਕੀ ਸੰਸਦ 'ਤੇ ਡੈਮੋਕ੍ਰੈਟਾਂ ਦਾ ਕੰਟਰੋਲ ਟਰੰਪ ਦੇ ਘਰੇਲੂ ਏਜੰਡੇ ਨੂੰ ਕਮਜ਼ੋਰ ਕਰੇਗਾ। ਇਸ ਨਾਲ ਟੈਕਸ ਲਾਉਣ, ਸਰਕਾਰੀ ਖ਼ਰਚਿਆਂ ਦੀ ਮਨਜ਼ੂਰੀ ਅਤੇ ਵਿਧਾਨਕ ਕਦਮਾਂ ਨੂੰ ਲੈ ਕੇ ਟਕਰਾਅ ਵਧਣ ਦੀ ਸੰਭਾਵਨਾ ਹੈ। ਹਾਲਾਂਕਿ ਟਰੰਪ ਕੋਲ ਟੈਰਿਫ, ਸਿਹਤ ਸੇਵਾਵਾਂ ਅਤੇ ਇਮੀਗ੍ਰੇਸ਼ਨ ਬਾਰੇ ਆਪਣੀਆਂ ਨੀਤੀਆਂ ਲਈ ਕਾਰਜਕਾਰੀ ਅਧਿਕਾਰ ਅਤੇ ਵੀਟੋ ਦੀ ਤਾਕਤ ਤਾਂ ਰਹੇਗੀ, ਪਰ ਸੰਸਥਾਗਤ ਟਕਰਾਅ ਵਧਣ 'ਤੇ ਉਨ੍ਹਾਂ ਨੂੰ ਕਿਸੇ ਠੋਸ ਕਾਨੂੰਨੀ ਵਿਵਸਥਾ ਦੀ ਥਾਂ ਅਸਥਾਈ ਵਿੱਤੀ ਵਿਵਸਥਾਵਾਂ ਨਾਲ ਹੀ ਕੰਮ ਚਲਾਉਣਾ ਪਵੇਗਾ। ਟਰੰਪ ਪ੍ਰਸ਼ਾਸਨ ਲਈ ਸੰਸਦੀ ਕਸੌਟੀਆਂ ਵੀ ਹੋਰ ਸਖ਼ਤ ਹੋਣਗੀਆਂ ਜਿਨ੍ਹਾਂ ਵਿਚ ਕਾਰਜਕਾਰੀ ਸ਼ਕਤੀਆਂ ਦੀ ਦੁਰਵਰਤੋਂ, ਨੈਤਿਕ ਸਰੋਕਾਰਾਂ ਅਤੇ ਵਿਦੇਸ਼ੀ ਕਾਰੋਬਾਰੀ ਹਿੱਤਾਂ 'ਤੇ ਬਰੀਕੀ ਨਾਲ ਨਜ਼ਰ ਰੱਖੀ ਜਾਵੇਗੀ। ਜਦਕਿ, ਸੈਨੇਟ ਵਿਚ ਡੈਮੋਕ੍ਰੈਟਿਕ ਬਹੁਮਤ ਨਿਆਇਕ ਅਤੇ ਮੰਤਰੀ ਮੰਡਲ ਪੱਧਰ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਨੂੰ ਹੋਰ ਗੁੰਝਲਦਾਰ ਬਣਾ ਦੇਵੇਗਾ। ਆਪਣੇ ਬਾਕੀ ਰਹਿੰਦੇ ਕਾਰਜਕਾਲ ਵਿਚ ਟਰੰਪ ਨੂੰ ਆਪਣੀਆਂ ਤਰਜੀਹਾਂ ਅੱਗੇ ਵਧਾਉਣ ਦੀ ਬਜਾਏ ਆਪਣੇ ਤਮਾਮ ਫ਼ੈਸਲਿਆਂ ਦਾ ਬਚਾਅ ਕਰਨ ਲਈ ਹੀ ਆਪਣੀ ਜ਼ਿਆਦਾਤਰ ਸਿਆਸੀ ਪੂੰਜੀ ਲਾਉਣੀ ਪਵੇਗੀ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਮਰੀਕੀ ਰਾਸ਼ਟਰਪਤੀਆਂ ਨੂੰ ਘਰੇਲੂ ਮੋਰਚੇ 'ਤੇ ਵਿਧਾਨਕ ਵਿਰੋਧ ਕਾਰਨ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਨੇ ਵਿਦੇਸ਼ ਨੀਤੀ ਵਿਚ ਵਧੇਰੇ ਰਣਨੀਤਕ ਗੁੰਜਾਇਸ਼ ਲੱਭਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਇਸ ਮੋਰਚੇ 'ਤੇ ਉਨ੍ਹਾਂ ਦੀਆਂ ਕਾਰਜਕਾਰੀ ਸ਼ਕਤੀਆਂ ਕਾਫ਼ੀ ਵਿਆਪਕ ਹੁੰਦੀਆਂ ਹਨ। ਟਰੰਪ ਵੀ ਇਸੇ ਰਾਹ 'ਤੇ ਚੱਲ ਸਕਦੇ ਹਨ ਪਰ ਈਰਾਨ ਨਾਲ ਟਕਰਾਅ ਅਤੇ ਪੱਛਮੀ ਏਸ਼ੀਆ ਦੀ ਅਸਥਿਰਤਾ ਉਨ੍ਹਾਂ ਦੀ ਵਿਦੇਸ਼ ਨੀਤੀ ਨੂੰ ਵੀ ਮੁਕਾਬਲੇ ਦਾ ਨਵਾਂ ਅਖਾੜਾ ਬਣਾ ਸਕਦੀ ਹੈ। ਸੰਸਦ 'ਤੇ ਡੈਮੋਕ੍ਰੈਟਿਕ ਕੰਟਰੋਲ ਕਾਰਨ ਫ਼ੌਜੀ ਮੁਹਿੰਮਾਂ, ਉਨ੍ਹਾਂ ਦੇ ਵਿੱਤੀ ਬੋਝ ਅਤੇ ਰੱਖਿਆ ਮਕਸਦਾਂ ਦੀ ਕਿਤੇ ਜ਼ਿਆਦਾ ਸਖ਼ਤ ਨਿਗਰਾਨੀ ਦੇ ਆਸਾਰ ਵਧਣਗੇ। ਇਸ ਤੋਂ ਇਲਾਵਾ, ਮਹਿੰਗਾਈ ਦੀਆਂ ਚਿੰਤਾਵਾਂ ਦੌਰਾਨ ਟੈਰਿਫ ਨਾਲ ਜੁੜੀਆਂ ਸ਼ਕਤੀਆਂ ਦੀ ਇਕਤਰਫ਼ਾ ਵਰਤੋਂ ਨੂੰ ਲੈ ਕੇ ਵੀ ਟਰੰਪ ਪ੍ਰਸ਼ਾਸਨ ਨੂੰ ਸਖ਼ਤ ਚੁਣੌਤੀ ਮਿਲੇਗੀ।

ਅਮਰੀਕਾ ਦੇ ਸਹਿਯੋਗੀਆਂ ਤੋਂ ਲੈ ਕੇ ਵਰੋਧੀਆਂ ਤੱਕ-ਸਭ ਲਈ ਮੱਧਕਾਲੀ ਚੋਣਾਂ ਦੇ ਨਤੀਜੇ ਮਾਅਨੇ ਰੱਖਦੇ ਹਨ। ਬਦਲੇ ਹੋਏ ਸਿਆਸੀ ਦ੍ਰਿਸ਼ ਵਿਚ ਅਮਰੀਕੀ ਨੀਤੀ-ਨਿਰਮਾਣ 'ਚ ਅਸਥਿਰਤਾ ਹੋਰ ਵਧਣ ਦਾ ਖ਼ਦਸ਼ਾ ਹੈ। ਕਾਰਜਕਾਰੀ ਤਾਕਤ ਵਜੋਂ ਟਰੰਪ ਪ੍ਰਸ਼ਾਸਨ ਕੋਲ ਵਿਦੇਸ਼ੀ ਮਾਮਲਿਆਂ ਬਾਰੇ ਫ਼ੈਸਲੇ ਲੈਣ ਦੇ ਵਿਸ਼ੇਸ਼ ਅਧਿਕਾਰ ਤਾਂ ਕਾਇਮ ਰਹਿਣਗੇ ਪਰ ਸੰਸਦੀ ਅੜਿੱਕੇ ਕਾਰਨ ਉਨ੍ਹਾਂ ਦਾ ਪ੍ਰਭਾਵ ਜ਼ਰੂਰ ਪ੍ਰਭਾਵਿਤ ਹੋਵੇਗਾ। ਅਮਰੀਕਾ ਦੇ ਵਿਰੋਧੀ ਦੇਸ਼ ਇਸ ਸਥਿਤੀ ਦਾ ਲਾਹਾ ਲੈਣ ਦੇ ਮੌਕੇ ਲੱਭਣਗੇ। ਖ਼ਾਸ ਕਰਕੇ ਵਿਸ਼ਵ ਊਰਜਾ ਬਾਜ਼ਾਰ ਲਈ ਇਹ ਹਾਲਾਤ ਹੋਰ ਸੰਵੇਦਨਸ਼ੀਲ ਹੋਣਗੇ ਜਿੱਥੇ ਈਰਾਨ ਨਾਲ ਟਕਰਾਅ, ਪਾਬੰਦੀਆਂ ਦੀ ਨੀਤੀ ਅਤੇ ਫ਼ੌਜੀ ਭਾਗੀਦਾਰੀ 'ਤੇ ਸੰਸਦ ਦੀ ਸਖ਼ਤ ਨਿਗਰਾਨੀ ਦਾ ਮਿਲਿਆ-ਜੁਲਿਆ ਅਸਰ ਕੱਚੇ ਤੇਲ ਦੀਆਂ ਕੀਮਤਾਂ ਵਿਚ ਅਸਥਿਰਤਾ ਵਧਾ ਸਕਦਾ ਹੈ ਜਿਸ ਦਾ ਵਿਆਪਕ ਪ੍ਰਭਾਵ ਵਿਸ਼ਵ-ਵਿਆਪੀ ਮਹਿੰਗਾਈ 'ਤੇ ਪਵੇਗਾ। ਯੂਰਪੀ ਸਹਿਯੋਗੀਆਂ ਦੇ ਨਾਲ ਹੀ ਹਿੰਦ-ਪ੍ਰਸ਼ਾਂਤ ਖੇਤਰ ਦੇ ਸਹਿਯੋਗੀ ਦੇਸ਼ਾਂ ਲਈ ਡੈਮੋਕ੍ਰੈਟਸ ਦੀ ਵਧੀ ਤ

ਯੂਬਾ ਸਿਟੀ ਦੇ 47ਵੇਂ ਨਗਰ ਕੀਰਤਨ ’ਚ ਭਾਰੀ ਗਿਣਤੀ ’ਚ ਸੰਗਤ ਪਹੁੰਚੀ





ਯੂਬਾ ਸਿਟੀ ’ਚ ਹਰ ਸਾਲ ਦੀ ਤਰ੍ਹਾਂ ਐਤਕੀਂ 47ਵਾਂ ਨਗਰ ਕੀਰਤਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸਥਾਪਨਾ ਦਿਵਸ ਦੇ ਤੌਰ ’ਤੇ ਸਜਾਇਆ ਜਾਂਦਾ ਹੈ, ਵਿਚ ਐਤਕੀਂ ਸਭ ਤੋਂ ਚੰਗੀ ਗੱਲ ਇਹ ਹੋਈ ਤੇ ਕਾਰਾਂ ਪਾਰਕ ਕਰਨ ਲਈ ਗੁਰੂ ਘਰ ਦੇ ਸਾਹਮਣੇ ਵਾਲੀ ਪਾਰਕਿੰਗ ਵਿਚ ਦੋ ਹਜ਼ਾਰ ਤੋਂ ਵੀ ਵੱਧ ਕਾਰਾਂ ਖੜ੍ਹੀਆਂ ਕੀਤੀਆਂ ਜਾ ਸਕੀਆਂ। ਗੁਰੂ ਘਰ ਦੇ ਖੱਬੇ ਪਾਸੇ ਸੱਬਾ ਬਿਆਤਾ ਗੁਰੂ ਘਰ ਦੇ ਮੁੱਖ ਸੇਵਾਦਾਰ ਦੀ ਜ਼ਮੀਨ ਵਿਚ ਕਈ ਸੌ ਕਾਰ ਖੜ੍ਹੀ ਹੋ ਸਕੀ। ਗੁਰੂ ਘਰ ਦੇ ਪਿਛਲੇ ਪਾਸੇ ਵੀ ਵੱਡੀ ਪਾਰਕਿੰਗ ਭਰ ਗਈ ਤੇ ਬੱਸਾਂ ਦਾ ਇੰਤਜ਼ਾਮ ਇੰਨਾ ਕੀਤਾ ਗਿਆ ਕਿ ਕਿਸੇ ਵੀ ਸੰਗਤ ਮੈਂਬਰ ਨੂੰ ਬਹੁਤਾ ਇੰਤਜ਼ਾਰ ਨਹੀਂ ਕਰਨਾ ਪਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਚੱਲਣ ਵੇਲੇ ਹਰ ਸਾਲ ਦੀ ਤਰ੍ਹਾਂ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਐਤਕੀਂ ਇਸ ਨੂੰ ਸਿੱਧਾ ਪ੍ਰਸਾਰਣ ਰਾਹੀਂ ਵਿਖਾਉਣ ਲਈ Jas Punjabi T.V. ਵੀ ਪਹੁੰਚਿਆ ਤੇ ਪੂਰਾ ਹਫਤਾ ਭਰ ਸਾਰੇ ਨਗਰ ਕੀਰਤਨ ਨੂੰ ਵਿਖਾਇਆ ਤੇ ਪੰਜਾਬੀ ਰੇਡੀਓ ਯੂ. ਐਸ. ਏ. ਨੇ ਵੀ ਸਿੱਧਾ ਪ੍ਰਸਾਰਣ ਸੁਣਾਇਆ ਤੇ ਹੋਰ ਵੀ ਕਈ ਯੂ. ਟਿਊਬ ਚੈਨਲਾਂ ਤੇ ਪ੍ਰੋਗਰਾਮ ਵਿਖਾਏ ਗਏ। ਸੰਗਤ ਵੱਲੋਂ ਇੰਨੇ ਲੰਗਰ ਲਾਏ ਜਾਂਦੇ ਹਨ ਕਿ ਕਿਸੇ ਵੀ ਸਿੱਖ ਸੰਗਤ ਨੂੰ ਖਾਣ-ਪੀਣ ਵੱਲੋਂ ਕੋਈ ਘਾਟ ਨਹੀਂ ਸੀ। ਹਰ ਤਰ੍ਹਾਂ ਦੇ ਪਕਵਾਨ ਨਾਲ ਸੰਗਤਾਂ ਦੀਆਂ ਸੇਵਾਵਾਂ ਕੀਤੀਆਂ ਜਾਂਦੀਆਂ ਰਹੀਆਂ। ਪੁਲਿਸ ਤੇ ਸਕਿਉਰਟੀ ਦਾ ਬਹੁਤ ਹੀ ਵਧੀਆ ਇੰਤਜ਼ਾਮ ਕੀਤਾ ਹੋਇਆ ਸੀ।

ਹਰ ਸਾਲ ਦੀ ਤਰ੍ਹਾਂ ਗੁਰੂ ਘਰ ਦੇ ਬਾਹਰ ਸੜਕ ’ਤੇ ਹੀ ਇਕ ਵਿਸ਼ਾਲ ਲੰਗਰ ਲਾਇਆ ਜਾਂਦਾ ਹੈ। ਉਹਨਾਂ ਸੱਜਣਾਂ ’ਚ ਸ. ਰੌਣਕ ਸਿੰਘ ਜੋ ਅਮਰੀਕਾ ਵਿਚ ਅਕਾਲੀ ਦਲ ਦੇ ਪ੍ਰਧਾਨ ਰਹੇ, ਢਿੱਲੋਂ ਭਰਾ ਯੂਬਾ ਸਿਟੀ, ਧਾਮੀ ਸਾਹਿਬ ਲਾਈਵਓਕ, ਅਟਵਾਲ ਬ੍ਰਦਰਜ਼ (ਮਡੇਰਾ), ਸ. ਗੁਰਨਾਮ ਸਿੰਘ ਪੰਮਾ ਤੇ ਉਹਨਾਂ ਦੇ ਸਪੁੱਤਰ ਸੁਖਰਾਜ ਸਿੰਘ ਪੰਮਾ ਤੇ ਹੋਰ ਬਹੁਤ ਸਾਰੇ ਸੱਜਣਮਿਲ ਕੇ ਲੰਗਰ ਦੀ ਸੇਵਾ ਕਰਦੇ ਹਨ। ਖਾਸ ਕਰਕੇ ਮੱਕੀ ਦੀ ਰੋਟੀ ਤੇ ਸਾਗ ਇਹਨਾਂ ਵੱਲੋਂ ਬਹੁਤ ਸਾਲਾਂ ਤੋਂ ਸੰਗਤਾਂ ਲਈ ਤਿਆਰ ਕੀਤਾ ਜਾਂਦਾ ਹੈ।

ਅਸੀਂ ਸਾਰੇ ਆਉਣ ਵਾਲੇ ਸੱਜਣਾਂ, ਸੰਗਤਾਂ ਤੇ ਗੁਰੂ ਘਰ ਦੀ ਕਮੇਟੀ ਦਾ ਧੰਨਵਾਦ ਕਰਦੇ ਹਾਂ, ਜਿਹਨਾਂ ਬਹੁਤ ਹੀ ਸੁਚੱਜੇ ਢੰਗ ਨਾਲ ਸੰਗਤਾਂ ਲਈ ਹਰ ਪੱਖ ਤੋਂ ਸੇਵਾ ਨਿਭਾਈ।

ਏਸ਼ੀਅਨ ਚੈਂਪੀਅਨ (ਰੈਸਲਿੰਗ) ਗੁਰਮੀਤ ਸਿੰਘ ਨਿਝਰ ਨਾਲ ਮੁਲਾਕਾਤ

ਪਿਛਲੇ ਹਫਤੇ ਇਕ ਵਿਆਹ ਦੀ ਪਾਰਟੀ ’ਚ ਅਕਾਲੀ ਦਲ ਦੇ ਵੱਡੇ ਲੀਡਰ ਪਹੁੰਚੇ, ਜਿਹਨਾਂ ਵਿਚ ਦਰਸ਼ਨ ਸਿੰਘ ਧਾਲੀਵਾਲ, ਹਮਦਰਦ ਅਖ਼ਬਾਰ ਟਰਾਂਟੋ ਤੋਂ ਸ. ਅਮਰ ਸਿੰਘ ਭੁੱਲਰ ਤੇ ਹੋਰ ਬਹੁਤ ਸ਼ਖਸੀਅਤਾਂ ਪਹੁੰਚੀਆਂ। ਉਸੇ ਵਿਆਹ ਦੀ ਪਾਰਟੀ ’ਚ ਸਿਆਟਲ ਤੋਂ ਗੁਰਮੀਤ ਸਿੰਘ ਨਿਝਰ ਜੋ 1978 ਦੇ ਰੈਸਲਿੰਗ ’ਚੋਂ ਏਸ਼ੀਅਨ ਚੈਂਪੀਅਨਸ਼ਿਪ ’ਚ ਪਹਿਲੇ ਨੰਬਰ ’ਤੇ ਰਹੇ ਸਨ।



ਸ. ਗੁਰਮੀਤ ਸਿੰਘ ਨਿਝਰ ਹੁਰੀਂ 1972 ਤੋਂ 1978 ਤੱਕ ਲਾਇਲਪੁਰ ਖਾਲਸਾ ਕਾਲਜ ਤੋਂ ਪੜ੍ਹੇ ਹੋਏ ਹਨ। ਭਲਵਾਨ ਦੇ ਤੌਰ ’ਤੇ ਬਹੁਤ ਹੀ ਤਕੜੇ ਹਨ ਤੇ ਬਹੁਤ ਸਾਰੇ ਮੁਕਾਬਲੇ ਜਿੱਤ ਚੁੱਕੇ ਹਨ। ਗੁਰਮੀਤ ਸਿੰਘ ਨਿਝਰ ਹੁਰਾਂ ਦ ਨਾਲ ਸੈਨਹੋਜ਼ੇ ਗੁਰੂ ਘਰ ਦੀ ਕਮੇਟੀ ਤੋਂ ਸੁਰਜੀਤ ਸਿੰਘ ਬੈਂਸ, ਬਹਾਦਰ ਸਿੰਘ ਦਿਓਲ, ਮਹਿੰਗਾ ਸਿੰਘ ਸੰਧੂ (ਸਰਪੰਚ) (ਸੰਧੂ ਚੱਠਾ), ਮੰਗਲ ਸਿੰਘ ਭੰਡਾਲ ਤੇ ਰਾਜੂ ਸਿੰਘ ਵੀ ਇਸ ਵਿਆਹ ’ਚ ਸ਼ਾਮਲ ਹੋਏ।

ਗ੍ਰੀਸ ਦਾ ਨਵਾਂ ਗੁਰਦੁਆਰਾ ਨਿਰਮਾਣ ਲਈ ਮਦਦ ਦੀ ਲੋੜ



ਯੂਰਪੀਅਨ ਮੁਲਕ ਗ੍ਰੀਸ ਦੇ ਪੀਰਅਸ-ਏਥਨ ਸ਼ਹਿਰ ’ਚ ਪਹਿਲਾ ਗੁਰਦੁਆਰਾ ਸਾਹਿਬ ਖੁੱਲ੍ਹ ਗਿਆ ਹੈ। ਇਸ ਗੁਰੂ ਘਰ ਨੂੰ ਆਪਣੀ ਸਿੱਖ ਸੰਗਤ ਤੋਂ ਮਦਦ ਦੀ ਬਹੁਤ ਜ਼ਰੂਰਤ ਹੈ। ਦਾਨੀ ਸੱਜਣਾਂ ਤੇ ਸਿੱਖ ਸੰਗਤ ਅੱਗੇ ਅਪੀਲ ਹੈ ਕਿ ਹੇਠ ਲਿਖੇ ਨੰਬਰਾਂ ’ਤੇ ਤਿਲ-ਫੁਲ ਜੋ ਵੀ ਭੇਜ ਸਕਦੇ ਹੋ, ਉਹ ਜ਼ਰੂਰ ਭੇਜੋ ਤਾਂ ਕਿ ਸਿੱਖ ਧਰਮ ਦੇ ਨਿਸ਼ਾਨ ਸਾਹਿਬ ਗ੍ਰੀਸ ਦੇਸ਼ ’ਚ ਵੀ ਝੂਲ ਸਕਣ। ਮੰਗਲ ਸਿੰਘ ਹੁਰਾਂ ਨੇ ਯੂਬਾ ਸਿਟੀ ਨਗਰ ਕੀਰਤਨ ਵਿਚ ਪਿਛਲੇ ਹਫਤੇ ਸੰਗਤਾਂ ਅੱਗੇ ਅਪੀਲ ਕੀਤੀ ਹੈ।

ਸ. ਮੰਗਲ ਸਿੰਘ (ਗ੍ਰੀਸ ਵਾਲਿਆਂ) ਦਾ ਨੰਬਰ 0030 694 304 6278 ਜਾਂ ਮੁੱਖ ਸੇਵਾਦਾਰ ਸ. ਅਮਰਜੀਤ ਸਿੰਘ ਦਾ ਫੋਨ 0030 694 695 7441 ਤੇ ਹੋਰ ਜਾਣਕਾਰੀ ਲੈ ਸਕਦੇ ਹੋ।

ਆਪ ਦੇ 3 ਵਿਧਾਇਕ ਭਾਜਪਾ ਵਿਚ ਜਾ ਰਲੇ

ਆਪ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਸੋਮਵਾਰ ਨੂੰ ਦਿੱਲੀ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ। ਦੋਵਾਂ ਨੇ ਐਤਵਾਰ ਨੂੰ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਫਿਲਹਾਲ ਹਰਮੀਤ ਸਿੰਘ ਪਠਾਣਮਾਜਰਾ ਅਸਤੀਫ਼ਾ ਮਨਜ਼ੂਰ ਹੋ ਗਿਆ ਹੈ। ਚੇਤਨ ਸਿੰਘ ਜੌੜਾਮਾਜਰਾ ਸਮਾਣਾ ਤੋਂ ਜਦੋਂਕਿ ਹਰਮੀਤ ਸਿੰਘ ਪਠਾਣਮਾਜਰਾ ਸਨੌਰ ਤੋਂ ਵਿਧਾਇਕ ਹਨ।

ਭਾਜਪਾ 'ਚ ਸ਼ਾਮਿਲ ਹੋਣ ਮੌਕੇ ਹਰਮੀਤ ਸਿੰਘ ਪਠਾਨਮਾਜਰਾ ਨੇ ਕਿਹਾ ਸ਼ੁਰੂਆਤ 'ਚ ਆਮ ਆਦਮੀ ਪਾਰਟੀ ਨੇ ਬੜੇ ਚੰਗੇ ਵਿਚਾਰ ਦੱਸੇ ਸਨ ਤੇ ਫਿਰ ਸਰਕਾਰ ਵੀ ਬਣਾਈ ਪਰ "ਹੌਲੀ-ਹੌਲੀ ਇਨ੍ਹਾਂ ਨੇ ਜਿਹੜਾ ਵੀ ਬੰਦਾ ਬੋਲਦਾ ਸੀ ਉਸਦੇ ਖੰਭ ਵੱਢਣੇ ਸ਼ੁਰੂ ਕਰ ਦਿੱਤੇ।" ਆਮ ਆਦਮੀ ਪਾਰਟੀ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾਉਂਦਿਆਂ ਉਨ੍ਹਾਂ ਕਿਹਾ ਕਿ "ਅੱਜ ਸਾਡਾ ਮਕਸਦ ਪੰਜਾਬ 'ਚੋਂ ਨਸ਼ਾ ਅਤੇ ਭ੍ਰਿਸ਼ਟਾਚਾਰ ਖਤਮ ਕਰਨਾ ਹੈ।" ਚੇਤਨ ਸਿੰਘ ਜੋੜਾਮਾਜਰਾ ਨੇ ਵੀ ਸੂਬੇ 'ਚ ਵਧਦੇ ਅਪਰਾਧ ਦਾ ਜ਼ਿਕਰ ਕੀਤਾ। ਉਨ੍ਹਾਂ ਹਾਲ ਹੀ ਹੋਏ ਕਤਲਾਂ ਅਤੇ ਹੋਰ ਅਪਰਾਧਿਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੋਈ ਵੀ ਮੰਤਰੀ ਕਦੇ ਵੀ ਕਿਸੇ ਮੁੱਦੇ ਨੂੰ ਲੈਕੇ ਕੇਂਦਰ ਕੋਲ ਗਿਆ ਹੀ ਨਹੀਂ। ਉਨ੍ਹਾਂ ਸਰਕਾਰ ਵੱਲੋਂ ਚਲਾਈਆਂ ਗਈਆਂ ਸਕੀਮਾਂ 'ਤੇ ਵੀ ਸਵਾਲ ਚੁੱਕੇ। ਆਮ ਆਦਮੀ ਪਾਰਟੀ ਵੱਲੋਂ ਸ਼ਨੀਵਾਰ ਨੂੰ ਹੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਵਿੱਚ ਕੁੱਲ 40 ਉਮੀਦਵਾਰ ਸ਼ਾਮਿਲ ਹਨ ਅਤੇ ਇਹ ਸਾਰੇ ਮੌਜੂਦਾ ਵਿਧਾਇਕ ਹਨ। ਇਸ ਸੂਚੀ ਵਿੱਚ ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਦਾ ਨਾਂਅ ਸ਼ਾਮਿਲ ਨਹੀਂ ਹੈ।

CALIFORNIA
IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ਼ ਅਟਾਰਨੀ

Fremont Office: 2450 Peralta blvd unit 107 Fremont, CA 94536
Tracy Office: 1660 W Linnee Rd. Unit J 25, Tracy CA, 95377

ਸੰਪਾਦਕੀ

ਤੇਜ਼ੀ ਨਾਲ ਬਦਲ ਰਹੀ ਪੰਜਾਬ ਦੀ ਸਿਆਸਤ

ਪੰਜਾਬ ਵਿਚ ਚੋਣਾਂ ਦੇ ਵਾਜੇ-ਗਾਜੇ ਆਰੰਭ ਹੋ ਗਏ ਹਨ। ਸਿਆਸੀ ਪਾਰਟੀਆਂ ਆਪੋ-ਆਪਣੇ ਦਾਅ ਚੱਲਣ ਲੱਗ ਪਈਆਂ ਹਨ। ਕੁਝ ਦਿਨ ਪਹਿਲਾਂ ਅਕਾਲੀ ਦਲ ਅਤੇ ਭਾਜਪਾ ਦੇ ਗੱਠਜੋੜ ਦੀਆਂ ਕਨਸੋਆਂ ਚੱਲ ਰਹੀਆਂ ਸਨ ਪਰ ਹਾਲ ਹੀ ਵਿਚ ਆਏ ਸਰਵੇਖਣਾਂ ਨੇ ਅਕਾਲੀ ਦਲ ਲਈ ਸਮੱਸਿਆਵਾਂ ਹੋਰ ਵਧਾ ਦਿੱਤੀਆਂ ਹਨ। ਦੈਨਿਕ ਭਾਸਕਰ ਦੇ ਇਕ ਸਰਵੇਖਣ ਮੁਤਾਬਕ ਪੰਜਾਬ ਵਿਚ ਭਾਜਪਾ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ, ਜਦਕਿ ਕਾਂਗਰਸ ਆਪਣੀ ਮੁੱਖ ਮੰਤਰੀ ਦੀ ਦੌੜ ਵਿਚੋਂ ਫਿਲਹਾਲ ਨਹੀਂ ਨਿਕਲ ਸਕੀ, ਹਾਲਾਂਕਿ ਕਾਂਗਰਸ ਨੇ ਕਿਸੇ ਨੂੰ ਵੀ ਮੁੱਖ ਮੰਤਰੀ ਦਾ ਉਮੀਦਵਾਰ ਨਾ ਐਲਾਨਣ ਦਾ ਫੈਸਲਾ ਕੀਤਾ। ਇੱਧਰ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਪਹਿਲ ਕਰਦਿਆਂ ਆਪਣੇ 40 ਵਿਧਾਇਕਾਂ ਨੂੰ ਦੁਬਾਰਾ ਟਿਕਟਾਂ ਦੇ ਦਿੱਤੀਆਂ ਹਨ ਪਰ ਇਸ ਟਿਕਟ ਵੰਡ ਦੀ ਪ੍ਰਕਿਰਿਆ ਤੋਂ ਤੁਰੰਤ ਬਾਅਦ ਇਸ ਪਾਰਟੀ ਵਿਚ ਅੰਦਰੂਨੀ ਖਾਨਾਜੰਗੀ ਤੇਜ਼ੀ ਹੋ ਗਈ। ਇਸ ਪਾਰਟੀ ਦੇ 3 ਮੌਜੂਦਾ ਵਿਧਾਇਕ ਪਾਰਟੀ ਛੱਡ ਕੇ ਭਾਜਪਾ ਵਿਚ ਜਾ ਵੜੇ, ਇਸ ਤੋਂ ਬਾਅਦ ਪਾਰਟੀ ਦੀ ਸਮੱਸਿਆ ਹੋਰ ਵੱਧ ਗਈ। ਇੱਧਰ ਕਾਂਗਰਸ ਜੋ ਕਿ ਦਿੱਲੀ ਵਿਚ ਚੋਣ ਕਮਿਸ਼ਨ ਅਤੇ ਮੋਦੀ ਸਰਕਾਰ ਦੇ ਖਿਲਾਫ ਲੜਦੀ ਰਹੀ ਪਰ ਜਦੋਂ ਪੰਜਾਬ ਦੀ ਸਿਆਸੀ ਹਲਚਲ ਦਾ ਪਤਾ ਲੱਗਾ ਤਾਂ ਤੁਰੰਤ ਕਾਂਗਰਸ ਨੂੰ ਵੀ ਪੰਜਾਬ ਵਿਚ ਰੈਲੀਆਂ ਕਰਨ ਦਾ ਐਲਾਨ ਕਰ ਦਿੱਤਾ।

ਪੰਜਾਬ ਦੀ ਸਿਆਸਤ ਵਿਚ ਹਲਚਲ ਉਸ ਵਕਤ ਆਰੰਭ ਹੋਈ ਜਦੋਂ ਕੇਂਦਰੀ ਗ੍ਰਹਿ ਮੰਤਰੀ ਪੰਜਾਬ ਵਿਚ ਭਖੇ ਪਏ ਨਸ਼ੇ ਦੇ ਮੁੱਦੇ 'ਤੇ ਸੱਟ ਮਾਰਨ ਲਈ ਪੰਜਾਬ ਆ ਪਹੁੰਚੇ ਅਤੇ ਨਸ਼ਿਆਂ ਦਾ ਸ਼ਿਕਾਰ ਪਰਿਵਾਰਾਂ ਨਾਲ ਮੁਲਾਕਾਤ ਕਰ ਗਏ। ਹਾਲਾਂਕਿ ਇਸ ਤੋਂ ਪਹਿਲਾਂ ਭਾਜਪਾ ਨੇ ਪੰਜਾਬ ਵਿਚ ਨਸ਼ਿਆਂ ਖਿਲਾਫ ਇਕ ਮਾਰਚ ਵੀ ਕੱਢਿਆ ਸੀ, ਜੋ ਜਲੰਧਰ ਵਿਚ ਖਤਮ ਹੋਇਆ ਪਰ ਉਸ ਵਕਤ ਭਾਜਪਾ ਨੂੰ ਇੰਨੀ ਕਾਮਯਾਬੀ ਮਿਲਦੀ ਨਜ਼ਰ ਨਹੀਂ ਆ ਰਹੀ ਸੀ। ਹੁਣ ਅਚਾਨਕ ਨਸ਼ਿਆਂ ਅਤੇ ਗੈਂਗਵਾਰ ਦੀਆਂ ਅਚਾਨਕ ਵਧੀਆਂ ਘਟਨਾਵਾਂ ਤੋਂ ਬਾਅਦ ਭਾਜਪਾ ਨੂੰ ਮੌਕਾ ਮਿਲ ਗਿਆ। ਭਾਜਪਾ ਨੇ ਨਹਿਲੇ ਤੇ ਦਹਿਲਾ ਮਾਰਦਿਆਂ ਸੱਤਾਧਾਰੀ ਆਪ ਸਰਕਾਰ ਨੂੰ ਜਿਉਂ ਹੀ ਘੇਰਨ ਦੀ ਮੁਹਿੰਮ ਆਰੰਭ ਕੀਤੀ, ਕਾਂਗਰਸ ਨੂੰ ਆਪਣਾ ਕਿਲਾ ਦਰਕਦਾ ਨਜ਼ਰ ਆਉਣ ਲੱਗ ਪਿਆ।ਇਸ ਵਕਤ ਹਾਲਾਤ ਇਹ ਹਨ ਕਿ ਆਪ ਕੋਲ ਭਗਵੰਤ ਮਾਨ ਤੋਂ ਇਲਾਵਾ ਜ਼ਮੀਨੀ ਪੱਧਰ ਤੇ ਦਿਖਾਉਣ ਲਈ ਕੁਝ ਨਹੀਂ। ਕਾਂਗਰਸ ਵਿਚ ਮੁੱਖ ਮੰਤਰੀ ਦੀ ਦੌੜ ਭਾਰੂ ਹੈ, ਜਦਕਿ ਅਕਾਲੀ ਦਲ ਦੀ ਹਾਲਤ ਹਾਲੇ ਵੀ ਬਹੁਤ ਪਤਲੀ ਹੈ। ਸ਼ਾਇਦ ਇਸ ਕਾਰਨ ਭਾਜਪਾ ਅਕਾਲੀ ਦਲ ਨਾਲ ਚੋਣਾਂ ਤੋਂ ਪਹਿਲਾਂ ਗੱਠਜੋੜ ਕਰਨੋਂ ਡਰਦੀ ਹੈ।

ਜਿੱਥੋਂ ਤੱਕ ਪੰਜਾਬ ਦੀ ਮੌਜੂਦਾ ਸਿਆਸਤ ਦਾ ਸਵਾਲ ਹੈ ਪੰਜਾਬ ਅੱਜ ਫਿਰ ਨਸ ਿਆਂ ਦੀ ਮਾਰ, ਵਧਦੇ ਅਪਰਾਧ ਅਤੇ ਆਰਥਿਕ ਖੜੋਤ ਦਾ ਸ਼ਿਕਾਰ ਹੈ। ਇਹਨਾਂ ਮੁੱਦਿਆਂ ਨੂੰ ਕਿਹੜੀ ਪਾਰਟੀ ਸਹੀ ਤਰੀਕੇ ਨਾਲ ਉਠਾ ਕੇ ਪੰਜਾਬ ਵਾਸੀਆਂ ਦਾ ਭਰੋਸਾ ਹਾਸਲ ਕਰ ਸਕਦੀ ਹੈ, ਉਸ ਨੂੰ ਹੀ 2027 ਵਿਚ ਸੱਤਾ ਮਿਲੇਗੀ।

-ਬਲਬੀਰ ਸਿੰਘ ਐਮ ਏ

ਲੰਘੇ ਸਮੇਂ ਤੋਂ ਕਦੋਂ ਬਾਹਰ ਨਿਕਲੇਗਾ ਪੰਜਾਬ

ਇੰਦਰਪ੍ਰੀਤ ਸਿੰਘ

ਇੰਨੀ ਲੰਬੀ ਲੜਾਈ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬਾ ਮਿਲਿਆ, ਸੈਂਕੜੇ ਲੋਕਾਂ ਨੇ ਜਾਨਾਂ ਗਵਾਈਆਂ, ਹਜ਼ਾਰਾਂ ਜੇਲ੍ਹਾਂ 'ਚ ਗਏ, ਫਿਰ ਇਹ ਸਾਡੇ ਲਈ ਖੁਸ਼ੀ ਦੀ ਗੱਲ ਕਿਉਂ ਨਹੀਂ। 1966 ਵਿਚ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬਾ ਬਣਨ ਤੋਂ ਬਾਅਦ ਕੀ ਪੰਜਾਬ ਨੂੰ ਉਹ ਸਭ ਕੁਝ ਮਿਲ ਗਿਆ, ਜੋ ਕਿਸੇ ਸੂਬੇ ਕੋਲ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਰਾਜਧਾਨੀ, ਨਦੀਆਂ ਦਾ ਪਾਣੀ, ਪੰਜਾਬੀ ਬੋਲਦੇ ਇਲਾਕੇ ਕੀ ਸਾਨੂੰ ਮਿਲ ਗਏ। ਸੂਬਾ ਬਣਨ ਤੋਂ 60 ਸਾਲ ਬਾਅਦ ਵੀ ਅਸੀਂ ਇਨ੍ਹਾਂ ਤੋਂ ਵਾਂਝੇ ਹਾਂ। ਪੰਜਾਬੀ ਸੂਬਾ ਬਣਾਉਣ ਨੂੰ ਲੈ ਕੇ ਹੋਏ ਸੰਘਰਸ਼ 'ਤੇ ਵੀ ਕਈ ਬਹਿਸਾਂ ਛਿੜੀਆਂ ਹੋਈਆਂ ਹਨ।

ਮੈਨੂੰ ਯਾਦ ਹੈ ਕਿ 2012 ਵਿਚ ਵਿਧਾਨ ਸਭਾ 'ਚ ਇਸੇ ਵਿਸ਼ੇ 'ਤੇ ਬਹਿਸ ਹੋ ਰਹੀ ਸੀ ਤੇ ਵਿਰੋਧੀ ਧਿਰ ਦੇ ਕਾਂਗਰਸੀ ਆਗੂ ਕਹਿ ਰਹੇ ਸੀ ਕਿ ਜੇ ਅਕਾਲੀਆਂ ਨੇ ਸੱਤਾ 'ਚ ਆਉਣ ਦੇ ਲਾਲਚ ਕਾਰਨ ਇਹ ਮੋਰਚੇ ਨਾ ਲਾਏ ਹੁੰਦੇ ਤਾਂ ਅੱਜ ਪੰਜਾਬ ਦੀਆਂ ਸਰਹੱਦਾਂ ਦਿੱਲੀ ਦੀਆਂ ਬਰੂਹਾਂ ਤੱਕ ਹੁੰਦੀਆਂ, ਜਿਸ ਦਾ ਜਵਾਬ ਦਿੰਦਿਆਂ ਮਾਝੇ ਦੇ ਜਰਨੈਲ ਮੰਨੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਅਸੀਂ ਕਦੋਂ ਲੰਗੜਾ ਸੂਬਾ ਮੰਗਿਆ ਸੀ, ਅਸੀਂ ਤਾਂ ਅੱਜ ਵੀ ਲੜ ਰਹੇ ਹਾਂ ਕਿ ਹਰਿਆਣਾ 'ਚ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਸਾਨੂੰ ਦਿ ।

ਮੌਕਿਆਂ ਦੀ ਘਾਟ ਦਾ ਖੜ੍ਹਾ ਹੋ ਜਾਂਦਾ ਸਵਾਲ

ਖ਼ੈਰ! ਇਹ ਅੰਤਹੀਨ ਬਹਿਸ ਤਾਂ ਆਉਣ ਵਾਲੇ ਸਾਲਾਂ 'ਚ ਵੀ ਚੱਲਦੀ ਰਹੇਗੀ ਪਰ ਅੱਜ ਅਸੀਂ ਪੰਜਾਬ ਦੀ ਦਿਨੋਂ-ਦਿਨ ਨਿੱਘਰ ਰਹੀ ਹਾਲਤ ਤੇ ਉਸ 'ਚੋਂ ਨਿਕਲਣ ਲਈ ਗੱਲ ਕਰਾਂਗੇ ਪਰ ਦਿੱਕਤ ਇਹ ਹੈ ਕਿ ਪੰਜਾਬੀ ਅੱਜ ਵੀ ਆਪਣੇ ਅਤੀਤ 'ਚ ਹੀ ਜੀਅ ਰਹੇ ਹਨ। ਅਸੀਂ ਭਵਿੱਖ ਵੱਲ ਕੰਢ ਕਰ ਰੱਖੀ ਹੈ। ਗੁਰੂਆਂ-ਪੀਰਾਂ ਦੀ ਧਰਤੀ ਦਾ ਨਾਂ ਲੈ ਕੇ ਕਦੋਂ ਤੱਕ ਵਰਤਮਾਨ ਦੀਆਂ ਨਾਕਾਮੀਆਂ ਲੁਕਾਵਾਂਗੇ? ਕਦੇ ਦੇਸ਼ ਦਾ ਢਿੱਡ ਭਰਨ ਵਾਲਾ ਮਿਹਨਤ ਤੇ ਉੱਦਮ ਦੀ ਮਿਸਾਲ ਬਣਿਆ ਪੰਜਾਬ ਅੱਜ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ, ਕਿਸਾਨਾਂ ਨੂੰ ਖੁਸ਼ਹਾਲੀ ਤੇ ਉਦਯੋਗਾਂ ਨੂੰ ਭਰੋਸਾ ਦੇਣ ਲਈ ਕਿਉਂ ਜੂਝ ਰਿਹਾ ਹੈ? ਅਸੀਂ ਪੰਜਾਬੀ ਹਾਂ, ਸਾਨੂੰ ਆਪਣੇ ਇਤਿਹਾਸ 'ਤੇ ਮਾਣ ਹੈ। ਗੁਰੂਆਂ-ਪੀਰਾਂ ਦੀ ਧਰਤੀ, ਸ਼ਹਾਦਤਾਂ ਦੀ ਧਰਤੀ, ਬਹਾਦਰੀ ਦੀ ਧਰਤੀ, ਦੇਸ਼ ਦਾ ਢਿੱਡ ਭਰਨ ਵਾਲੀ ਧਰਤੀ। ਪੰਜਾਬ ਦਿਵਸ 'ਤੇ ਇਸ ਵਾਰ ਇਕ ਸਵਾਲ ਆਪਣੇ ਆਪ ਸਵਾਲ ਤਾਂ ਪੁੱਛਣਾ ਬਣਦਾ ਹੈ ਕਿ ਅਸੀਂ ਕਦੋਂ ਤੱਕ ਆਪਣੇ ਸੁਨਹਿਰੀ ਅਤੀਤ ਦੇ ਸਹਾਰੇ ਵਰਤਮਾਨ ਦੀਆਂ ਨਾਕਾਮੀਆਂ ਤੋਂ ਅੱਖਾਂ ਚੁਰਾਉਂਦੇ ਰਹਾਂਗੇ? ਜਿਸ ਧਰਤੀ ਨੇ ਸਾਨੂੰ ਕਿਰਤ ਕਰਨੀ ਸਿਖਾਈ, ਕੀ ਅਸੀਂ ਉਸ ਧਰਤੀ 'ਤੇ ਕਿਰਤ ਦੀ ਕਦਰ ਕਾਇਮ ਰੱਖ ਸਕੇ ਹਾਂ? ਜਿਸ ਪੰਜਾਬ ਦੇ ਕਿਸਾਨ ਨੇ ਦੇਸ਼ ਦੇ ਅਨਾਜ ਭੰਡਾਰ ਭਰੇ, ਕੀ ਅਸੀਂ ਉਸ ਦੀ ਅਗਲੀ ਪੀੜ੍ਹੀ ਲਈ ਖੇਤੀਬਾੜੀ ਨੂੰ ਸੁਰੱਖਿਅਤ ਤੇ ਲਾਹੇਵੰਦ ਬਣਾ ਸਕੇ ਹਾਂ? ਪੰਜਾਬ ਦੀ ਅਸਲ ਤਾਕਤ ਇਸ ਦੇ ਲੋਕਾਂ ਦੀ ਕੰਮ ਕਰਨ ਦੀ ਸਮਰੱਥਾ ਰਹੀ ਹੈ। ਪੰਜਾਬੀ ਦੁਨੀਆ ਦੇ ਕਿਸੇ ਵੀ ਕੋਨੇ 'ਚ ਚਲੇ ਜਾਣ, ਆਪਣੀ ਮਿਹਨਤ ਨਾਲ ਪਛਾਣ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਵਿਦੇਸ਼ਾਂ ਵਿਚ ਕਾਰੋਬਾਰ ਖੜ੍ਹੇ ਕਰਦੇ ਹਨ, ਖੇਤਾਂ 'ਚ ਕੰਮ ਕਰਦੇ ਹਨ, ਫੈਕਟਰੀਆਂ ਚਲਾਉਂਦੇ ਹਨ ਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ ਪਰ ਜਦੋਂ ਇਹੀ ਪੰਜਾਬੀ ਆਪਣੇ ਸੂਬੇ 'ਚ ਰਹਿ ਕੇ ਆਪਣਾ ਭਵਿੱਖ ਬਣਾਉਣ ਦੀ ਗੱਲ ਕਰਦੇ ਹਨ ਤਾਂ ਅਕਸਰ ਉਨ੍ਹਾਂ ਦੇ ਸਾਹਮਣੇ ਮੌਕਿਆਂ ਦੀ ਘਾਟ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ। ਇਹ ਵਿਰੋਧਾਭਾਸ ਸਮਝਣ ਦੀ ਲੋੜ ਹੈ। ਸਾਡੇ ਲੋਕਾਂ 'ਚ ਮਿਹਨਤ ਦੀ ਘਾਟ ਨਹੀਂ, ਫਿਰ ਸਾਡੇ ਸੂਬੇ 'ਚ ਮਿਹਨਤ ਨੂੰ ਫਲ ਦੇਣ ਵਾਲੇ ਮੌਕਿਆਂ ਦੀ ਘਾਟ ਕਿਉਂ ਹੈ?

ਸਿਆਸੀ ਸੋਚ 'ਚੋਂ ਲੱਭਣਾ ਪਵੇਗਾ ਜਵਾਬ

ਇਸ ਦਾ ਇਕ ਜਵਾਬ ਸਾਡੀ ਸਿਆਸੀ ਸੋਚ 'ਚੋਂ ਲੱਭਣਾ ਪਵੇਗਾ। ਸਾਲਾਂ ਤੋਂ ਚੋਣਾਂ ਵਿਚ ਮੁਫ਼ਤ ਬਿਜਲੀ, ਨਕਦ ਸਹਾਇਤਾ ਤੇ ਹੋਰ ਰਿਆਇਤਾਂ ਦੇ ਐਲਾਨ ਸਿਆਸੀ ਮੁਕਾਬਲੇ ਦਾ ਅਹਿਮ ਹਿੱਸਾ ਬਣੇ ਹੋਏ ਹਨ। ਗ਼ਰੀਬ ਤੇ ਲੋੜਵੰਦ ਪਰਿਵਾਰਾਂ ਨੂੰ ਰਾਹਤ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਜੇ ਸਰਕਾਰੀ ਨੀਤੀਆਂ ਦਾ ਕੇਂਦਰ ਲੋਕਾਂ ਨੂੰ ਰਾਹਤ ਦੇਣਾ ਤਾਂ ਬਣ ਜਾਵੇ ਪਰ ਉਨ੍ਹਾਂ ਦੀ ਆਮਦਨ ਵਧਾਉਣ, ਨਵੇਂ ਰੁਜ਼ਗਾਰ ਪੈਦਾ ਕਰਨ ਤੇ ਕਾਰੋਬਾਰ ਖੜ੍ਹੇ ਕਰਨ ਦੇ ਮੌਕੇ ਪੈਦਾ ਕਰਨ ਵੱਲ ਧਿਆਨ ਨਾ ਦਿੱਤਾ ਜਾਵੇ, ਤਾਂ ਇਹ ਵਿਕਾਸ ਦਾ ਪੂਰਾ ਮਾਡਲ ਨਹੀਂ ਹੋ ਸਕਦਾ। ਮਸਲਨ ਮੌਜੂਦਾ ਸਰਕਾਰ ਨੇ ਮਹਿਲਾਵਾਂ ਨੂੰ ਇਕ-ਇਕ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਹੈ। ਪਰ ਕੀ ਇਹੀ ਰਾਸ਼ੀ ਉਨ੍ਹਾਂ ਔਰਤਾਂ ਨੂੰ ਆਪਣੇ ਕੰਮ ਸ਼ੁਰੂ ਕਰਨ ਨਹੀਂ ਦਿੱਤੀ ਜਾਣੀ ਚਾਹੀਦੀ, ਜੋ ਆਪਣੇ ਪੈਰਾਂ 'ਤੇ ਹੀ ਖੜ੍ਹੀਆਂ ਹੀ ਨਹੀਂ ਹੋਣਾ ਚਾਹੁੰਦੀਆਂ ਸਗੋਂ ਚਾਹੁੰਦੀਆਂ ਨੇ ਕਿ ਉਹ ਆਪਣੇ ਵਰਗੀਆਂ ਔਰਤਾਂ ਨੂੰ ਵੀ ਰੁਜ਼ਗਾਰ ਦੇ ਸਕਣ।

ਪੰਜਾਬ ਨਾਲ ਹੋਏ ਧੱਕੇ ਦਾ ਹਿਸਾਬ ਵੀ ਹੋਵੇ, ਪਰ ਆਪਣੀਆਂ ਨਾਕਾਮੀਆਂ ਦਾ ਵੀ

ਇਹ ਕਹਿਣਾ ਪੰਜਾਬ ਦੇ ਇਤਿਹਾਸ ਨਾਲ ਬੇਇਨਸਾਫ਼ੀ ਹੋਵੇਗੀ ਕਿ ਸੂਬੇ ਦੀਆਂ ਸਾਰੀਆਂ ਸਮੱਸਿਆਵਾਂ ਲਈ ਪੰਜਾਬ ਦੀਆਂ ਆਪਣੀਆਂ ਸਰਕਾਰਾਂ ਹੀ ਜ਼ਿੰਮੇਵਾਰ ਹਨ। 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਪਾਣੀਆਂ ਦੀ ਵੰਡ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ ਤੇ ਕੇਂਦਰ-ਰਾਜ ਸਬੰਧਾਂ ਨਾਲ ਜੁੜੇ ਕਈ ਮਸਲੇ ਲੰਮੇ ਸਮੇਂ ਤੋਂ ਵਿਵਾਦ ਦਾ ਵਿਸ਼ਾ ਰਹੇ ਹਨ। ਪੰਜਾਬ ਨੇ ਇਨ੍ਹਾਂ ਮਸਲਿਆਂ 'ਤੇ ਆਪਣਾ ਪੱਖ ਰੱਖਿਆ ਹੈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਵੀ ਕੀਤਾ ਹੈ। ਇਸੇ ਤਰ੍ਹਾਂ ਗੁਆਂਢੀ ਸੂਬਿਆਂ ਨੂੰ ਮਿਲੀਆਂ ਉਦਯੋਗਿਕ ਰਿਆਇਤਾਂ ਤੇ ਟੈਕਸ ਛੋਟਾਂ ਨੂੰ ਲੈ ਕੇ ਪੰਜਾਬ 'ਚ ਇਹ ਚਿੰਤਾ ਰਹੀ ਹੈ ਕਿ ਇਸ ਨਾਲ ਸੂਬੇ ਦੇ ਉਦਯੋਗਾਂ ਦੀ ਮੁਕਾਬਲੇਬਾਜ਼ੀ ਪ੍ਰਭਾਵਿਤ ਹੋਈ। ਇਨ੍ਹਾਂ ਨੀਤੀਆਂ ਦੇ ਪ੍ਰਭਾਵ ਦਾ ਤੱਥਾਂ ਦੇ ਆਧਾਰ 'ਤੇ ਮੁਲਾਂਕਣ ਹੋਣਾ ਚਾਹੀਦਾ ਹੈ। ਪੰਜਾਬ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਸਿਰਫ਼ ਸਿਆਸੀ ਬਹਿਸ ਸਮਝ ਕੇ ਰੱਦ ਨਹੀਂ ਕੀਤਾ ਜਾ ਸਕਦਾ।

ਪਰ ਇੱਥੇ ਹੀ ਗੱਲ ਖ਼ਤਮ ਨਹੀਂ ਹੁੰਦੀ

ਕੀ ਅਸੀਂ ਪਿਛਲੇ ਕਈ ਦਹਾਕਿਆਂ 'ਚ ਖੇਤੀ 'ਤੇ ਨਿਰਭਰਤਾ ਘਟਾਉਣ ਲਈ ਕੋਈ ਠੋਸ ਤੇ ਲਗਾਤਾਰ ਰਣਨੀਤੀ ਅਪਣਾਈ? ਕੀ ਅਸੀਂ ਨਵੇਂ ਉਦਯੋਗਾਂ ਨੂੰ ਖਿੱਚਣ ਲਈ ਉਹੋ ਜਿਹਾ ਮਾਹੌਲ ਬਣਾਇਆ, ਜਿਹੋ ਜਿਹਾ ਮਾਹੌਲ ਨਿਵੇਸ਼ਕ ਹੋਰ ਸੂਬਿਆਂ 'ਚ ਲੱਭਦੇ ਹਨ? ਕੀ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਨੂੰ ਨਵੇਂ ਦੌਰ ਦੀਆਂ ਲੋੜਾਂ ਅਨੁਸਾਰ ਬਦਲਿਆ? ਕੀ ਸਾਡੀਆਂ ਸਰਕਾਰਾਂ ਨੇ ਚੋਣਾਂ ਤੋਂ ਪਰ੍ਹੇ ਦੇਖ ਕੇ ਅਗਲੇ ਪੰਜਾਹ ਸਾਲਾਂ ਦੇ ਪੰਜਾਬ ਬਾਰੇ ਸੋਚਿਆ? ਕੇਂਦਰ ਦੀਆਂ ਨੀਤੀਆਂ ਪੰਜਾਬ ਦੇ ਵਿਕਾਸ ਦੇ ਰਾਹ 'ਚ ਰੁਕਾਵਟ ਬਣੀਆਂ ਹੋ ਸਕਦੀਆਂ ਹਨ ਪਰ ਜੇ ਅਸੀਂ ਆਪਣੇ ਸੂਬੇ ਦੀਆਂ ਕਮਜ਼ੋਰੀਆਂ ਨੂੰ ਪਛਾਣਨ ਤੋਂ ਹੀ ਇਨਕਾਰ ਕਰ ਦੇਈਏ ਤਾਂ ਫਿਰ ਬਦਲਾਅ ਕੌਣ ਲਿਆਵੇਗਾ? ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਸਾਡਾ ਅਧਿਕਾਰ ਹੈ ਪਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਾ ਵੀ ਸਾਡਾ ਫ਼ਰਜ਼ ਹੈ।



ਅੰਕੜੇ ਵੀ ਪੁੱਛ ਰਹੇ ਹਨ ਸਵਾਲ

ਪੰਜਾਬ ਦੀ ਆਰਥਿਕਤਾ ਦਾ ਆਕਾਰ ਪਿਛਲੇ ਦਹਾਕੇ 'ਚ ਵਧਿਆ ਹੈ। ਮੌਜੂਦਾ ਕੀਮਤਾਂ 'ਤੇ ਸੂਬੇ ਦਾ ਕੁੱਲ ਘਰੇਲੂ ਉਤਪਾਦ 2015-16 ਵਿਚ ਲਗਪਗ 3.90 ਲੱਖ ਕਰੋੜ ਰੁਪਏ ਸੀ, ਜੋ 2024-25 ਵਿਚ ਵਧ ਕੇ ਲਗਪਗ 8.39 ਲੱਖ ਕਰੋੜ ਰੁਪਏ ਹੋ ਗਿਆ। ਪਹਿਲੀ ਨਜ਼ਰ 'ਚ ਇਹ ਵਾਧਾ ਵੱਡਾ ਦਿਖਾਈ ਦਿੰਦਾ ਹੈ ਪਰ ਇਸ 'ਚ ਮਹਿੰਗਾਈ ਦਾ ਅਸਰ ਵੀ ਸ਼ਾਮਲ ਹੈ। ਇਸ ਲਈ ਸਿਰਫ਼ ਆਰਥਿਕਤਾ ਦੇ ਆਕਾਰ ਨੂੰ ਦੇਖ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਨੇ ਆਪਣੀ ਅਸਲ ਉਤਪਾਦਕ ਸਮਰੱਥਾ ਵੀ ਉਸੇ ਰਫ਼ਤਾਰ ਨਾਲ ਵਧਾਈ ਹੈ। ਪ੍ਰਤੀ ਵਿਅਕਤੀ ਆਮਦਨ ਵੀ ਵਧੀ ਹੈ ਪਰ ਅਸਲ ਸਵਾਲ ਇਹ ਹੈ ਕਿ ਪੰਜਾਬ ਦੂਜੇ ਸੂਬਿਆਂ ਦੇ ਮੁਕਾਬਲੇ ਕਿੱਥੇ ਖੜ੍ਹਾ ਹੈ। ਜੇ ਸਾਡੀ ਆਮਦਨ ਵਧ ਰਹੀ ਹੈ ਪਰ ਹੋਰ ਸੂਬੇ ਉਸ ਤੋਂ ਤੇਜ਼ੀ ਨਾਲ ਅੱਗੇ ਨਿਕਲ ਰਹੇ ਹਨ ਤਾਂ ਸਾਨੂੰ ਆਪਣੀ ਵਿਕਾਸ ਰਣਨੀਤੀ ਦੀ ਸਮੀਖਿਆ ਕਰਨੀ ਪਵੇਗੀ।

ਕਰਜ਼ੇ ਦਾ ਬੋਝ ਹੈ ਵੱਡੀ ਚਿੰਤਾ

ਮਾਰਚ 2025 ਤੱਕ ਪੰਜਾਬ ਦੀਆਂ ਬਕਾਇਆ ਦੇਣਦਾਰੀਆਂ ਲਗਪਗ 3.78 ਲੱਖ ਕਰੋੜ ਰੁਪਏ ਦੇ ਪੱਧਰ 'ਤੇ ਸਨ, ਜੋ ਮਾਰਚ 2027 ਤੱਕ 4.47 ਲੱਖ ਕਰੋੜ ਰੁਪਏ ਦਾ ਹੋ ਜਾਵੇਗਾ। ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀ ਪਰ ਜੇ ਉਹ ਮਾਨਵ ਸਰੋਤਾਂ ਨੂੰ ਵਧਾਉਣ ਜਾਂ ਇਨਫ੍ਰਾਸਟੱਕਚਰ ਨੂੰ ਵਧਾਉਣ ਲਈ ਖ਼ਰਚ ਹੋ ਰਿਹਾ ਹੋਵੇ ਪਰ ਇਹ ਤਾਂ ਮੁਫ਼ਤਖੋਰੀ ਨੂੰ ਵਧਾਉਣ ਲਈ ਸਰਕਾਰਾਂ ਖ਼ਰਚ ਕਰ ਰਹੀਆਂ ਹਨ। ਇਸ ਲਈ ਕੋਈ ਇਕ ਪਾਰਟੀ ਜ਼ਿੰਮੇਵਾਰ ਨਹੀਂ ਹੈ ਸਗੋਂ ਸਾਰੀਆਂ ਦਾ ਹਾਲ ਇੱਕੋ ਜਿਹਾ ਹੈ। ਪੰਜਾਬ ਨੂੰ ਹੁਣ ਹਰ ਵੱਡੇ ਸਰਕਾਰੀ ਖ਼ਰਚੇ ਤੋਂ ਪਹਿਲਾਂ ਇਹ ਸਵਾਲ ਜ਼ਰੂਰ ਪੁੱਛਣਾ ਪਵੇਗਾ ਕਿ ਇਸ ਖ਼ਰਚੇ ਨਾਲ ਪੰਜ ਜਾਂ ਦਸ ਸਾਲਾਂ ਬਾਅਦ ਸੂਬੇ ਨੂੰ ਕੀ ਲਾਭ ਹੋਵੇਗਾ? ਕਿਉਂਕਿ ਕਰਜ਼ਾ ਅੱਜ ਲਿਆ ਜਾਂਦਾ ਹੈ ਪਰ ਉਸ ਦਾ ਬੋਝ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਚੁੱਕਣਾ ਪੈਂਦਾ ਹੈ।

(ਬਾਕੀ ਅਗਲੇ ਸਫੇ 'ਤੇ)

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the

ਵਿਚੋਲਗੀ - ਵੱਲੋਂ 'ਪਰਦੇਸ ਟਾਇਮਜ਼'

ਪਰਦੇਸ ਟਾਇਮਜ਼ ਤੁਹਾਡੇ ਧੀਆਂ-ਪੁੱਤਰਾਂ ਨੂੰ ਚੰਗਾ ਵਰ ਲੱਭਣ 'ਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਪੂਰੇ ਵੇਰਵੇ ਸਹਿਤ ਲਿਖ ਕੇ ਭੇਜੋ ਤੇ ਅਸੀਂ ਛਾਪ ਕੇ ਕੈਲੇਫੋਰਨੀਆ ਦੇ ਸਾਰੇ ਇਲਾਕਿਆਂ 'ਚ ਤੁਹਾਡਾ ਸੁਨੇਹਾ ਪਹੁੰਚਾਵਾਂਗੇ ਤੇ ਪਰਦੇਸ ਟਾਇਮਜ਼ ਦੀ website 'ਤੇ ਵੀ ਪਾਵਾਂਗੇ। ਫੀਸ- ਤਿੰਨ ਮਹੀਨੇ ਲਈ $ 300 ਜੋ ਪਹਿਲਾਂ ਭੇਜਣੇ ਹੋਣਗੇ।
Pay-in-Advance ਸੰਪਰਕ- **info@pardestimes** ਜਾਂ **510-938-7771**

ਵਰ ਦੀ ਲੋੜ

ਪੰਜਾਬੀ ਸਿੱਖ ਵੈਸ਼ਨੂੰ ਲੜਕੀ, ਵਰਕ ਪਰਮਿਟ ਤੇ ਕੈਲੇਫੋਰਨੀਆ 'ਚ ਆਰ. ਐਨ. ਨਰਸ (RN) ਦੇ ਤੌਰ 'ਤੇ ਕੰਮ ਕਰਦੀ, ਕੱਦ 5 ਫੁੱਟ 2 ਇੰਚ, ਉਮਰ 34 ਸਾਲ ਲਈ ਸਿਟੀਜ਼ਨ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦੇ ਪਰਿਵਾਰ ਵਿਚ ਮਾਤਾ ਤੇ ਭਰਾ ਵੀ ਹਨ ਜੋ ਇੱਥੇ ਹੀ ਚੰਗੀਆਂ ਨੌਕਰੀਆਂ ਕਰਦੇ ਹਨ।

ਹੋਰ ਜਾਣਕਾਰੀ ਲਈ:
916-579-1475

ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

ਡੈਮੋਕ੍ਰੇਟਿਕ ਪਾਰਟੀ ਨੇ ਅਮਰੀਕਾ ਦੀਆਂ ਆਮ ਚੋਣਾਂ 'ਚ ਵੱਡੀ ਜਿੱਤ ਹਾਸਲ ਕੀਤੀ

(ਸਫਾ 1 ਦੀ ਬਾਕੀ)

ਦਿੱਤੇ ਇੰਟਰਵਿਊ ਵਿੱਚ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਈਰਾਨ ਨੂੰ ਪਰਮਾਣੂ ਹਥਿਆਰ ਹਾਸਿਲ ਕਰਨ ਤੋਂ ਰੋਕਣ ਲਈ, ਦਖ਼ਲ ਦੇਣ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਹੋਰ ਰਸਤਾ ਨਹੀਂ ਸੀ। ਡੈਮੋਕ੍ਰੈਟਿਕ ਪਾਰਟੀ ਦੀ ਇਸ ਲਹਿਰ ਦਾ ਪੈਮਾਨਾ ਅਤੇ ਦਾਇਰਾ ਕੁਝ ਮਜ਼ਬੂਤ ਉਮੀਦਵਾਰਾਂ ਕਾਰਨ ਸੰਭਵ ਹੋ ਸਕਿਆ।

ਰਿਪਬਲਿਕਨ ਪਾਰਟੀ ਦੇ ਗੜ੍ਹ ਵਿੱਚ ਵੀ ਇਹ ਉਮੀਦਵਾਰ ਇਮਾਨਦਾਰ ਅਤੇ ਭਰੋਸੇਯੋਗ ਲੱਗੇ। ਉਹ ਵਧਦੀ ਮਹਿੰਗਾਈ ਅਤੇ ਸਿਹਤ ਸੇਵਾਵਾਂ ਤੱਕ ਸਾਰਿਆਂ ਦੀ ਪਹੁੰਚ ਵਰਗੇ ਮੁੱਦਿਆਂ 'ਤੇ ਕੇਂਦਰਿਤ ਰਹੇ। ਮੌਜੂਦਾ ਉਮੀਦਵਾਰ ਜੇਮਜ਼ ਤਾਲਾਰਿਕੋ ਅਤੇ ਪਾਦਰੀ ਐਡਮ ਹੈਮਿਲਟਨ ਨੇ ਲੋਕਾਂ ਨਾਲ ਜੁੜੇ ਮੁੱਦੇ ਚੁੱਕੇ, ਜਿਨ੍ਹਾਂ ਨੇ ਟੈਕਸਸ ਅਤੇ ਕੰਸਾਸ ਦੇ ਲੋਕਾਂ ਦੇ ਦਿਲਾਂ ਨੂੰ ਛੂਹਿਆ। ਦੱਖਣੀ ਕੈਰੋਲੀਨਾ ਵਿੱਚ ਡੈਮੋਕ੍ਰੈਟ ਐਨੀ ਐਂਡਰਿਊਜ਼ ਨੇ ਹੈਰਾਨੀਜਨਕ ਜਿੱਤ ਹਾਸਿਲ ਕੀਤੀ। ਉਹ ਪਹਿਲਾਂ ਬਾਲ ਰੋਗਾਂ ਦੇ ਮਾਹਿਰ ਰਹਿ ਚੁੱਕੇ ਹਨ। ਸਿਹਤ ਸੇਵਾਵਾਂ ਨੂੰ ਸਸਤਾ ਬਣਾਉਣ 'ਤੇ ਉਨ੍ਹਾਂ ਦੇ ਫੋਕਸ ਨੇ ਲੋਕਾਂ ਦਾ ਦਿਲ ਜਿੱਤ ਲਿਆ। ਇੱਥੇ ਬਹੁਤ ਸਾਰੇ ਲੋਕ ਮੌਜੂਦਾ ਵਿਵਸਥਾ ਨੂੰ ਗ਼ਲਤ ਮੰਨਦੇ ਹਨ। ਸਾਬਕਾ ਜਨਤਕ ਸਿਹਤ ਅਧਿਕਾਰੀ ਅਬਦੁਲ ਅਲ-ਸਈਦ ਨੇ ਮਿਸ਼ੀਗਨ ਵਿੱਚ ਜਿੱਤ ਹਾਸਿਲ ਕੀਤੀ ਅਤੇ ਇਹ ਸੀਟ ਡੈਮੋਕ੍ਰੈਟਿਕ ਪਾਰਟੀ ਕੋਲ ਹੀ ਬਰਕਰਾਰ ਰੱਖੀ। ਉਨ੍ਹਾਂ ਨੇ "ਸਿਆਸਤ ਵਿੱਚੋਂ ਪੈਸੇ ਦੀ ਭੂਮਿਕਾ ਖ਼ਤਮ ਕਰਨ" ਦੀ ਗੱਲ ਕਹੀ ਸੀ। ਜਾਰਜੀਆ ਵਿੱਚ ਡੈਮੋਕ੍ਰੈਟਿਕ ਸੈਨੇਟਰ ਜੌਨ ਓਸੌਫ਼ ਨੇ ਮੁੜ ਚੋਣ ਜਿੱਤੀ। ਉਨ੍ਹਾਂ ਨੇ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਇਆ। ਟਰੰਪ ਇਸ ਸੂਬੇ ਵਿੱਚ ਦੋ ਵਾਰ ਜਿੱਤ ਚੁੱਕੇ ਹਨ। 39 ਸਾਲਾ ਓਸੌਫ਼ ਦੀ ਇਸ ਆਸਾਨ ਜਿੱਤ ਨਾਲ 2028 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਨ੍ਹਾਂ ਦੇ ਉਮੀਦਵਾਰ ਬਣਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਛੇੜ ਦਿੱਤੀ ਹੈ। ਜਿਨ੍ਹਾਂ ਦੋ ਮੁੱਦਿਆਂ, ਯਾਨੀ ਵਧਦੀਆਂ ਕੀਮਤਾਂ ਅਤੇ ਈਰਾਨ ਜੰਗ ਨੂੰ ਲੈ ਕੇ ਵੋਟਰ ਸਭ ਤੋਂ ਵੱਧ ਨਾਰਾਜ਼ ਸਨ, ਉਹ ਸਿੱਧੇ ਤੌਰ 'ਤੇ ਰਾਸ਼ਟਰਪਤੀ ਟਰੰਪ ਨਾਲ ਜੁੜੇ ਹੋਏ ਸਨ। ਰਿਪਬਲਿਕਨ ਵੋਟਰਾਂ ਵਿੱਚ ਵੀ ਉਨ੍ਹਾਂ ਦੀ ਲੋਕਪ੍ਰਿਅਤਾ ਦੀ ਰੇਟਿੰਗ ਡਿੱਗ ਗਈ ਸੀ। ਇਸ ਕਾਰਨ 2024 ਵਿੱਚ ਜਿਨ੍ਹਾਂ ਸੂਬਿਆਂ ਵਿੱਚ ਉਨ੍ਹਾਂ ਦੀ ਜਿੱਤ ਹੋਈ ਸੀ, ਉੱਥੇ ਵੀ ਪਾਰਟੀ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ। ਆਪਣੇ ਸਮਰਥਕਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਟਰੰਪ ਨੇ ਵੋਟਰਾਂ ਨੂੰ ਕਿਹਾ ਕਿ ਉਹ ਇਹ ਮੰਨ ਕੇ ਚੱਲਣ ਕਿ ਉਹ ਖ਼ੁਦ ਚੋਣਾਂ ਵਿੱਚ ਉਮੀਦਵਾਰ ਹਨ। ਪਰ ਅਮਰੀਕੀ ਸਿਆਸਤ ਵਿੱਚ ਦਸ ਸਾਲ ਤੋਂ ਵੱਧ ਸਮੇਂ ਤੱਕ ਕੇਂਦਰ ਵਿੱਚ ਰਹਿਣ ਤੋਂ ਬਾਅਦ, ਹੁਣ ਕੁਝ ਲੋਕ ਇਨ੍ਹਾਂ ਨਤੀਜਿਆਂ ਨੂੰ ਇਸ ਗੱਲ ਦਾ ਸਬੂਤ ਮੰਨਦੇ ਹਨ ਕਿ ਟਰੰਪ ਦਾ ਅਕਸ ਧੁੰਦਲਾ ਪੈ ਰਿਹਾ ਹੈ। ਲੋਕਾਂ ਦੀ ਨਾਰਾਜ਼ਗੀ ਦੇ ਵਿਚਕਾਰ ਟਰੰਪ ਨੂੰ ਰਿਪਬਲਿਕਨ ਚੋਣ ਮੁਹਿੰਮ ਦਾ ਕੇਂਦਰ ਬਣਾਉਣਾ ਇੱਕ ਜੋਖ਼ਮ ਭਰਿਆ ਫ਼ੈਸਲਾ ਸੀ। ਲੱਗਦਾ ਹੈ ਕਿ ਇਹ ਦਾਅ ਉਲਟਾ ਪੈ ਗਿਆ। ਵੋਟਿੰਗ ਤੋਂ ਪਹਿਲਾਂ ਦੇ ਮਹੀਨਿਆਂ ਵਿੱਚ ਹੋਏ ਸਰਵੇਖਣਾਂ ਨੇ ਸੰਕੇਤ ਦਿੱਤਾ ਸੀ ਕਿ ਕਈ ਅਮਰੀਕੀ ਚਾਹੁੰਦੇ ਸਨ ਕਿ ਟਰੰਪ ਵਧਦੀਆਂ ਕੀਮਤਾਂ ਨੂੰ ਲੈ ਕੇ ਉਨ੍ਹਾਂ ਦੀਆਂ ਚਿੰਤਾਵਾਂ ਵੱਲ ਧਿਆਨ ਦੇਣ।

ਦੋ ਸਾਲ ਪਹਿਲਾਂ ਹੋਈਆਂ ਆਮ ਚੋਣਾਂ ਵਿੱਚ ਕੁਝ ਹਿਸਪੈਨਿਕ ਅਤੇ ਸਿਆਹਫਾਮ ਵੋਟਰਾਂ ਦਾ ਰੁਖ਼ ਰਿਪਬਲਿਕਨ ਪਾਰਟੀ ਵੱਲ ਹੋਣ ਕਾਰਨ ਟਰੰਪ ਨੂੰ ਫ਼ੈਸਲਾਕੁੰਨ ਜਿੱਤ ਹਾਸਿਲ ਕਰਨ ਵਿੱਚ ਮਦਦ ਮਿਲੀ ਸੀ। ਪਰ ਇਨ੍ਹਾਂ ਮਿਡਟਰਮ ਚੋਣਾਂ ਵਿੱਚ ਇਹ ਤਸਵੀਰ ਉਲਟ ਨਜ਼ਰ ਆ ਰਹੀ ਹੈ।

ਟੈਕਸਸ-ਮੈਕਸੀਕੋ ਸਰਹੱਦ ਨਾਲ ਲੱਗਦੇ ਜ਼ਿਆਦਾਤਰ ਹਿਸਪੈਨਿਕ ਆਬਾਦੀ ਵਾਲੇ ਜ਼ਿਲ੍ਹਿਆਂ ਵਿੱਚ ਡੈਮੋਕ੍ਰੈਟਸ ਨੇ ਹਾਊਸ ਦੀਆਂ ਤਿੰਨੇ ਸੀਟਾਂ ਜਿੱਤ ਲਈਆਂ। 'ਨਿਊਯਾਰਕ ਟਾਈਮਜ਼' ਦੇ ਇੱਕ ਵਿਸ਼ਲੇਸ਼ਣ ਮੁਤਾਬਕ, 2024 ਦੀਆਂ ਰਾਸ਼ਟਰਪਤੀ ਚੋਣਾਂ ਦੇ ਮੁਕਾਬਲੇ ਬਹੁਗਿਣਤੀ ਹਿਸਪੈਨਿਕ ਆਬਾਦੀ ਵਾਲੀਆਂ ਕਾਊਂਟੀਆਂ ਵਿੱਚ ਰਿਪਬਲਿਕਨ ਸੀਨੇਟ ਉਮੀਦਵਾਰਾਂ ਦੇ ਖ਼ਿਲਾਫ਼ 22 ਫ਼ੀਸਦੀ ਤੋਂ ਵੱਧ ਦਾ ਫ਼ਰਕ ਦੇਖਣ ਨੂੰ ਮਿਲਿਆ ਹੈ।

ਪਿਊ ਰਿਸਰਚ ਸੈਂਟਰ ਮੁਤਾਬਕ, 56 ਫ਼ੀਸਦੀ ਅਮਰੀਕੀਆਂ ਦੀ ਆਈਸੀਈ ਬਾਰੇ ਰਾਇ ਨਕਾਰਾਤਮਕ ਹੈ। ਜਿਨ੍ਹਾਂ ਇਲਾਕਿਆਂ ਵਿੱਚ ਸਿਆਹਫਾਮ ਭਾਈਚਾਰੇ ਦੀ ਆਬਾਦੀ ਜ਼ਿਆਦਾ ਹੈ, ਉੱਥੇ ਸੀਨੇਟ ਚੋਣਾਂ ਵਿੱਚ ਵੀ ਵੋਟਰਾਂ ਨੇ ਡੈਮੋਕ੍ਰੈਟਿਕ ਉਮੀਦਵਾਰਾਂ ਵੱਲ ਕਾਫ਼ੀ ਰੁਖ਼ ਕੀਤਾ। ਮਿਸਿਸਿਪੀ ਵਿੱਚ ਸੀਨੇਟ ਦੀ ਚੋਣ ਬੇਹੱਦ ਸਖ਼ਤ ਮੁਕਾਬਲੇ ਵਾਲੀ ਹੈ। ਉੱਥੇ ਅਮਰੀਕਾ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਵੱਧ, ਲਗਭਗ 37 ਫ਼ੀਸਦੀ ਸਿਆਹਫਾਮ ਵੋਟਰ ਹਨ।

ਲੰਘੇ ਸਮੇਂ ਤੋਂ ਕਦੋਂ ਬਾਹਰ ਨਿਕਲੇਗਾ ਪੰਜਾਬ

(ਸਫਾ 4 ਦੀ ਬਾਕੀ)

ਵਿਦੇਸ਼ ਜਾਣ ਦਾ ਰੁਝਾਨ

ਪੰਜਾਬ ਦੇ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ। ਹਰ ਸਾਲ ਹਜ਼ਾਰਾਂ ਨੌਜਵਾਨ ਬਿਹਤਰ ਭਵਿੱਖ ਦੀ ਆਸ 'ਚ ਆਪਣਾ ਘਰ-ਬਾਰ ਛੱਡ ਕੇ ਵਿਦੇਸ਼ਾਂ ਦਾ ਰੁਖ਼ ਕਰਦੇ ਰਹੇ ਹਨ। ਇਸ ਕਾਰਨ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਦੌੜ ਦੇਖਣ ਨੂੰ ਮਿਲਦੀ ਰਹੀ ਹੈ। ਸੂਬੇ 'ਚ ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਇਸ ਰੁਝਾਨ ਨੂੰ ਰੋਕਣ ਦੇ ਦਾਅਵੇ ਤਾਂ ਕਰਦੀਆਂ ਰਹੀਆਂ ਹਨ ਪਰ ਹਕੀਕਤ ਇਹ ਹੈ ਕਿ ਕੋਈ ਵੀ ਸਰਕਾਰ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਅਜਿਹਾ ਮਾਹੌਲ ਨਹੀਂ ਸਿਰਜ ਸਕੀ, ਜਿਸ 'ਚ ਉਨ੍ਹਾਂ ਨੂੰ ਆਪਣੇ ਭਵਿੱਖ ਦੀਆਂ ਸੰਭਾਵਨਾਵਾਂ ਪੰਜਾਬ 'ਚ ਹੀ ਦਿਖਾਈ ਦਿੰਦੀਆਂ।

ਹੁਣ ਵਿਦੇਸ਼ਾਂ ਵਿਚ ਬਦਲ ਰਹੇ ਹਾਲਾਤਾਂ ਕਾਰਨ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ 'ਚ ਕਮੀ ਆਉਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਕਈ ਦੇਸ਼ਾਂ 'ਚ ਪੜ੍ਹਾਈ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੁੜੀਆਂ ਮੁਸ਼ਕਲਾਂ, ਵਧਦੀ ਮਹਿੰਗਾਈ, ਸਖ਼ਤ ਹੋ ਰਹੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਰਹਿਣ-ਸਹਿਣ ਦੇ ਵਧਦੇ ਖ਼ਰਚਿਆਂ ਨੇ ਵਿਦੇਸ਼ ਜਾਣ ਦੀ ਯੋਜਨਾ ਬਣਾ ਰਹੇ ਨੌਜਵਾਨਾਂ ਨੂੰ ਮੁੜ ਸੋਚਣ ਲਈ ਮਜਬੂਰ ਕੀਤਾ ਹੈ। ਇਸ ਦੇ ਨਾਲ ਹੀ ਵਿਦੇਸ਼ਾਂ 'ਚ ਰਹਿ ਰਹੇ ਕੁਝ ਨੌਜਵਾਨ ਵੀ ਵਾਪਸ ਪੰਜਾਬ ਪਰਤ ਰਹੇ ਹਨ। ਪਰ ਇਸ ਬਦਲਾਅ ਦਾ ਸਿਹਰਾ ਪੰਜਾਬ ਦੀਆਂ ਸਰਕਾਰਾਂ ਨੂੰ ਦੇਣਾ ਸਹੀ ਨਹੀਂ ਹੋਵੇਗਾ। ਇਹ ਰੁਝਾਨ ਸਰਕਾਰਾਂ ਦੀਆਂ ਨੀਤੀਆਂ ਜਾਂ ਪੰਜਾਬ ਵਿਚ ਰੁਜ਼ਗਾਰ ਦੇ ਵਧੇ ਮੌਕਿਆਂ ਕਾਰਨ ਨਹੀਂ ਸਗੋਂ ਵਿਦੇਸ਼ਾਂ 'ਚ ਪੈਦਾ ਹੋਏ ਮਾੜੇ ਹਾਲਾਤਾਂ ਕਾਰਨ ਬਦਲ ਰਿਹਾ ਹੈ। ਜੇਕਰ ਪੰਜਾਬ ਵਿਚ ਰੁਜ਼ਗਾਰ, ਸਿੱਖਿਆ ਅਤੇ ਕਾਰੋਬਾਰ ਦੇ ਮੌਕੇ ਇੰਨੇ ਹੀ ਆਕਰਸ਼ਕ ਹੁੰਦੇ ਤਾਂ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੀ ਕਿਉਂ ਹੋਣਾ ਪੈਂਦਾ?

ਅਸਲ ਸਵਾਲ ਇਹ ਹੈ ਕਿ ਕੀ ਪੰਜਾਬ ਦੀਆਂ ਸਰਕਾਰਾਂ ਇਸ ਬਦਲਾਅ ਨੂੰ ਇਕ ਮੌਕੇ ਵਜੋਂ ਲੈਣਗੀਆਂ? ਵਿਦੇਸ਼ਾਂ ਤੋਂ ਵਾਪਸ ਆ ਰਹੇ ਨੌਜਵਾਨਾਂ ਦੇ ਹੁਨਰ ਤੇ ਤਜਰਬੇ ਦੀ ਵਰਤੋਂ ਕਰ ਕੇ ਸੂਬੇ ਵਿਚ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਇਸ ਲਈ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਸਿੱਖਿਆ ਪ੍ਰਣਾਲੀ ਨੂੰ ਰੁਜ਼ਗਾਰਮੁਖੀ ਬਣਾਉਣਾ ਤੇ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਸਹੂਲਤਾਂ ਦੇਣਾ ਜ਼ਰੂਰੀ ਹੈ। ਨੌਜਵਾਨਾਂ ਦਾ ਵਿਦੇਸ਼ ਜਾਣਾ ਘਟਣਾ ਆਪਣੇ ਆਪ 'ਚ ਪੰਜਾਬ ਦੀ ਸਫਲਤਾ ਨਹੀਂ ਹੈ। ਅਸਲ ਸਫਲਤਾ ਉਦੋਂ ਮਿਲੇਗੀ, ਜਦੋਂ ਨੌਜਵਾਨ ਆਪਣੀ ਮਰਜ਼ੀ ਨਾਲ ਪੰਜਾਬ ਵਿਚ ਰਹਿਣ ਅਤੇ ਇੱਥੇ ਹੀ ਆਪਣੇ ਸੁਪਨੇ ਪੂਰੇ ਕਰਨ ਦਾ ਭਰੋਸਾ ਮਹਿਸੂਸ ਕਰਨ।

ਸਰਕਾਰ ਦੀ ਜਵਾਬਦੇਹੀ ਸਭ ਤੋਂ ਵੱਧ

ਪੰਜਾਬ ਦੀ ਖੇਤੀ ਨੇ ਦੇਸ਼ ਨੂੰ ਅਨਾਜ ਦੀ ਕਮੀ ਵਿੱਚੋਂ ਕੱਢਣ 'ਚ ਇਤਿਹਾਸਕ ਭੂਮਿਕਾ ਨਿਭਾਈ ਪਰ ਇਸ ਸਫਲਤਾ ਨਾਲ ਇਕ ਅਜਿਹਾ ਖੇਤੀ ਮਾਡਲ ਵੀ ਮਜ਼ਬੂਤ ਹੋਇਆ, ਜਿਸ ਵਿਚ ਕਣਕ ਤੇ ਝੋਨੇ 'ਤੇ ਨਿਰਭਰਤਾ ਬਹੁਤ ਵਧ ਗਈ। ਅੱਜ ਇਸ ਮਾਡਲ ਦੀਆਂ ਹੱਦਾਂ ਸਪੱਸ਼ਟ ਹੋ ਰਹੀਆਂ ਹਨ। ਖੇਤੀ ਦੀ ਲਾਗਤ ਵਧ ਰਹੀ ਹੈ, ਪਾਣੀ ਦੇ ਸਰੋਤਾਂ 'ਤੇ ਦਬਾਅ ਹੈ ਤੇ ਕਿਸਾਨਾਂ ਦੀ ਆਮਦਨ ਨੂੰ ਲੈ ਕੇ ਚਿੰਤਾਵਾਂ ਹਨ। 2024 ਦੇ ਮੁਲਾਂਕਣ ਅਨੁਸਾਰ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ 156.87 ਫ਼ੀਸਦੀ ਸੀ। ਇਸ ਦਾ ਅਰਥ ਹੈ ਕਿ ਧਰਤੀ ਹੇਠੋਂ ਕੱਢੇ ਜਾ ਰਹੇ ਪਾਣੀ ਦੀ ਮਾਤਰਾ ਕੁਦਰਤੀ ਤੌਰ 'ਤੇ ਮੁੜ ਭਰਨ ਵਾਲੀ ਮਾਤਰਾ ਨਾਲੋਂ ਕਾਫ਼ੀ ਜ਼ਿਆਦਾ ਹੈ। ਇਹ ਸਿਰਫ਼ ਕਿਸਾਨ ਦਾ ਮਸਲਾ ਨਹੀਂ, ਇਹ ਪੰਜਾਬ ਦੀ ਅਗਲੀ ਪੀੜ੍ਹੀ ਦੇ ਪਾਣੀ, ਖੇਤੀ ਤੇ ਆਰਥਿਕ ਸੁਰੱਖਿਆ ਦਾ ਸਵਾਲ ਹੈ ਪਰ ਕਿਸਾਨ ਨੂੰ ਹੀ ਇਸ ਸੰਕਟ ਲਈ ਜ਼ਿੰਮੇਵਾਰ ਠਹਿਰਾ ਕੇ ਗੱਲ ਨਹੀਂ ਮੁੱਕ ਸਕਦੀ। ਜਦੋਂ ਸਰਕਾਰੀ ਖ਼ਰੀਦ, ਬਾਜ਼ਾਰ ਤੇ ਨੀਤੀਆਂ ਨੇ ਇਕ ਖ਼ਾਸ ਫ਼ਸਲੀ ਚੱਕਰ ਨੂੰ ਉਤਸ਼ਾਹਿਤ ਕੀਤਾ ਹੋਵੇ ਤਾਂ ਇਸ ਨੂੰ ਬਦਲਣ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੈ। ਪੰਜਾਬ ਵਿਚ ਕਣਕ ਦੀ ਪ੍ਰੋਸੈਸਿੰਗ ਦੇ ਨਾਂ 'ਤੇ ਸਿਰਫ਼ ਬਰੈਂਡ ਹੀ ਬਣ ਰਹੀ ਹੈ, ਜਦੋਂਕਿ ਦੱਖਣੀ ਰਾਜ ਜਿੱਥੇ ਕਣਕ ਨਹੀਂ ਹੁੰਦੀ, ਉਹ ਵੀ ਕਣਕ ਤੇ ਚੌਲ ਨੂੰ ਪ੍ਰੋਸੈੱਸ ਕਰ ਕੇ ਇਡਲੀ ਰਵਾ ਵਰਗੀਆਂ ਆਇਟਮਾਂ ਬਣਾ ਰਹੇ ਹਨ ਤੇ ਉੱਤਰੀ ਸੂਬਿਆਂ 'ਚ ਭੇਜ ਰਹੇ ਹਨ। ਕੀ ਸਾਡੀਆਂ ਸਰਕਾਰਾਂ ਇਨ੍ਹਾਂ ਆਇਟਮਾਂ ਨੂੰ ਪ੍ਰੋਤਸ਼ਾਹਿਤ ਨਹੀਂ ਕਰ ਸਕਦੀਆਂ ਸੀ। ਇਸ ਦੇ ਨਾਲ ਹੀ ਉਦਯੋਗਪਤੀਆਂ, ਕਿਸਾਨ ਜਥੇਬੰਦੀਆਂ, ਸਿੱਖਿਆ ਸੰਸਥਾਵਾਂ ਤੇ ਸਮੁੱਚੇ ਸਮਾਜ ਨੂੰ ਵੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਪੰਜਾਬ ਦੀ ਤਰੱਕੀ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ ਪਰ ਸਰਕਾਰ ਦੀ ਜਵਾਬਦੇਹੀ ਸਭ ਤੋਂ ਵੱਧ ਹੈ ਕਿਉਂਕਿ ਸੂਬੇ ਦੀਆਂ ਨੀਤੀਆਂ ਘੜਨ ਤੇ ਸਰੋਤਾਂ ਦੀ ਸਹੀ ਦਿਸ਼ਾ ਤੈਅ ਕਰਨ ਦੀ ਮੁੱਖ ਜ਼ਿੰਮੇਵਾਰੀ ਉਸੇ ਦੀ ਹੈ।

ਖ਼ੁਦ ਨੂੰ ਪੁੱਛੀਏ ਇਕ ਸਵਾਲ

ਅਸੀਂ ਹਰ ਸਾਲ ਆਪਣੇ ਇਤਿਹਾਸ ਨੂੰ ਯਾਦ ਕਰਦੇ ਹਾਂ। ਸਾਨੂੰ ਕਰਨਾ ਵੀ ਚਾਹੀਦਾ ਹੈ ਪਰ ਇਤਿਹਾਸ ਸਾਨੂੰ ਸਿਰਫ਼ ਮਾਣ ਕਰਨ ਲਈ ਨਹੀਂ ਮਿਲਿਆ, ਉਹ ਸਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਵੀ ਹੈ। ਜੇ ਗੁਰੂਆਂ ਨੇ ਕਿਰਤ ਦੀ ਮਹੱਤਤਾ ਦੱਸੀ ਤਾਂ ਸਾਡੇ ਸਮਾਜ 'ਚ ਕਿਰਤ ਦੀ ਕਦਰ ਕਿਉਂ ਨਾ ਹੋਵੇ? ਜੇ ਸਾਡੇ ਪੁਰਖਿਆਂ ਨੇ ਮੁਸ਼ਕਲਾਂ ਦੇ ਬਾਵਜੂਦ ਰਾਹ ਬਣਾਏ ਤਾਂ ਅਸੀਂ ਅੱਜ ਆਪਣੀਆਂ ਆਰਥਿਕ ਮੁਸ਼ਕਲਾਂ ਦਾ ਹੱਲ ਕਿਉਂ ਨਾ ਲੱਭੀਏ? ਕੇਂਦਰ ਨਾਲ ਹੱਕਾਂ ਦੀ ਲੜਾਈ ਜਾਰੀ ਰਹੇ। ਪੰਜਾਬ ਦੇ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਤੇ ਆਰਥਿਕ ਹਿੱਤਾਂ ਦੀ ਗੱਲ ਵੀ ਹੁੰਦੀ ਰਹੇ ਪਰ ਇਸ ਦੇ ਨਾਲ ਆਪਣੀਆਂ ਸਰਕਾਰਾਂ ਤੋਂ ਸਵਾਲ ਪੁੱਛਣੇ, ਆਪਣੀਆਂ ਤਰਜੀਹਾਂ ਬਦਲਣੀਆਂ ਤੇ ਆਪਣੀਆਂ ਕਮਜ਼ੋਰੀਆਂ ਦੂਰ ਕਰਨਾ ਵੀ ਜਾਰੀ ਰਹੇ। ਕਿਉਂਕਿ ਪੰਜਾਬ ਨੂੰ ਪਿੱਛੇ ਰੱਖਣ ਵਾਲੀਆਂ ਸਾਰੀਆਂ ਰੁਕਾਵਟਾਂ ਸ਼ਾਇਦ ਸਾਡੇ ਵੱਸ 'ਚ ਨਾ ਹੋਣ ਪਰ ਪੰਜਾਬ ਨੂੰ ਅੱਗੇ ਲਿਜਾਣ ਲਈ ਆਪਣੇ ਹੱਥੀਂ ਕੀਤੇ ਜਾਣ ਵਾਲੇ ਫ਼ੈਸਲੇ ਤਾਂ ਸਾਡੇ ਵੱਸ 'ਚ ਹਨ। ਇਸ ਪੰਜਾਬ ਦਿਵਸ 'ਤੇ ਸਾਨੂੰ ਆਪਣੇ ਸ

ਨੇਕ ਸਲਾਹ



ਡਾਕਟਰ ਅਜੀਤ ਸਿੰਘ ਕੋਟਕਪੂਰਾ
dr.singhajit@gmail.com>

ਮਨੁੱਖ ਦੇ ਜੀਵਨ ਅੰਦਰ ਖੁਸ਼ੀਆਂ ਅਤੇ ਗ਼ਮੀਆਂ ਦੋਵੇਂ ਹੀ ਹੋਇਆ ਕਰਦੀਆਂ ਹਨ ਅਰਥਾਤ ਇਹ ਜੀਵਨ ਖੁਸ਼ੀਆਂ ਅਤੇ ਗਮੀਆਂ ਦਾ ਸੁੰਦਰ ਸੁਮੇਲ ਹੈ। ਇਹ ਜੀਵਨ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ ਹੈ। ਕਦੇ ਸੁਖ ਆ ਦਾ ਹੈ ਅਤੇ ਕਦੇ ਦੁੱਖ। ਜੇ ਕਰ ਜੀਵਨ ਅੰਦਰ ਕੋਈ ਜਿੱਤ ਪ੍ਰਾਪਤ ਹੁੰਦੀ ਹੈ ਤਾਂ ਕਦੇ ਹਾਰ ਦਾ ਮੂੰਹ ਵੀ ਤੱਕਣਾ ਪੈਂਦਾ ਹੈ। ਸਾਡਾ ਇਹ ਰਾਹ ਕਦੇ ਕੰਡਿਆਂ ਨਾਲ ਭਰਪੂਰ ਹੁੰਦਾ ਹੈ ਅਤੇ ਕਦੇ ਇਹੋ ਹੀ ਰਾਹ ਪੱਧਰਾ ਹੁੰਦਾ ਹੈ। ਜਿਹੜੇ ਲੋਕ ਖੁਸ਼ ਦਿਲ ਸਕਾਰਤਮਕ ਸੋਚ ਵਾਲੇ ਅਤੇ ਹੌਂਸਲੇ ਵਾਲੇ ਹੁੰਦੇ ਹਨ ਉਨ੍ਹਾਂ ਦੇ ਜੀਵਨ ਵਿਚ ਸਾਂਝਾਂ,ਰੌਣਕਾਂ ਅਤੇ ਖੁਸ਼ੀਆਂ ਦੇ ਮੌਕੇ ਅਤੇ ਤਰੱਕੀ ਦੇ ਮੌਕੇ ਵਧੇਰੇ ਹੋਇਆ ਕਰਦੇ ਹਨ ਅਤੇ ਹਰ ਸਮੇਂ ਸ਼ਿਕਵੇ, ਸ਼ਿਕਾਇਤਾਂ ਕਰਨ ਵਾਲੇ, ਰੋਣ ਧੋਣ ਵਿਚ ਡੁਬੇ ਰਹਿਣ ਵਾਲੇ ਮਨੁਖਾਂ ਦੇ ਜੀਵਨ ਵਿਚ ਮੁਸ਼ਕਿਲਾਂ ਹੀ ਮੁਸ਼ਕਿਲਾਂ ਹੁੰਦੀਆਂ ਹਨ। ਜੇਕਰ ਮਨੁੱਖ ਦੇ ਜੀਵਨ ਵਿਚ ਕੇਵਲ ਸੁਖ ਹੀ ਹੁੰਦੇ ਤਾਂ ਸਾਨੂੰ ਸੁਖਾਂ ਦੀ ਅਸਲ ਕੀਮਤ ਦਾ ਗਿਆਨ ਕਿਥੋਂ ਹੋਣਾ ਸੀ। ਦੁੱਖ ਵੀ ਜੀਵਨ ਦਾ ਹੀ ਇਕ ਹਿਸਾ ਹੋਇਆ ਕਰਦੇ ਹਨ। ਕੁਝ ਵਿਅਕਤੀ ਔਖਾ ਸਮਾਂ ਆਉਣ ਤੇ ਟੁੱਟ ਜਾਂਦੇ ਹਨ ਜਦੋਂ ਕਿ ਕੁਝ ਲੋਕ ਆਏ ਹੋਏ ਔਖੇ ਵਕਤ ਨੂੰ ਆਪਣੀ ਤਾਕਤ ਬਣਾ ਕੇ ਅਗੇ ਵਲ ਕਦਮ ਵਧਾਉਣ ਦਾ ਢੰਗ ਤਰੀਕਾ ਲੱਭ ਲੈਂਦੇ ਹਨ।

ਜਦੋਂ ਕਦੇ ਜ਼ਿੰਦਗੀ ਵਿਚ ਕੋਈ ਨੁਕਸਾਨ ਹੋ ਜਾਂਦਾ ਹੈ, ਕੋਈ ਆਰਥਕ ਮੁਸ਼ਕਿਲ ਆ ਜਾਵੇ, ਭਾਵੇਂ ਰਿਸ਼ਤਿਆਂ ਅੰਦਰ ਟੁੱਟ ਭੱਜ ਹੋ ਜਾਵੇ ਤਾਂ ਦੁੱਖ ਮਹਿਸੂਸ ਹੋਣਾ ਸੁਭਾਵਿਕ ਹੀ ਹੁੰਦਾ ਹੈ। ਕਿਸੇ ਸੁਪਨੇ ਦਾ ਅਧੂਰਾ ਰਹਿ ਜਾਣ ਤੇ ਦੁਖੀ ਹੋ ਜਾਣਾ ਕੁਦਰਤੀ ਹੈ। ਅਜਿਹੇ ਸਮੇਂ ਵਿਚ ਹੰਝੂ ਆਪ ਮੁਹਾਰੇ ਵੱਗ ਪੈਦੇ ਹਨ। ਜਦੋਂ ਨਿਰਾਸ਼ਾ ਤੇ ਅੱਥਰੂ ਸਾਡੀ ਸੋਚ ਤੇ ਹਾਵੀ ਹੋ ਜਾਂਦੇ ਹਨ ਤਾਂ ਅਸੀਂ ਇਹ ਸੋਚਦੇ ਹਾਂ ਕਿ ਸਾਡੀ ਤਾਂ ਕਿਸਮਤ ਹੀ ਮਾੜੀ ਹੈ। ਦੁਖਾਂ ਨੂੰ ਮਹਿਸੂਸ ਕਰਨਾ ਗਲਤ ਨਹੀਂ ਹੁੰਦਾ ਪ੍ਰੰਤੂ ਦੁੱਖ ਨੂੰ ਹੀ ਆਪਣੀ ਜ਼ਿੰਦਗੀ ਬਣਾ ਲੈਣਾ ਹਾਨੀ ਭਰਪੂਰ ਹੁੰਦਾ ਹੈ। ਕੁਝ ਲੋਕ ਦੂਜਿਆਂ ਦੀ ਖੁਸ਼ੀ ਦੇਖ ਕੇ ਇਹ ਮਹਿਸੂਸ ਕਰਦੇ ਹਨ ਕਿ ਖੁਸ਼ੀਆਂ ਤਾਂ ਸਾਥੋਂ ਦੂਰੇਡੇ ਰਹਿੰਦੀਆਂ ਹਨ ਸਾਡੇ ਹਿਸੇ ਵਿਚ ਤਾਂ ਗਮ ਹੀ ਗਮ ਹਨ। ਅਜਿਹਾ ਕੁਝ ਹੀ ਇਸ ਕਹਾਣੀ ਵਿਚ ਦਰਸਾਇਆ ਹੈ ਕਿ ਕਿਵੇਂ ਆਪਣੇ ਜੀਵਨ ਦੇ ਦੁਖਾਂ ਨੂੰ ਹੌਂਸਲੇ ਨਾਲ ਦੁਖਾਂ ਨੂੰ ਸੁਖਾਂ ਵਿਚ ਤਬਦੀਲ ਕੀਤਾ ਜਾ ਸਕਦਾ ਹੈ।

ਮੈਂ ਸੀਤੋ ਭਾਵੇਂ ਆਪਣੀ ਮਾਂ ਕੁਲਵਿੰਦਰ ਅਤੇ ਬਾਪ ਜਰਨੈਲ ਸਿੰਘ ਨਾਲ ਇਕ ਛੋਟੇ ਜਿਹੇ ਘਰ ਵਿਚ ਰਹਿ ਰਹੀ ਸਾਂ ਫਿਰ ਵੀ ਮੈਂ ਅਤੇ ਮੇਰੀ ਮਾਂ ਇਕੱਲੇਪਣ ਵਿਚ ਜ਼ਿੰਦਗੀ ਨੂੰ ਲੰਘਾ ਰਹੀਆਂ ਸੀ। ਜਰਨੈਲ ਸਿੰਘ ਆਖਣ ਨੂੰ ਮੇਰਾ ਬਾਪੂ ਜ਼ਰੂਰ ਸੀ ਪ੍ਰੰਤੂ ਮੈਨੂੰ ਉਸ ਤੋਂ ਕਦੇ ਵੀ ਬਾਪੂ ਵਾਲਾ ਪਿਆਰ ਨਹੀਂ ਮਿਲਿਆ ਸੀ। ਆਖਣ ਨੂੰ ਤਾਂ ਹੀ ਬਾਪੂ ਮੇਰੀ ਮਾਂ ਨੂੰ ਵਿਆਹ ਕੇ ਲਿਆਇਆ ਸੀ ਪਰ ਉਸ ਨੂੰ ਸਿਵਾਏ ਗਾਲ ਦੁਪੜ ਤੋਂ ਬਿਨਾ ਕਦੇ ਕੁਝ ਵੀ ਪ੍ਰਾਪਤ ਨਹੀਂ ਹੋਇਆ ਸੀ। ਉਹ ਬਾਪ ਸਾਡੇ ਸਿਰ ਤੇ ਛੱਤ ਜਰੂਰ ਸੀ ਜਿਹੜੀ ਬਾਹਰਲੀ ਧੁੱਪ ਤੇ ਮੀਂਹ ਕਣੀ ਤੋਂ ਸਾਨੂੰ ਬਚਾਉਂਦੀ ਸੀ। ਇਹੀ ਛੱਤ ਸਾਨੂੰ ਦੋਹਾਂ ਨੂੰ ਬਾਪ ਦੇ ਗੁੱਸੇ, ਗਾਲਾਂ ਅਤੇ ਮਾਰ ਤੋਂ ਬਚਾਉਣ ਤੋਂ ਬਿਲਕੁਲ ਹੀ ਅਸਮਰਥ ਸੀ । ਜਦੋਂ ਕਦੇ ਮੇਰਾ ਬਾਪ ਮੈਨੂੰ ਕੁੱਟਣ ਲਈ ਅਗੇ ਵੱਧਦਾ ਸੀ ਤਾਂ ਮੇਰੀ ਮਾਂ ਮੈਨੂੰ ਆਪਣੀ ਬੁੱਕਲ ਵਿਚ ਲੁਕੋ ਲੈਂਦੀ ਸੀ ਅਤੇ ਮੇਰੇ ਹਿਸੇ ਦੀ ਕੁੱਟ ਵੀ ਆਪਣੇ ਪਿੰਡੇ ਤੇ ਹੀ ਝੱਲ ਲਿਆ ਕਰਦੀ ਸੀ। ਜਦੋਂ ਸਾਨੂੰ ਕੁੱਟ ਹਾਰ ਕੇ ਬਾਪੂ ਥੱਕ ਜਾਂਦਾ ਸੀ ਤਾਂ ਸਾਨੂੰ ਦੋਹਾਂ ਨੂੰ ਅੰਦਰ ਤਾੜ ਕੇ ਘਰ ਦੇ ਖਿੜਕ ਨੂੰ ਬਾਹਰੋਂ ਜਿੰਦਰਾ ਜੜ ਕੇ ਪਤਾ ਨਹੀਂ ਕਿਧਰ ਅਲੋਪ ਹੋ ਜਾਂਦਾ ਸੀ। ਅਸੀਂ ਦੋਵੇਂ ਆਪਣੀਆਂ ਆਪਣੀਆਂ ਪੀੜਾਂ ਬਾਰੇ ਗੱਲਾਂ ਕਰ ਕੇ ਮਹਿਸੂਸ ਕਰਦੀਆਂ ਸੀ ਅਸੀਂ ਕਿਹੋ ਜਿਹੀ ਜ਼ਿੰਦਗੀ ਜੀ ਰਹੀਆਂ ਹਾਂ। ਸਾਡੇ ਕੋਲ ਕੋਈ ਸਮਾਂ ਨਹੀਂ ਸੀ ਕਿ ਅਸੀਂ ਕਿਸੇ ਬਾਹਰਲੀ ਦੁਨੀਆ ਨਾਲ ਸੰਪਰਕ ਕਰ ਸਕੀਏ ਕਿਉਂਜੋ ਨਾ ਸਾਡੇ ਕੋਲ ਕੋਈ ਮੋਬਾਈਲ ਸੀ ਅਤੇ ਘਰ ਦੇ ਅੰਦਰ ਫੋਨ ਲਗਵਾਉਣ ਦੀ ਸਾਡੇ ਕੋਲ ਕੋਈ ਪਰੋਖੇ ਹੀ ਨਹੀਂ ਸੀ। ਅਸੀਂ ਇੱਕਲਾਪਾ ਹੀ ਹੰਢਾਅ ਰਹੀਆਂ ਸੀ। ਸਾਡੇ ਅੰਦਰ ਇਕ ਡਰਾਉਣਾ ਅਹਿਸਾਸ ਸੀ ਕਿ ਸਾਡਾ ਕੋਈ ਸਹਾਰਾ ਨਹੀਂ ਹੈ। ਜਿਸ ਬਾਪ ਨੇ ਸਹਾਰਾ ਬਣਨਾ ਸੀ ਉਹ ਹੀ ਸਾਨੂੰ ਬੇਸਹਾਰਾ ਛੱਡ ਆਪਣੇ ਅਨੰਦ ਮਾਨਣ ਲਈ ਠੇਕੇ ਤੇ ਆਪਣੀ ਜੁੰਡਲੀ ਵਿਚ ਜਾ ਬੈਠਦਾ ਸੀ। ਅਸੀਂ ਨਿਰਾਸ਼ਾ ਦੀ ਹਾਲਤ ਵਿਚ ਤਣਾਅ ਭਰਿਆ ਜੀਵਨ ਗੁਜ਼ਾਰਨ ਲਈ ਮਜ਼ਬੂਰ ਸਾਂ। ਮੈਨੂੰ ਇਸ ਨਿਰਾਸ਼ਾ ਵਿਚੋਂ ਬਾਹਰ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆ ਦਾ ਸੀ । ਜਦੋਂ ਵੀ ਮੈਂ ਆਪਣੀ ਮਾਂ ਨੂੰ ਇਸ ਨਿਰਾਸ਼ਾ ਮਈ ਜ਼ਿੰਦਗੀ ਬਾਰੇ ਕੋਈ ਗੱਲ ਕਰਦੀ ਤਾਂ ਮੇਰੀ ਮਾਂ ਮੈਨੂੰ ਉਦਾਸ ਨਾ ਹੋਣ ਦਿੰਦੀ ਅਤੇ ਆਸ ਬ੍ਹਨਾ ੰਦੀ ਕਿ ਬੱਚੀ! ਤੂੰ ਬੇਫਿਕਰ ਰਹਿ ਇਕ ਦਿਨ ਇਸ ਬੰਦੇ ਨੂੰ ਜ਼ਰੂਰ ਸੋਝੀ ਆਵੇਗੀ। ਸਾਡਾ ਵੀ ਵਾਹਿਗੁਰੂ ਹੈ ਜੋ ਇਹ ਸਭ ਵੇਖ ਰਿਹਾ ਹੈ ਸਾਨੂੰ ਇਹਨਾਂ ਦੁਖਾਂ ਤੋਂ ਛੁਟਕਾਰਾ ਦਿਵਾਏਗਾ। ਪੁਤਰੀ! ਹਰ ਕਾਲੀ ਬੋਲੀ ਰਾਤ ਤੋਂ ਪਿੱਛੋਂ ਚਿੱਟਾ ਦਿਨ ਚੜੇਗਾ। ਹੌਸਲਾ ਰੱਖ। ਮੈਂ ਇਹ ਗੱਲਾਂ ਸੁਣਦੀ ਸਾਂ ਅਤੇ ਆਪਣੀ ਮਾਂ ਦੇ ਚੇਹਰੇ ਤੇ ਚਿੰਤਾ ਦੀਆਂ ਲਕੀਰਾਂ ਨੂੰ ਵੀ ਪੜ੍ਹਨ ਦਾ ਯਤਨ ਕਰਦੀ ਸਾਂ । ਭਾਵੇਂ ਇਹ ਸਾਰਾ ਕੁਝ ਮੇਰੀ ਸਮਝ ਤੋਂ ਬਾਹਰ ਸੀ ਪਰੰਤੂ ਮੈਂ ਆਪਣੀ ਮਾਂ ਦਾ ਹੌਸਲਾ ਦੇਖ ਕੇ ਚੁੱਪ ਕਰ ਜਾਂਦੀ ਸਾਂ । ਮੈਂ ਵੀ ਇਹੋ ਹੀ ਸਮਝਦੀ ਸੀ ਕਾਲੀ ਬੋਲੀ ਰਾਤ ਦਾ ਅੰਤ ਛੇਤੀ ਹੀ ਹੋਵੇਗਾ ਅਤੇ ਮੈਂ ਵੀ ਚਿੱਟੇ ਦਿਨ ਨੂੰ ਦੇਖਾਂਗੀ। ਮੇਰੀ ਮਾਂ ਨੇ ਮੈਨੂੰ ਸਮਝਾਇਆ ਕਿ ਨਦੀ ਅਤੇ ਨਾਰੀ ਇਕੋ ਜਿਹੀਆਂ ਹੁੰਦੀਆਂ ਹਨ ਜਦੋਂ ਇਹ ਕਿਸੇ ਵਿਚ ਸਮਾ ਜਾਂਦੀਆਂ ਹਨ ਤਾਂ ਫਿਰ ਵੱਖ ਨਹੀਂ ਹੁੰਦੀਆਂ। ਇਸ ਲਈ ਪੁੱਤਰ ਮੈਂ ਇਕ ਨਦੀ ਹਾਂ ਅਤੇ ਤੇਰਾ ਬਾਪ ਇਕ ਸਮੁੰਦਰ ਹੈ। ਹੁਣ ਮੈਂ ਇਸ ਸਮੁੰਦਰ ਵਿਚ ਸਮਾ ਚੁਕੀ ਹਾਂ। ਤੂੰ ਸਾਡੀ ਇਕੋ ਇਕ ਨਿਸ਼ਾਨੀ ਹੈਂ। ਅਸੀਂ ਤੇਰਾ ਪਾਲਣ ਪੋਸ਼ਣ ਕਰਨਾ ਹੈ।

ਮੇਰੇ ਬਾਪ ਤੋਂ ਇਤਨੇ ਦੁੱਖ ਅਤੇ ਮਾਰਾਂ ਸਹਿੰਦੀ ਹੋਈ ਮੇਰੀ ਮਾਂ ਮੈਨੂੰ ਪੜ੍ਹਾ ਰਹੀ ਸੀ। ਮੈਂ ਆਪਣੀ ਕਲਾਸ ਵਿਚ ਦਰਮਿਆਨੇ ਦਰਜੇ ਦੀ ਵਿਦਿਆਰਥਣ ਸਾਂ। ਮੇਰੀ ਮਾਂ ਲੋਕਾਂ ਦੇ ਘਰਾਂ ਅੰਦਰ ਕੰਮ ਕਰਕੇ ਆ ਦੀ ਸੀ ਅਤੇ ਕੁਝ ਰਕਮ ਦੀ ਉਹ ਬੱਚਤ ਕਰ ਰਹੀ ਸੀ । ਇਸ ਬੱਚਤ ਦਾ ਮੇਰੇ ਬਾਪ ਨੂੰ ਬਿਲਕੁਲ ਹੀ ਇਲਮ ਨਹੀਂ ਸੀ। ਇਕ ਦਿਨ ਮੈਂ ਤੇ ਮੇਰੀ ਮਾਂ ਇਸ ਬੱਚਤ ਵਾਲੀ ਰਕਮ ਨੂੰ ਗਿਣ ਕੇ ਸੰਭਾਲ ਹੀ ਰਹੀਆਂ ਸੀ ਕਿ ਉਤੋਂ ਸ਼ਰਾਬ ਦਾ ਡੱਕਿਆ ਮੇਰਾ ਬਾਪ ਘਰ ਵਿਚ ਆ ਗਿਆ ਸੀ ਅਸੀਂ ਵੀ ਬਾਹਰਲਾ ਦਰਵਾਜ਼ਾ ਖੁਲਾ ਛੱਡ ਕੇ ਬੈਠੀਆਂ ਸੀ। ਮੇਰਾ ਬਾਪ ਅੰਦਰ ਆ ਗਿਆ। ਮੈਂ ਤਾਂ ਇਕ ਸਹਿਮੇ ਹੋਏ ਪੰਛੀ ਵਾਂਗ ਆਪਣੀ ਮਾਂ ਨਾਲ ਚਿੰਬੜ ਗਈ। ਦੂਰ ਦੁਰਾਡੇ ਕਿਤੇ ਬੱਦਲ ਕੜਕਿਆ ਤੇ ਮੇਰੀ ਮਾਂ ਵੀ ਦਹਿਲ ਗਈ ਸੀ। ਉਸ ਨੇ ਜਦੋਂ ਮੇਰੇ ਹੱਥ ਵਿਚ ਰਕਮ ਡਿੱਠੀ ਤਾਂ ਉਸ ਨੇ ਇਕ ਦਮ ਝੱਪਟ ਕੇ ਰਕਮ ਮੈਥੋਂ ਖੋਹ ਲਈ । ਰਕਮ ਲੈ ਕੇ ਉਸ ਨੇ ਸੋਟੀ ਨਾਲ ਉਸ ਨੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਲਦੀ ਨਾਲ ਮੌਕਾ ਦੇਖ ਮੇਰੀ ਮਾਂ ਅੱਗੇ ਆ ਗਈ ਅਤੇ ਸੋਟੀ ਉਸ ਦੇ ਲੱਗ ਗਈ ਅਤੇ ਮੈਂ ਭੱਜ ਕੇ ਕਮਰੇ ਵਿਚ ਲੁਕ ਗਈ। ਮਾਂ ਨੇ ਉਸ ਦਿਨ ਬਹੁਤ ਮਾਰ ਖਾਧੀ ਅਤੇ ਇਹ ਨਾ ਦੱਸਿਆ ਕਿ ਇਤਨੇ ਪੈਸੇ ਕਿਥੋਂ ਆਏ ਹਨ। ਮੇਰੇ ਹੀ ਬਾਪ ਨੇ ਮੇਰੀ ਸਕੀ ਮਾਂ ਤੇ ਚਰਿੱਤਰ ਹੀਣ ਕੰਮ ਕਰਨ ਦੇ ਦੋਸ਼ ਵੀ ਲਗਾਏ ਜਿਨ੍ਹਾਂ ਦੋਸ਼ਾਂ ਦਾ ਕੋਈ ਵੀ ਅਧਾਰ ਨਹੀਂ ਸੀ। ਥੱਕ ਹਾਰ ਕੇ ਮੇਰੇ ਬਾਪ ਸਾਰੀ ਰਕਮ ਲੈ ਘਰੋਂ ਨਿਕਲ ਗਿਆ। ਕਦੋਂ ਵਾਪਿਸ ਆਇਆ ਸਾਨੂੰ ਦੋਹਾਂ ਨੂੰ ਕੋਈ ਪਤਾ ਹੀ ਨਾ ਲਗਾ ਕਿ ਜੋ ਮੈਂ ਆਪਣੀ ਮਾਂ ਦੀ ਸਿਕਾਈ ਕਰ ਰਹੀ ਸੀ ਅਤੇ ਲੁਕ ਕੇ ਬੈਠੀਆਂ ਹੋਈਆਂ ਸੀ। ਬਾਪ ਨਸ਼ੇ ਵਿਚ ਚੂਰ ਸੀ ਉਸ ਨੇ ਆਪਣੇ ਮੰਜੇ ਤੇ ਡਿਗਣ ਦਾ ਯਤਨ ਕੀਤਾ ਪਰ ਉਹ ਥੱਲੇ ਡਿਗ ਪਿਆ ਸੀ। ਸਵੇਰੇ ਉਸ ਨੂੰ ਅਸੀਂ ਥੱਲੇ ਸੁਤੇ ਪਏ ਨੂੰ ਹੀ ਦੇਖਿਆ ਸੀ। ਮੈਂ ਅਤੇ ਮੇਰੀ ਮਾਂ ਨੇ ਮੇਰੇ ਬਾਪ ਨੂੰ ਅਸੀਂ ਸੁਤੇ ਹੋਏ ਨੂੰ ਉਠਾਇਆ ਅਤੇ ਮੰਜੇ ਉਪਰ ਪਾਉਣ ਦਾ ਯਤਨ ਕਰ ਰਹੀਆਂ ਸੀ ਕਿ ਉਸ ਦੀ ਜਾਗ ਖੁਲ ਗਈ। ਉਸ ਨੇ ਸਾਨੂੰ ਦੋਹਾ ਨੂੰ ਆਪਣੇ ਕੋਲ ਡਿੱਠਾ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਇਹ ਮੇਰੀ ਸਹਾਇਤਾ ਕਰ ਰਹੀਆਂ ਹਨ ਕਿ ਕਿ ਜਦੋਂ ਉਹ ਡਿੱਗਾ ਸੀ ਤਾਂ ਉਸ ਦੇ ਹੱਥਾਂ ਉਪਰ ਸੱਟ ਲੱਗ ਗਈ ਸੀ ਅਤੇ ਮੈਂ ਆਪਣੀ ਸੂਝ ਬੂਝ ਅਨੁਸਾਰ ਅਤੇ ਆਪਣੀ ਮਾਂ ਦੇ ਦੱਸੇ ਅਨੁਸਾਰ ਉਸ ਦੇ ਹੱਥ ਉਪਰ ਪੱਟੀ ਕਰ ਰਹੀ ਸੀ। ਉਸ ਨੇ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ। ਮੇਰੀ ਮਾਂ ਬੋਲੀ ਕਿ ਰਾਤ ਜਦੋਂ ਤੁਸੀਂ ਘਰ ਆਏ ਸੀ ਤਾਂ ਤੁਸੀਂ ਮੰਜੇ ਤੇ ਪੈਣ ਦੀ ਬਜਾਏ ਭੁੰਜੇ ਡਿਗ ਪਏ ਸੀ ਜਦੋਂ ਅਸੀਂ ਤੁਹਾਨੂੰ ਦੇਖਿਆ ਤਾਂ ਤੁਹਾਡੇ ਹੱਥ ਵਿਚ ਖੂਨ ਨਿਕਲਿਆ ਹੋਇਆ ਸੀ ਤੇ ਕਾਫੀ ਵੱਡਾ ਜ਼ਖਮ ਸੀ ਜਿਸ ਨੂੰ ਸੀਤੋ ਨੇ ਸਾਫ ਕਰਕੇ ਤੇ ਉਸ ਉਪਰ ਪੱਟੀ ਕਰ ਦਿਤੀ ਹੈ।

ਮੇਰੇ ਬਾਪ ਨੇ ਗੁੱਸਾ ਕਰਨ ਦੀ ਥਾਂ ਮੇਰਾ ਹੱਥ ਚੁੰਮ ਲਿਆ ਸੀ। ਇਹ ਪਹਿਲਾ ਦਿਨ ਸੀ ਜਦੋਂ ਮੇਰੇ ਬਾਪ ਨੇ ਮੈਨੂੰ ਪਿਆਰ ਕੀਤਾ ਸੀ। ਮੇਰੀ ਮਾਂ ਵੀ ਨੇੜੇ ਹੀ ਸੀ ਅਤੇ ਉਹ ਉਸ ਦੀਆਂ ਲੱਤਾਂ ਘੁਟਣ ਲਗ ਪਈ ਸੀ। ਇਸ ਅਰਾਮ ਮਿਲਣ ਨਾਲ ਉਹ ਫਿਰ ਸੌਂ ਗਿਆ ਸੀ।

ਮੇਰੀ ਮਾਂ ਤੇ ਮੈਂ ਉਥੋਂ ਉੱਠ ਨੇੜੇ ਪਏ ਮੰਜੇ ਉਤੇ ਗੱਲਾਂ ਕਰਨ ਲੱਗ ਪਈਆਂ ਸੀ । ਮੇਰੀ ਮਾਂ ਨੇ ਆਪਣੇ ਵਿਆਹ ਦੀ ਕਹਾਣੀ ਛੋਹ ਲਈ ਸੀ। ਉਸ ਨੇ ਦੱਸਿਆ ਕਿ ਅਸੀਂ ਆਪਣੇ ਬਾਪ ਦੀਆਂ ਚਾਰ ਧੀਆਂ ਸੀ। ਸਾਡੇ ਘਰ ਵਿਚ ਥੋੜੀ ਜਿਹੀ ਆਮਦਨ ਸੀ ਅਤੇ ਮੇਰਾ ਨਾਨਾ ਥੋੜੀ ਜਿਹੀ ਭੋਏ ਦਾ ਮਾਲਿਕ ਸੀ ਅਤੇ ਮੇਹਨਤ ਮੁਸ਼ੱਕਤ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਿਹਾ ਸੀ। ਮੇਰੀ ਮਾਂ ਨੇ ਦੱਸਿਆ ਕਿ ਜਦੋਂ ਮੈਂ ਦੱਸਵੀਂ ਕਰ ਲਈ ਤਾਂ ਮੇਰੇ ਮਾਮਿਆਂ ਦੀ ਮਦਦ ਨਾਲ ਮੇਰਾ ਵਿਆਹ ਤੇਰੇ ਪਿ ਨਾਲ ਕਰ ਦਿੱਤਾ ਸੀ। ਅਸੀਂ ਦੋਵੇਂ ਮੇਹਨਤ ਕਰਦੇ ਸਾਂ। ਘਰ ਦਾ ਗੁਜ਼ਾਰਾ ਚੰਗਾ ਚਲ ਰਿਹਾ ਸੀ । ਉਸ ਦੱਸਿਆ ਕਿ ਜਦੋਂ ਮੈਂ ਹਮਲਾ ਹੋ ਗਈ ਅਤੇ ਤੇਰਾ ਜਨਮ ਹੋਣ ਵਾਲਾ ਸੀ। ਤੇਰਾ ਬਾਪ ਆਪਣੇ ਸੰਗੀਆਂ ਨਾਲ ਰਲ ਕੇ ਸ਼ਰਾਬ ਪੀਣ ਲੱਗ ਪਿਆ ਸੀ ਅਤੇ ਮੇਰੇ ਨਾਲ ਝਗੜਾ ਕਰਨ ਲੱਗ ਪਿਆ ਸੀ। ਮੈਂ ਸਹਾਰ ਲੈਂਦੀ ਸੀ ਕਿ ਸਮਾਂ ਪਾ ਕੇ ਸਭ ਕੁਝ ਠੀਕ ਹੋ ਜਾਵੇਗਾ। ਪੈਸਿਆਂ ਦਾ ਖੂਹ ਵੀ ਮੁਕ ਜਾਇਆ ਕਰਦੇ ਹਨ। ਮੇਰੇ ਉਪਰ ਹੋਣ ਵਾਲੇ ਖਰਚਿਆਂ ਲਈ ਜਿਹੜੀ ਪੂੰਜੀ ਜੋੜ ਕੇ ਰੱਖੀ ਹੋਈ ਸੀ ਤੇਰੇ ਬਾਪ ਨੇ ਉਸ ਉਪਰ ਵਾਢਾ ਧਰ ਲਿਆ ਅਤੇ ਸ਼ਰਾਬ ਵਿਚ ਉਡਾਉਣ ਲੱਗਾ। ਤੇਰੇ ਨਾਨੇ ਨੂੰ ਜਦੋਂ ਪਤਾ ਲਗਾ ਉਨ੍ਹਾਂ ਨੇ ਰੋਕਣ ਦਾ ਯਤਨ ਕੀਤਾ ਪਰ ਉਨ੍ਹਾਂ ਦੇ ਸਾਹਮਣੇ ਨਹੀਂ ਪੀਂਦਾ ਸੀ ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਫਿਰ ਸ਼ੁਰੂ ਕਰ ਲੈਂਦਾ ਸੀ। ਮੈਂ ਰੋਕਣ ਲਈ ਪਿਆਰ ਨਾਲ ਸਮਝਾਉਣ ਦਾ ਯਤਨ ਕੀਤਾ ਸੀ। ਇਕ ਦੋ ਵਾਰ ਤਾਂ ਉਹ ਮੇਰਾ ਕਿਹਾ ਮੰਨ ਗਿਆ ਪਰ ਉਸ ਦੇ ਦੋਸਤ ਉਸ ਨੂੰ ਵਰਗਲਾ ਕੇ ਲੈ ਜਾਂਦੇ ਸਨ ਅਤੇ ਉਹ ਪੀ ਕੇ ਘਰ ਆ ਦਾ ਸੀ। ਆ ਕੇ ਮੇਰੇ ਕੋਲ ਸਹੁੰ ਚੁੱਕ ਲਿਆ ਕਰਦੇ ਸੀ ਕਿ ਮੈਂ ਫਿਰ ਨਹੀਂ ਪੀਂਦਾ। ਮੈਂ ਭੋਲੀ ਭਾਲੀ ਉਨ੍ਹਾਂ ਦੀਆਂ ਗੱਲਾਂ ਵਿਚ ਆ ਜਾਂਦੀ ਸੀ। ਫੇਰ ਉਹ ਕਿਸੇ ਨਾ ਕਿਸੇ ਬਹਾਨੇ ਮੇਰੇ ਕੋਲ ਪੈਸੇ ਲੈ ਜਾਂਦਾ ਸੀ ਅਤੇ ਨਸ਼ਾ ਕਰ ਕੇ ਆ ਜਾਂਦਾ ਸੀ। ਮੈਂ ਪੈਸੇ ਦੇਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿਤਾ ਤਾਂ ਮੇਰੇ ਉਪਰ ਹੱਥ ਚੁੱਕਿਆ ਦੋ ਚਾਰ ਥੱਪੜ ਵੀ ਜੜ੍ਹ ਦਿਤੇ ਅਤੇ ਮੇਰੇ ਕੋਲੋਂ ਪੈਸੇ ਜ਼ਬਰਦਸਤੀ ਲੈ ਗਿਆ। ਜਦੋਂ ਜੋੜੀ ਹੋਈ ਰਕਮ ਮੁਕ ਗਈ ਤਾਂ ਘਰ ਦੀਆਂ ਵਸਤਾਂ ਵੇਚਣੀਆਂ ਸ਼ੁਰੂ ਕਰ ਦਿਤੀਆਂ। ਜਦੋਂ ਮੈਂ ਜਾਪੇ ਲਈ ਪੇਕੇ ਗਈ ਤਾਂ ਤੇਰੇ ਜਨਮ ਦੇ ਬਾਅਦ ਵਾਪਸ ਆਈ ਤਾਂ ਮੈਨੂੰ ਘਰ ਸੁਨਾ ਸੁਨਾ ਜਾਪਿਆ। ਪੁੱਛਣ ਤੇ ਮੇਰੇ ਉਪਰ ਗਾਲਾਂ ਦੀ ਬੁਛਾੜ ਕੀਤੀ ਗਈ ਅਤੇ ਮੈਨੂੰ ਮਾਰਿਆ ਗਿਆ। ਜਿਹੜਾ ਕੁਝ ਮੇਰੀ ਮਾਂ ਨੇ ਮੈਨੂੰ ਦਿਤਾ ਸੀ ਉਹ ਮੈਥੋਂ ਖੋਹ ਲਿਆ ਤੇ ਨਸ਼ੇ ਦੀ ਭੇਟ ਚੜ੍ਹਾ ਦਿਤਾ ਗਿਆ। ਮੈਨੂੰ ਜਦੋਂ ਮੇਰੀ ਮਾਂ ਨੇ ਸਾਰੀ ਵਿਥਿਆ ਸੁਣਾਈ ਤਾਂ ਮੇਰੇ ਅੰਦਰ ਮੇਰੇ ਬਾਪ ਲਈ ਨਫਰਤ ਭਰ ਗਈ।

ਜਦੋਂ ਮੇਰੇ ਬਾਪ ਨੇ ਮੇਰੇ ਹੱਥ ਨੂੰ ਚੁੰਮਿਆ ਸੀ ਤਾਂ ਮੇਰੇ ਅੰਦਰਲੀ ਨਫਰਤ ਨੂੰ ਇਕ ਝਟਕਾ ਲੱਗਿਆ। ਮੈਂ ਦਸਵੀਂ ਜਮਾਤ ਪਾਸ ਕਰ ਲਈ ਸੀ। ਮੈਨੂੰ ਇਹ ਸਮਝ ਲੱਗ ਗਈ ਕਿ ਮੇਰਾ ਬਾਪ ਮਾੜਾ ਨਹੀਂ ਹੈ ਸਗੋਂ ਇਹ ਸਾਰਾ ਗੁੱਸਾ ਉਸ ਦੇ ਅੰਦਰ ਨਸ਼ੇ ਦੀ ਤੋੜ ਕਰਵਾ ਰਹੀ ਹੈ। ਮੈਂ ਉਸ ਦਾ ਨਸ਼ਾ ਘਟਾਉਣ ਬਾਰੇ ਸੋਚ

ਅਰਤਿੰਦਰ ਸੰਧੂ ਨਾਲ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਹਿਤਕ ਸੰਵਾਦ ਅਤੇ ਕਵੀ ਦਰਬਾਰ

'ਏਕਮ' ਰਾਹੀਂ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨਾ ਸ਼ਲਾਘਾਯੋਗ ਉਪਰਾਲਾ

ਮਾਰਟੀਨਜ਼ (ਕੈਲੀਫ਼ੋਰਨੀਆ) ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵੱਲੋਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਦੇ ਗ੍ਰਹਿ ਮਾਰਟੀਨਜ਼ ਵਿਖੇ ਪੰਜਾਬ ਤੋਂ ਆਈ ਨਾਮਵਰ ਲੇਖਿਕਾ ਅਤੇ ਸਾਹਿਤਕ ਰਸਾਲੇ 'ਏਕਮ' ਦੀ ਸੰਪਾਦਕ ਅਰਤਿੰਦਰ ਸੰਧੂ ਨਾਲ ਸਾਹਿਤਕ ਸੰਵਾਦ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਸਾਹਿਤਕਾਰਾਂ ਨੇ ਅਰਤਿੰਦਰ ਸੰਧੂ ਦੇ ਸਾਹਿਤਕ ਯੋਗਦਾਨ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

ਪ੍ਰੋ. ਹਰਿੰਦਰ ਕੌਰ ਸੋਹੀ ਨੇ ਮੰਚ ਸੰਚਾਲਨ ਕਰਦਿਆਂ ਹਾਜ਼ਰ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ। ਲਾਜ ਨੀਲਮ ਸੈਣੀ ਨੇ ਅਰਤਿੰਦਰ ਸੰਧੂ ਦੀ ਸਾਹਿਤਕ ਸ਼ਖ਼ਸੀਅਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 29 ਸਤੰਬਰ 1945 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਖਿਆਲਾ ਵਿਖੇ ਹੋਇਆ। ਬੀ.ਐੱਸ.ਸੀ., ਬੀ.ਐੱਡ. ਅਤੇ ਪੰਜਾਬੀ ਵਿੱਚ ਐੱਮ.ਏ. ਦੀ ਪੜ੍ਹਾਈ ਕਰਨ ਉਪਰੰਤ ਉਨ੍ਹਾਂ ਲੰਮਾ ਸਮਾਂ ਅਧਿਆਪਨ ਦੇ ਖੇਤਰ ਵਿੱਚ ਸੇਵਾ ਨਿਭਾਈ ਅਤੇ ਸਰਕਾਰੀ ਹਾਈ ਸਕੂਲ, ਚੌਂਕ ਲਛਮਣਸਰ, ਅੰਮ੍ਰਿਤਸਰ ਤੋਂ ਮੁੱਖ ਅਧਿਆਪਕਾ ਵਜੋਂ ਸੇਵਾਮੁਕਤ ਹੋਏ। ਉਸ ਨੇ ਕਿਹਾ ਕਿ ਬਹੁ ਵਿਧਾਈ ਲੇਖਿਕਾ ਅਰਤਿੰਦਰ ਸੰਧੂ ਨੇ ਕਵਿਤਾ, ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਹ ਪਿਛਲੇ ਪੰਦਰਾਂ ਸਾਲਾਂ ਤੋਂ 'ਏਕਮ' ਦੀ ਸੰਪਾਦਨਾ ਕਰ ਰਹੇ ਹਨ। ਇਸ ਰਸਾਲੇ ਲਈ ਪਹੁੰਚੀ ਹਰ ਕਿਤਾਬ ਨੂੰ ਪੜ੍ਹਦੇ ਹਨ ਅਤੇ ਪੁਸਤਕ ਪੜਚੋਲ ਵੀ ਕਰਦੇ ਹਨ। ਹਰ ਸਾਲ ਕਿਸੇ ਨਵੇਂ ਲੇਖਕ ਦੀ ਪੁਸਤਕ ਨੂੰ ਇਨਾਮ ਦੇ ਕੇ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਦੇ ਹਨ।

ਅਰਤਿੰਦਰ ਸੰਧੂ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਨੌਵੀਂ ਜਮਾਤ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਉਹ ਪ੍ਰਸਿੱਧ ਕਵੀ ਬਾਵਾ ਬਲਵੰਤ ਦੀ ਸ਼ਾਇਰੀ ਤੋਂ ਪ੍ਰਭਾਵਿਤ ਹਨ। ਕਵਿਤਾ ਦੀਆਂ ਸੋਲਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਵੀ ਕੰਮ ਕੀਤਾ ਹੈ। ਉਨ੍ਹਾਂ ਨੇ ਆਪਣੀ ਕਹਾਣੀ 'ਸੂਬੇਦਾਰਨੀ ਦਾ ਪੋਤਾ' ਅਤੇ ਹੋਰ ਲੇਖਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ।

'ਏਕਮ' ਦੀ ਸੰਪਾਦਨਾ ਬਾਰੇ ਉਨ੍ਹਾਂ ਦੱਸਿਆ ਕਿ ਰਸਾਲੇ ਰਾਹੀਂ ਸਥਾਪਿਤ ਲੇਖਕਾਂ ਦੇ ਨਾਲ-ਨਾਲ ਨਵੇਂ ਲੇਖਕਾਂ ਨੂੰ ਵੀ ਮੌਕੇ ਦਿੱਤੇ ਜਾਂਦੇ ਹਨ। ਰਸਾਲੇ ਦੇ ਪਿਛਲੇ ਪੰਨੇ 'ਤੇ ਨਵੀਆਂ ਪੁਸਤਕਾਂ ਬਾਰੇ ਜਾਣਕਾਰੀ ਬਿਨਾਂ ਕਿਸੇ ਖ਼ਰਚੇ ਦੇ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਸਿੱਖਿਆ ਅਤੇ ਔਰਤਾਂ ਨਾਲ ਹੁੰਦੇ ਵਿਤਕਰੇ ਵਰਗੇ ਸਮਾਜਿਕ ਮੁੱਦਿਆਂ ਨੂੰ ਵੀ ਰਸਾਲੇ ਵਿੱਚ ਵਿਸ਼ੇਸ਼ ਥਾਂ ਦਿੱਤੀ ਜਾਂਦੀ ਹੈ।

ਰਾਜ ਖ਼ੁਸ਼ਵੰਤ ਸਿੰਘ ਸੰਧੂ ਨੇ ਆਪਣੀ ਹਮਸਫ਼ਰ ਅਰਤਿੰਦਰ ਸੰਧੂ ਦੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਏਕਮ' ਨੂੰ ਪਾਠਕਾਂ ਤੱਕ ਪਹੁੰਚਾ ਕੇ ਇਸ ਕਾਰਜ ਵਿੱਚ ਉਹ ਵੀ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਹਰਪ੍ਰੀਤ ਕੌਰ ਧੂਤ ਨੇ ਰਸਾਲੇ ਦੇ ਮਿਆਰ ਅਤੇ ਅਰਤਿੰਦਰ ਸੰਧੂ ਦੇ ਸਾਹਿਤਕ ਯੋਗਦਾਨ ਦੀ ਸ਼ਲਾਘਾ ਕੀਤੀ। ਜਗਜੀਤ ਨੌਸ਼ਿਹਰਵੀ ਨੇ ਵੀ ਕਿਹਾ ਕਿ 'ਏਕਮ' ਦਾ ਸਾਰਾ ਮੈਟਰ ਹੀ ਵਧੀਆ ਹੁੰਦਾ ਹੈ ਤੇ ਅਰਤਿੰਦਰ ਸੰਧੂ ਏਧਰੋਂ ਗਏ ਸਾਹਿਤਕਾਰਾਂ ਨੂੰ ਵੀ ਬਣਦਾ ਮਾਣ-ਸਨਮਾਨ ਦਿੰਦੇ ਹਨ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਅਰਤਿੰਦਰ ਸੰਧੂ ਦੇ ਵਿਚਾਰਾਂ ਦੇ ਸੰਦਰਭ ਨੂੰ ਅਜੋਕੇ ਪੂੰਜੀਵਾਦੀ ਯੁੱਗ, ਬੌਧਿਕਤਾ ਅਤੇ ਮਨੁੱਖੀ ਆਜ਼ਾਦੀ ਨਾਲ ਜੋੜ ਕੇ ਵਿਚਾਰ ਪੇਸ਼ ਕੀਤੇ। ਡਾ. ਜਸਵੀਰ ਸਿੰਘ ਗਿੱਲ ਨੇ ਅਰਤਿੰਦਰ ਸੰਧੂ ਦੇ ਜੰਗਲ ਬਾਰੇ ਲੇਖ ਦੀ ਪ੍ਰਸ਼ੰਸਾ ਕੀਤੀ।



ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਉਨ੍ਹਾਂ ਨੂੰ ਇਕ ਵਧੀਆ ਲੇਖਿਕਾ ਦੱਸਦਿਆਂ 'ਏਕਮ' ਨੂੰ ਮਿਆਰੀ ਸਾਹਿਤਕ ਰਸਾਲਾ ਕਿਹਾ ਅਤੇ ਅਜੋਕੇ ਮਨੁੱਖ ਵੱਲੋਂ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੋਣ 'ਤੇ ਚਿੰਤਾ ਪ੍ਰਗਟਾਈ। ਕੁਲਵਿੰਦਰ ਨੇ ਬਾਵਾ ਬਲਵੰਤ ਦੀ ਸ਼ਾਇਰੀ ਦੇ ਪੰਜਾਬੀ ਗ਼ਜ਼ਲ ਵਿੱਚ ਯੋਗਦਾਨ ਬਾਰੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਪੰਜਾਬੀ ਗ਼ਜ਼ਲ ਵਿੱਚ ਨਵੀਨਤਾ ਲਿਆਉਣ ਵਾਲੇ ਸ਼ਾਇਰ ਦਾ ਜ਼ਿਕਰ ਸੁਣ ਕੇ ਬਹੁਤ ਚੰਗਾ ਲੱਗਾ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਡਾ. ਜਸਵੀਰ ਸਿੰਘ ਗਿੱਲ, ਅਰਤਿੰਦਰ ਸੰਧੂ, ਅਮਰਜੀਤ ਜੌਹਲ, ਅਜ਼ੀਮ, ਕਾਕਾ ਕਲੇਰ, ਸੁਖਜੀਤ ਸਿੰਘ, ਜਗਜੀਤ ਨੌਸ਼ਿਹਰਵੀ, ਹਰਪ੍ਰੀਤ ਕੌਰ ਧੂਤ, ਕੁਲਵਿੰਦਰ ਅਤੇ ਲਾਜ ਨੀਲਮ ਸੈਣੀ ਸਮੇਤ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਰਣਜੀਤ ਕੌਰ ਅਤੇ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਗੀਤਾਂ ਤੇ ਗ਼ਜ਼ਲਾਂ ਨਾਲ ਮਹਿਫ਼ਲ ਨੂੰ ਸੁਰਮਈ ਬਣਾਇਆ।

ਵਿਜੇ ਸਿੰਘ ਨੇ ਮਹਿਫ਼ਲ ਵਿੱਚ ਆਪਣੀ ਕਲਾ ਨਾਲ ਇੱਕ ਨਵਾਂ ਰੰਗ ਭਰ ਦਿੱਤਾ। ਰਸ਼ਮਦੀਪ ਸੰਧੂ ਅਤੇ ਸੁਖਵਿੰਦਰ ਕੌਰ ਉਚੇਚੇ ਸ਼ਾਮਲ ਹੋਏ। ਅੰਤ ਵਿੱਚ ਮਨਜੀਤ ਪਲਾਹੀ ਨੇ ਸਭ ਦਾ ਧੰਨਵਾਦ ਕੀਤਾ। ਇਹ ਸਮਾਗਮ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਨਾਲ ਸਾਂਝ ਮਜ਼ਬੂਤ ਕਰਨ ਦੇ ਨਾਲ-ਨਾਲ ਸਾਹਿਤਕ ਵਿਚਾਰ-ਵਟਾਂਦਰੇ ਅਤੇ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨ ਦਾ ਸਾਰਥਕ ਉਪਰਾਲਾ ਸਾਬਤ ਹੋਇਆ।

ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ)
510-502-0551
ਜਾਰੀ ਕਰਤਾ: ਜਗਜੀਤ ਨੌਸ਼ਹਿਰਵੀ
ਜਨਰਲ ਸਕੱਤਰ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ,
ਕੈਲੀਫ਼ੋਰਨੀਆ (ਵਿਪਸਾ) 510-676-1565

TANVIR
Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe


Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
CTEC California Tax Education Council Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment
E.A.
CALL: R. PAL. SINGH EA-
510-750-3464
EA 00097224, CRTP A44237 Realtor#148514
Insurance Life- Only Agent #0G76896
39111 Paseo Padre Pkwy , suite 201 C,
Fremont, CA 94538
Email:singhrpal@sbeglobal.net Singhtax.com



ਪੰਜਾਬ ਤੋਂ ਬਾਹਰ ਪੰਜਾਬੀ ਬੋਲੀ



ਅਭੈ ਸਿੰਘ

ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਮੌਜੂਦਾ ਪੰਜਾਬ ਦੇ ਨਕਸ਼ੇ 'ਤੇ ਉਸ ਦੇ ਚਾਰੇ ਪਾਸੇ ਦੀਆਂ ਸਰਹੱਦਾਂ ਤੋਂ ਪਾਰ ਮੀਲਾਂ ਤੱਕ ਪੰਜਾਬੀ ਬੋਲਦਾ ਇਲਾਕਾ ਹੈ ਤੇ ਉੱਥੇ ਕਿਸੇ ਹੱਦ ਤੱਕ ਪੰਜਾਬੀ ਜ਼ੁਬਾਨ ਦੀ ਮਾਨਤਾ ਵੀ ਕਾਇਮ ਹੈ। ਦੇਸ਼ਵੰਡ ਮਗਰੋਂ ਪੰਜਾਬ ਦਾ ਜੋ ਹਿੱਸਾ ਭਾਰਤ ਵਿੱਚ ਆਇਆ, ਉਸ ਦਾ ਨਾਂ 'ਪੂਰਬੀ ਪੰਜਾਬ' ਰੱਖਿਆ ਗਿਆ। ਛੋਟੇ ਹੁੰਦਿਆਂ ਸਕੂਲਾਂ ਵਿੱਚ ਗਾਇਆ ਜਾਂਦਾ ਇੱਕ ਗੀਤ ਅੱਜ ਤੱਕ ਯਾਦ ਹੈ, 'ਸਾਨੂੰ ਕੋਈ ਮਾਰੇ ਨਾ, ਸਾਨੂੰ ਕੋਈ ਝਿੜਕੇ ਨਾ, ਅਸੀਂ ਹਾਂ ਫੁੱਲ ਗੁਲਾਬ ਦੇ, ਪੂਰਬੀ ਪੰਜਾਬ ਦੇ।' ਬਾਅਦ ਵਿੱਚ ਜਦੋਂ ਪਾਕਿਸਤਾਨ ਵਿੱਚ ਪੈਂਦੇ ਪੰਜਾਬ ਨਾਲੋਂ 'ਮਗਰਬੀ' ਸ਼ਬਦ ਹਟਾ ਦਿੱਤਾ ਗਿਆ ਤਾਂ ਭਾਰਤੀ ਪੰਜਾਬ ਨਾਲੋਂ ਵੀ 'ਪੂਰਬੀ' ਸ਼ਬਦ ਵੱਖ ਕਰ ਦਿੱਤਾ ਗਿਆ। ਆਮ ਤੌਰ 'ਤੇ ਪੰਜਾਬ ਦੇ ਭਾਰਤ ਵਾਲੇ ਹਿੱਸੇ ਨੂੰ 'ਚੜ੍ਹਦਾ ਪੰਜਾਬ' ਤੇ ਪਾਕਿਸਤਾਨ ਵਾਲੇ ਹਿੱਸੇ ਨੂੰ 'ਲਹਿੰਦਾ ਪੰਜਾਬ' ਵੀ ਆਖ ਦਿੱਤਾ ਜਾਂਦਾ ਹੈ।

ਲਹਿੰਦਾ ਪੰਜਾਬ ਆਕਾਰ ਵਿੱਚ ਚੜ੍ਹਦੇ ਪੰਜਾਬ ਨਾਲੋਂ ਲਗਪਗ ਚਾਰ ਗੁਣਾ ਵੱਡਾ ਹੈ। ਉੱਥੋਂ ਦੀ ਜ਼ੁਬਾਨ ਪੰਜਾਬੀ ਹੀ ਮੰਨੀ ਜਾਂਦੀ ਹੈ ਭਾਵੇਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਉਰਦੂ ਤੇ ਛੇਵੀਂ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਉੱਥੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਨਹੀਂ ਸਗੋਂ ਸ਼ਾਹਮੁਖੀ ਵਿੱਚ ਲਿਖੀ ਜਾਂਦੀ ਹੈ। ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ 'ਪੰਜਾਬੀ ਅਦਬੀ ਬੋਰਡ' ਦੀ ਸਥਾਪਨਾ ਕੀਤੀ ਗਈ ਹੈ, ਜੋ ਕਿਤਾਬਾਂ ਵੀ ਛਾਪਦਾ ਹੈ। ਉੱਥੇ ਪੰਜਾਬੀ ਦੇ ਕਈ ਰਸਾਲੇ ਨਿਕਲਦੇ ਹਨ ਤੇ ਬੱਚਿਆਂ ਵਾਸਤੇ ਕਿਤਾਬਾਂ ਵੀ ਛਪਦੀਆਂ ਹਨ। ਸੱਭਿਆਚਾਰਕ ਇਕੱਠਾਂ ਵਿੱਚ ਪੰਜਾਬੀ ਦੇ ਹੀ ਗੀਤਾਂ ਦੀ ਭਰਮਾਰ ਹੁੰਦੀ ਹੈ ਤੇ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਅਕਸਰ ਰੰਗ ਬੰਨ੍ਹਦੀਆਂ ਹਨ।



ਲਹਿੰਦੇ ਪੰਜਾਬ ਦੇ ਪੱਛਮ ਵਿੱਚ ਵੱਡਾ ਸੂਬਾ ਖ਼ੈਬਰ ਪਖ਼ਤੂਨਖ਼ਵਾ ਹੈ, ਜਿਸ ਨੂੰ ਪਹਿਲਾਂ ਫਰੰਟੀਅਰ ਸੂਬਾ ਕਹਿੰਦੇ ਸਨ ਜਿਸ ਦੀ ਪ੍ਰਵਾਨਿਤ ਭਾਸ਼ਾ ਪਸ਼ਤੋ ਹੈ, ਜਿਸ ਦੇ ਕਈ ਹਿੱਸਿਆਂ ਵਿੱਚ ਪੰਜਾਬੀ ਲੋਕ ਵੱਸਦੇ ਹਨ। ਪਿਸ਼ਾਵਰ ਤੋਂ ਬਾਅਦ ਇਸ ਦਾ ਵੱਡਾ ਅਹਿਮ ਸ਼ਹਿਰ ਐਬਟਾਬਾਦ ਹੈ, ਜੋ ਪੂਰੀ ਤਰ੍ਹਾਂ ਪੰਜਾਬੀ ਹੈ। ਇੱਥੋਂ ਦਾ ਇੱਕ ਇਲਾਕਾ 'ਹਜ਼ਾਰਾ' ਪੰਜਾਬੀ ਪ੍ਰਭਾਵ ਵਾਲਾ ਹੀ ਹੈ। ਇਸੇ ਲਈ ਤਾਂ ਨੂਰ ਜਹਾਂ ਗਾਉਂਦੀ ਹੈ, ''ਇੱਕ ਮੈਂ ਸੋਹਣੀ, ਮੇਰਾ ਮਾਹੀ ਸੋਹਣਾ, ਮੇਰਾ ਸੋਹਣਾ ਦੇਸ ਹਜ਼ਾਰਾ ਨ੍ਹੀਂ ਸਈ ।''

ਪਾਕਿਸਤਾਨ ਵਾਲੇ ਪਾਸੇ ਦਾ ਕਸ਼ਮੀਰ ਲਹਿੰਦੇ ਪੰਜਾਬ ਨਾਲ ਲੱਗਦਾ ਹੈ। ਉੱਥੇ ਕਸ਼ਮੀਰੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਦਸ-ਪੰਦਰਾਂ ਫ਼ੀਸਦੀ ਹੀ ਹੈ, ਬਾਕੀ ਸਭ ਪੰਜਾਬੀ ਬੋਲਦਾ ਇਲਾਕਾ ਹੈ। ਉੱਥੋਂ ਦੇ ਵਸਨੀਕ ਆਪਣੀ ਮਾਂ ਬੋਲੀ ਪੰਜਾਬੀ, ਪਹਾੜੀ ਤੇ ਪੋਠੋਹਾਰੀ ਵੀ ਦੱਸਦੇ ਹਨ। ਹਾਲਾਂਕਿ ਸਰਕਾਰੀ ਜ਼ੁਬਾਨ ਉਰਦੂ ਹੈ, ਪਰ ਆਮ ਬੋਲ-ਚਾਲ ਲਈ ਵੱਡੀ ਗਿਣਤੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਬਾਨੋ ਰਹਿਮਤ ਦਾ ਗਾਇਆ 'ਮਾਹੀਆ ਕਸ਼ਮੀਰ ਦਿਆ, ਜ਼ਰਾ ਖੜ੍ਹ ਮੇਰੇ ਕੋਲ' ਉੱਥੋਂ ਦਾ ਹਰਮਨ ਪਿਆਰਾ ਗੀਤ ਹੈ। ਕੁੱਲ ਮਿਲਾ ਕੇ ਅੱਜ ਸੰਸਾਰ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਡਾ ਮੁਲਕ ਪਾਕਿਸਤਾਨ ਹੈ।

ਦੇਸ਼ ਦੀ ਤਕਸੀਮ ਤੋਂ ਬਾਅਦ ਪੂਰਬੀ ਪੰਜਾਬ ਦੀ ਪਹਿਲੀ ਰਾਜਧਾਨੀ ਸ਼ਿਮਲਾ ਬਣੀ। ਇੱਥੇ ਹੀ ਰਾਜਪਾਲ, ਮੁੱਖ ਮੰਤਰੀ ਤੇ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵੀ ਦੋ ਹਿੱਸੇ ਹੋ ਗਏ ਤੇ ਏਧਰ ਇੱਕ ਹੋਰ ਪੰਜਾਬ ਯੂਨੀਵਰਸਿਟੀ, ਸੋਲਨ ਬਣ ਗਈ। ਲੰਮਾ ਸਮਾਂ ਧਰ ਦੀ ਯੂਨੀਵਰਸਿਟੀ ਤੋਂ ਰਿਕਾਰਡ ਏਧਰ ਲਿਆਏ ਜਾਂਦੇ ਰਹੇ। ਇੱਥੇ ਸ਼ਿਮਲੇ ਵਿੱਚ ਹੀ ਪੰਜਾਬ ਸਰਕਾਰ ਨੇ ਪਹਿਲੀ ਜਮਾਤ ਤੋਂ ਉਰਦੂ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਜਾਂ ਹਿੰਦੀ ਲਾਜ਼ਮੀ ਕੀਤੀ ਤੇ ਚੌਥੀ ਜਮਾਤ ਵਿੱਚ ਇਨ੍ਹਾਂ ਵਿੱਚੋਂ ਦੂਜੀ ਭਾਸ਼ਾ ਸ਼ੁਰੂ ਕੀਤੀ। ਵਰਤਮਾਨ ਹਰਿਆਣਾ ਤੇ ਹਿਮਾਚਲ ਦੇ ਵੱਡੇ ਇਲਾਕੇ ਵਿੱਚ ਦੂਰ-ਦੁਰਾਡੇ ਤੋਂ ਵੀ ਦਸਵੀਂ ਪੜ੍ਹੇ ਲੋਕ ਪੰਜਾਬੀ ਤੇ ਹਿੰਦੀ ਦੇ ਅਧਿਆਪਕ ਲਗਾ ਦਿੱਤੇ ਗਏ ਸਨ, ਸਿਖਲਾਈ ਬਾਅਦ ਵਿੱਚ ਸਹੀ। ਇਸੇ ਤਰ੍ਹਾਂ ਲਾਹੌਲ ਸਪਿਤੀ ਤੱਕ ਅੰਗਰੇਜ਼ੀ ਤੇ ਉਰਦੂ ਦੇ ਨਾਲ ਨਾਲ ਸਰਕਾਰੀ ਦਫ਼ਤਰਾਂ 'ਚ ਹਿੰਦੀ ਤੇ ਪੰਜਾਬੀ ਦੇ ਬੋਰਡ ਲੱਗ ਗਏ। ਮੰਨਣਾ ਪਵੇਗਾ ਕਿ ਪੰਜਾਬ ਦੇ ਪੁਨਰਗਠਨ, ਭਾਵ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਦਾ ਪ੍ਰਭਾਵ ਖੇਤਰ ਬਹੁਤ ਘਟ ਗਿਆ। ਪੰਜਾਬੀ ਨੂੰ ਸਭ ਤੋਂ ਵੱਡਾ ਝਟਕਾ ਹਿਮਾਚਲ ਵਿੱਚ ਲੱਗਿਆ, ਜਿੱਥੇ ਅੱਜ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ 'ਤੇ ਸਰਕਾਰੀ ਮਾਨਤਾ ਹਾਸਲ ਨਹੀਂ ਹੈ। ਹਾਲਾਂਕਿ ਇੱਕ ਵੱਡੇ ਇਲਾਕੇ ਵਿੱਚ ਇਹ ਲੋਕਾਂ ਦੀ ਆਮ ਬੋਲਚਾਲ ਦੀ ਭਾਸ਼ਾ ਹੈ, ਪਰ ਇਸ ਦਾ ਨਾਂ ਪਹਾੜੀ ਜਾਂ ਕਈ ਥਾਂ ਡੋਗਰੀ ਵੀ ਲਿਆ ਜਾਂਦਾ ਹੈ। ਆਪਣੇ ਲੰਮੇ ਸਾਂਝੇ ਇਤਿਹਾਸ ਦੀ ਬਦੌਲਤ ਅੱਜ ਵੀ ਹਿਮਾਚਲ ਦੇ ਲੋਕ ਗੀਤਾਂ ਅਤੇ ਧਾਰਮਿਕ ਗੀਤਾਂ ਵਿੱਚ ਪੰਜਾਬੀ ਭਾਸ਼ਾ ਦਾ ਰੰਗ ਸਹਿਜੇ ਹੀ ਦੇਖਣ ਨੂੰ ਮਿਲਦਾ ਹੈ।

ਪੰਜਾਬ ਦਾ ਵੱਡਾ ਗੁਆਂਢੀ ਸੂਬਾ ਹਰਿਆਣਾ ਹੈ, ਜੋ 1966 ਤੱਕ ਪੰਜਾਬ ਦਾ ਹਿੱਸਾ ਰਿਹਾ। ਇਹੀ ਕਾਰਨ ਹੈ ਕਿ ਇੱਥੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ।

ਪੰਜਾਬ ਦੇ ਹੋਰਨਾਂ ਗੁਆਂਢੀ ਸੂਬਿਆਂ ਦੇ ਮੁਕਾਬਲੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਬਿਹਤਰ ਸਰਕਾਰੀ ਮਾਨਤਾ ਮਿਲੀ ਹੈ। ਹਰਿਆਣਾ ਅਸੈਂਬਲੀ ਨੇ ਪੰਜਾਬੀ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਦਿੱਤਾ ਹੈ ਤੇ ਉੱਥੇ ਬਹੁਤ ਸਾਰੇ ਸਕੂਲਾਂ ਵਿੱਚ ਛੇਵੀਂ ਜਮਾਤ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਇੱਥੇ ਸਰਕਾਰੀ ਤੌਰ 'ਤੇ ਕਾਇਮ ਕੀਤੀ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹੈ, ਜੋ ਪੰਜਾਬੀ ਦਾ ਰਸਾਲਾ 'ਸ਼ਬਦ ਬੂੰਦ' ਕੱਢਦੀ ਹੈ ਤੇ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਵੀ ਕਰਦੀ ਹੈ। ਫਿਰ ਵੀ ਹਰਿਆਣਾ ਵਿੱਚ ਪੰਜਾਬੀ ਦੇ ਚੰਗੇ ਮੁਕਾਮ ਵਾਸਤੇ ਹੋਰ ਉਪਰਾਲਿਆਂ ਦੀ ਲੋੜ ਹੈ, ਜਿਸ ਵਾਸਤੇ ਉੱਥੋਂ ਦੇ ਪੰਜਾਬੀ ਪ੍ਰੇਮੀ ਆਵਾਜ਼ ਉਠਾਉਂਦੇ ਰਹਿੰਦੇ ਹਨ।

ਦਿੱਲੀ ਅੱਜ ਪੰਜਾਬ ਦਾ ਗੁਆਂਢੀ ਨਹੀਂ ਰਿਹਾ ਤੇ ਉੱਥੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਉਰਦੂ ਨਾਲ ਸਾਂਝਾ ਕਰਨਾ ਪੈ ਰਿਹਾ ਹੈ। ਉੱਥੇ ਵੀ ਸਰਕਾਰੀ 'ਪੰਜਾਬੀ ਅਕਾਦਮੀ' ਹੈ। ਰਾਜਸਥਾਨ ਵਿੱਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ। ਉੱਥੇ ਰਾਜਸਥਾਨੀ ਨੂੰ ਦੂਜੀ ਅਤੇ ਪੰਜਾਬੀ, ਉਰਦੂ ਤੇ ਸਿੰਧੀ ਨੂੰ ਤੀਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ।

ਵਰਤਮਾਨ ਸਮੇਂ ਵਿੱਚ ਜੰਮੂ ਕਸ਼ਮੀਰ ਦੀ ਸਰਹੱਦ ਪੰਜਾਬ ਨਾਲ ਬੱਸ ਚੁੰਝ ਮਾਤਰ ਹੀ ਲੱਗਦੀ ਹੈ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਹੈ। ਤੁਸੀਂ ਜੰਮੂ ਤੇ ਕਟੜਾ ਦੇ ਰੇਲਵੇ ਸਟੇਸ਼ਨਾਂ 'ਤੇ ਜਾਓਗੇ ਤਾਂ ਉੱਥੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਨਾਲ ਡੋਗਰੀ ਵਿੱਚ ਵੀ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਪੰਜਾਬ ਦੇ ਕਿਸੇ ਵੀ ਯਾਤਰੀ ਨੂੰ ਡੋਗਰੀ ਭਾਸ਼ਾ ਕਿਸੇ ਵੀ ਪੱਖੋਂ ਪੰਜਾਬੀ ਤੋਂ ਵੱਖਰੀ ਨਹੀਂ ਲੱਗਦੀ। ਦੱਸਦੇ ਨੇ ਕਿ ਜਦੋਂ ਕਸ਼ਮੀਰ ਵਿੱਚ ਪਾਕਿਸਤਾਨ ਵਾਲੇ ਪਾਸੇ ਦਾ ਹਿੱਸਾ ਵੀ ਸ਼ਾਮਿਲ ਸੀ ਤਾਂ ਉਸ ਵੇਲੇ ਦੀ ਪਹਿਲੀ ਮਰਦਮਸ਼ੁਮਾਰੀ ਵਿੱਚ ਸਭ ਤੋਂ ਵੱਡੀ ਗਿਣਤੀ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਸੀ। ਫਿਰ ਜਦੋਂ ਡੋਗਰੀ, ਪਹਾੜੀ ਤੇ ਗੋਜਰੀ ਨੂੰ ਪੂਰਨ ਭਾਸ਼ਾਵਾਂ ਦਾ ਦਰਜਾ ਮਿਲ ਗਿਆ ਤਾਂ ਅੰਕੜਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਘਟ ਗਈ। ਇਹ ਭਾਸ਼ਾਵਾਂ ਇੰਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਜਦੋਂ ਇਨ੍ਹਾਂ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਜਾਂਦਾ ਹੈ ਤਾਂ ਇਹ ਪੰਜਾਬੀ ਹੁੰਦੀ ਹੈ, ਦੇਵਨਾਗਰੀ ਵਿੱਚ ਲਿਖੀ ਜਾਵੇ ਤਾਂ ਡੋਗਰੀ ਬਣ ਜਾਂਦੀ ਹੈ ਤੇ ਜੇ ਸ਼ਾਹਮੁਖੀ ਵਿੱਚ ਲਿਖੀ ਜਾਵੇ ਤਾਂ ਇਹ ਭਾਸ਼ਾ ਪਹਾੜੀ ਜਾਂ ਗੋਜਰੀ ਕਹਾਉਂਦੀ ਹੈ। ਜੰਮੂ ਕਸ਼ਮੀਰ ਦਾ ਭਾਸ਼ਾ ਵਿਭਾਗ ਆਪਣਾ ਸਾਹਿਤਕ ਰਸਾਲਾ 'ਸ਼ੀਰਾਜ਼ਾ' ਪੰਜਾਬੀ ਸਮੇਤ ਇਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚ ਕੱਢਦਾ ਹੈ। ਸਾਡੇ ਪੰਜਾਬੀ ਸਾਹਿਤਕਾਰ ਆਪਣੇ ਵੱਲੋਂ ਵੀ ਕਈ ਸਾਹਿਤਕ ਰਸਾਲੇ 'ਹਿਮਾਲਾ', 'ਜਿਹਲਮ ਦਾ ਪਾਣੀ' ਤੇ 'ਕੇਸਰ ਮਹਿਕਾਂ' ਆਦਿ ਕੱਢਦੇ ਹਨ ਤੇ ਹੁਣੇ ਜੰਮੂ ਤੋਂ ਇੱਕ ਹੋਰ ਤਿਮਾਹੀ ਰਸਾਲਾ 'ਅਸੀਂ' ਸ਼ੁਰੂ ਕੀਤਾ ਗਿਆ ਹੈ।

ਡੋਗਰਾ ਹਕੂਮਤਾਂ ਵੇਲੇ ਤੋਂ ਹੀ ਜੰਮੂ ਕਸ਼ਮੀਰ ਵਾਸਤੇ ਉਰਦੂ ਇੱਕੋ ਇੱਕ ਸਰਕਾਰੀ ਭਾਸ਼ਾ ਚਲੀ ਆ ਰਹੀ ਹੈ। ਧਾਰਾ 370 ਰੱਦ ਕੀਤੇ ਜਾਣ ਵੇਲੇ ਕੇਂਦਰ ਸਰਕਾਰ ਨੇ ਉੱਥੋਂ ਵਾਸਤੇ ਪੰਜ ਰਾਜ ਭਾਸ਼ਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਉਰਦੂ, ਕਸ਼ਮੀਰੀ, ਹਿੰਦੀ, ਡੋਗਰੀ ਤੇ ਅੰਗਰੇਜ਼ੀ ਸ਼ਾਮਿਲ ਹਨ। ਹਾਲਾਂਕਿ ਸਾਡੇ ਮੁਲਕ ਦੇ ਕਿਸੇ ਵੀ ਗ਼ੈਰ-ਹਿੰਦੀ ਰਾਜ ਵਿੱਚ ਹਿੰਦੀ ਰਾਜ ਭਾਸ਼ਾ ਨਹੀਂ ਐਲਾਨੀ ਗਈ ਤੇ ਅੰਗਰੇਜ਼ੀ ਨੂੰ ਇਹ ਦਰਜਾ ਦੇਣ ਦੀ ਕੋਈ ਤੁਕ ਨਹੀਂ।

ਇੱਥੇ ਕਾਫ਼ੀ ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ ਤੇ ਜੰਮੂ ਯੂਨੀਵਰਸਿਟੀ ਵਿੱਚ ਪੰਜਾਬੀ ਵਿਭਾਗ ਵੀ ਹੈ। ਜੰਮੂ ਕਸ਼ਮੀਰ ਨੇ ਪੰਜਾਬੀ ਦੇ ਮਿਆਰੀ ਸਾਹਿਤਕਾਰ ਪੈਦਾ ਕੀਤੇ ਹਨ। ਅੱਜ ਦੀ ਬਹੁਤ ਗੁੰਝਲਦਾਰ ਹਾਲਤ ਵਿੱਚ ਵੀ ਉੱਥੋਂ ਦੇ ਪੰਜਾਬੀ ਪ੍ਰੇਮੀ ਭਾਸ਼ਾ ਦੇ ਉਭਾਰ ਵਾਸਤੇ ਯਤਨਸ਼ੀਲ ਹਨ।

ਹੁਣ ਤੱਕ ਅਸੀਂ ਪੰਜਾਬ ਨਾਲ ਸਰਹੱਦਾਂ ਸਾਂਝੀਆਂ ਕਰਨ ਵਾਲੇ ਸੂਬਿਆਂ ਦੀ ਗੱਲ ਕੀਤੀ ਹੈ, ਪਰ ਐਸੇ ਵੀ ਕੁਝ ਇਲਾਕੇ ਹਨ, ਜਿਨ੍ਹਾਂ ਨਾਲ ਬੇਸ਼ੱਕ ਮੌਜੂਦਾ ਪੰਜਾਬ ਦੀਆਂ ਸਰਹੱਦਾਂ ਨਹੀਂ ਲੱਗਦੀਆਂ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਕੁੱਲ ਭਾਰਤ ਪੰਜਾਬੀ ਕਾਨਫਰੰਸਾਂ' ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ ਤੇ ਜੰਮੂ ਕਸ਼ਮੀਰ ਤੋਂ ਇਲਾਵਾ ਝਾਰਖੰਡ, ਉੜੀਸਾ ਤੇ ਛੱਤੀਸਗੜ੍ਹ ਤੋਂ ਵੀ ਡੈਲੀਗੇਟ ਆਏ ਸਨ। ਇਹ ਤਜਰਬਾ ਚੰਗਾ ਸਾਬਿਤ ਹੋਇਆ ਸੀ।

ਜੇਕਰ ਇਸ 'ਤੇ ਮੁੜ ਵਿਚਾਰ ਕਰਕੇ ਉੱਦਮ ਕੀਤਾ ਜਾਵੇ ਤਾਂ ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ ਤੇ ਬੰਗਾਲ ਤੋਂ ਵੀ ਪੰਜਾਬੀ ਸੱਜਣ ਜੁੜ ਸਕਦੇ ਹਨ। ਪਾਕਿਸਤਾਨ ਵਿੱਚ ਵੀ ਜਦੋਂ ਪੰਜਾਬ ਤੋਂ ਬਾਹਰਲੇ ਇਲਾਕਿਆਂ 'ਤੇ ਨਜ਼ਰ ਮਾਰੀਏ ਤਾਂ ਸਮਝ ਆਉਂਦਾ ਹੈ ਕਿ ਇਸ ਉਪ ਮਹਾਂਦੀਪ ਵਿੱਚ ਬਹੁਤ ਵੱਡਾ ਇਲਾਕਾ ਪੰਜਾਬੀ ਬੋਲਣ ਵਾਲਿਆਂ ਦਾ ਹੈ, ਜੋ ਆਪਸੀ ਸਾਂਝ ਅਤੇ ਤਾਲਮੇਲ ਵਧਾਉਣ ਦਾ ਹਾਮੀ ਹੈ।

ਪੇਂਡੂ ਅਰਥਚਾਰੇ 'ਚ ਖੇਤਹੀਣ ਲੋਕਾਂ ਦੀ ਭੂਮਿਕਾ

ਬਲਵਿੰਦਰ ਸਿੰਘ ਸਿੱਧੂ

ਪਿਛਲੇ ਹਫਤੇ ਮੇਰੇ ਲੇਖ 'ਖੇਤੀਬਾੜੀ ਬਨਾਮ ਪੇਂਡੂ ਆਰਥਿਕਤਾ' ਬਾਰੇ ਮੇਰਾ ਇਕ ਲੇਖ ਛਪਣ ਤੋਂ ਬਾਅਦ ਮੈਨੂੰ ਕਈ ਪ੍ਰਤੀਕ੍ਰਿਆਵਾ ਆਈਆਂ ਕਿ ਲੇਖ 'ਚ ਪੇਂਡੂ ਗ਼ੈਰ-ਖੇਤੀਬਾੜੀ ਖੇਤਰ ਦਾ ਜ਼ਿਕਰ ਨਹੀਂ ਕੀਤਾ ਗਿਆ ਜਦਕਿ ਮੌਜੂਦਾ ਸਮੇਂ 'ਚ ਇਹ ਖੇਤਰ ਵੀ ਪੇਂਡੂ ਆਰਥਿਕਤਾ 'ਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਮੇਰੇ ਵਿਚਾਰ ਅਨੁਸਾਰ ਭਾਵੇਂ 1960 ਦੇ ਦਹਾਕੇ ਦੇ ਮੱਧ ' ਸ਼ੁਰੂ ਹੋਈ ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਪ੍ਰਾਪਤ ਸਫਲਤਾ ਕਾਰਨ ਪੰਜਾਬ ਨੂੰ 'ਭਾਰਤ ਦੇ ਅਨਾਜ ਭੰਡਾਰ' ਵਜੋਂ ਜਾਣਿਆ ਜਾਂਦਾ ਹੈ ਪਰ ਸੂਬੇ ਦੀ ਖੇਤੀਬਾੜੀ ਲੰਬੇ ਸਮੇਂ ਤੋਂ ਉੱਚ ਮਸ਼ੀਨੀਕਰਨ ਅਤੇ ਉੱਚ-ਉਪਜ ਦੇਣ ਵਾਲੀ ਕਣਕ-ਝੋਨੇ ਦੇ ਚੱਕਰ 'ਚ ਫਸੀ ਹੋਣ ਕਰ ਕੇ ਹੌਲੀ-ਹੌਲੀ ਫ਼ਸਲਾਂ ਦੀ ਪੈਦਾਵਾਰ 'ਚ ਖੜੋਤ, ਉਤਪਾਦਨ ਲਾਗਤਾਂ 'ਚ ਵਾਧਾ, ਜ਼ਮੀਨ-ਦੋਜ਼ ਪਾਣੀ ਦਾ ਡਿੱਗ ਰਿਹਾ ਪੱਧਰ ਅਤੇ ਕਿਰਤ ਸੋਖਣ ਦੀ ਸਮਰੱਥਾ ਘਟਣ ਕਰ ਕੇ ਇਕ ਡੂੰਘੇ ਸੰਕਟ ਨਾਲ ਜੂਝ ਰਹੀ ਹੈ। ਖੇਤੀਬਾੜੀ ਸੂਬੇ ਦੇ ਕੁੱਲ ਆਰਥਿਕ ਉਤਪਾਦਨ 'ਚ ਸਿਰਫ਼ ਪੰਜਵਾਂ ਹਿੱਸਾ (21 ਫ਼ੀਸਦ ਤੋਂ ਕੁਝ ਵੱਧ) ਪਾਉਣ ਦੇ ਬਾਵਜੂਦ, ਅਜੇ ਵੀ ਲਗਭਗ 27 ਫ਼ੀਸਦ ਤੋਂ 44 ਫ਼ੀਸਦ ਕਾਰਜਬਲ ਨੂੰ ਰੁਜ਼ਗਾਰ ਪ੍ਰਦਾਨ ਕਰਦੀ ਹੈ ਤੇ ਇਹ ਅਸੰਤੁਲਨ ਵੱਡੇ ਪੱਧਰ 'ਤੇ ਅਧੂਰੇ ਰੁਜ਼ਗਾਰ ਦੀ ਸਥਿਤੀ ਪੈਦਾ ਕਰਦਾ ਹੈ। ਇਸ ਸਮੇਂ ਪੰਜਾਬ ਦਾ ਆਰਥਿਕ ਢਾਂਚਾ ਇਕ ਡੂੰਘੇ ਢਾਂਚਾਗਤ ਬਦਲਾਅ 'ਚੋਂ ਲੰਘ ਰਿਹਾ ਹੈ। 'ਪੰਜਾਬ ਆਰਥਿਕ ਸਰਵੇਖਣ-2025-26' ਦੇ ਅੰਕੜੇ ਉਤਪਾਦਨ ਤੇ ਰੁਜ਼ਗਾਰ ਦੇ ਰੁਝਾਨਾਂ ਵਿਚਕਾਰ ਇਕ ਵੱਡਾ ਅੰਤਰ (ਵਿਗਾੜ) ਦਰਸਾਉਂਦੇ ਹਨ। ਸਥਿਰ ਕੀਮਤਾਂ 'ਤੇ ਪੰਜਾਬ ਦੇ 'ਕੁੱਲ ਰਾਜ ਮੁੱਲ ਵਾਧੇ' 'ਚ ਖੇਤੀਬਾੜੀ ਤੇ ਸਹਾਇਕ ਗਤੀਵਿਧੀਆਂ ਦੇ ਹਿੱਸੇ 'ਚ ਭਾਰੀ


PUNJAB
INDUSTRIES</antoc

ਪੇਂਡੂ ਅਰਥਚਾਰੇ 'ਚ ਖੇਤਹੀਣ ਲੋਕਾਂ ਦੀ ਭੂਮਿਕਾ

(ਸਫਾ 8 ਦੀ ਬਾਕੀ

ਕਰਦੀਆਂ ਹਨ ਤੇ ਖੇਤੀਬਾੜੀ ਉਤਪਾਦਨ ਨੂੰ ਨਿਰਮਾਣ ਦੌਲਤ ਨਾਲ ਜੋੜਦੀਆਂ ਹਨ। ਵਪਾਰ, ਵਣਜ ਤੇ ਪ੍ਰਾਹੁਣਚਾਰੀ ਥੋਕ ਮੰਡੀਆਂ, ਪ੍ਰਚੂਨ ਦੁਕਾਨਾਂ, ਆਵਾਜਾਈ ਸੰਚਾਲਨ, ਪੇਂਡੂ ਖਾਣ-ਪੀਣ ਵਾਲੀਆਂ ਥਾਵਾਂ ਅਤੇ ਪੈਟਰੋਲ ਪੰਪ ਆਦਿ ਰੋਜ਼ਾਨਾ ਨਕਦੀ ਪ੍ਰਵਾਹ ਪੈਦਾ ਕਰਦੇ ਹਨ। ਐੱਮਐੱਸਐੱਮਈ ਅਤੇ ਛੋਟੇ ਪੈਮਾਨੇ ਦੇ ਉਦਯੋਗ ਜਿਵੇਂਕਿ ਟੈਕਸਟਾਈਲ ਇਕਾਈਆਂ, ਖੇਡਾਂ ਦਾ ਸਮਾਨ (ਜਲੰਧਰ), ਸਾਈਕਲ ਦੇ ਪੁਰਜ਼ੇ (ਲੁਧਿਆਣਾ), ਖੇਤੀਬਾੜੀ ਸੰਦ ਆਦਿ ਵੀ ਪੇਂਡੂ ਵਸਨੀਕਾਂ ਨੂੰ ਤਕਨੀਕੀ, ਗ਼ੈਰ-ਖੇਤੀਬਾੜੀ ਕਿੱਤਿਆਂ 'ਚ ਜਜ਼ਬ ਕਰਦੇ ਹਨ। ਸੇਵਾ ਖੇਤਰ ਆਈਟੀ ਸਹਾਇਤਾ, ਬੀਪੀ , ਮੁਰੰਮਤ ਦੀਆਂ ਦੁਕਾਨਾਂ, ਨਿੱਜੀ ਸਿੱਖਿਆ, ਪ੍ਰਾਈਵੇਟ ਹਸਪਤਾਲ ਪੜ੍ਹੇ-ਲਿਖੇ ਪੇਂਡੂ ਨੌਜਵਾਨਾਂ ਲਈ ਉੱਚ-ਉਜਰਤ ਸੰਭਾਵਨਾਵਾਂ ਪੈਦਾ ਕਰਦੇ ਹਨ।

ਨੀਤੀ ਆਯੋਗ ਵੱਲੋਂ 2025 'ਚ ਤਿਆਰ ਕੀਤੀ ਰਿਪੋਰਟ 'ਭਾਰਤ ਦਾ ਸੇਵਾ ਖੇਤਰ: ਰੁਜ਼ਗਾਰ ਦੇ ਰੁਝਾਨਾਂ ਤੇ ਰਾਜ-ਪੱਧਰੀ ਗਤੀਸ਼ੀਲਤਾ ਬਾਰੇ ਅੰਤਰ-ਦ੍ਰਿਸ਼ਟੀ' ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਸੇਵਾ ਖੇਤਰ ਦੀ ਪੰਜਾਬ ਦੇ ਰੁਜ਼ਗਾਰ 'ਚ ਹਿੱਸੇਦਾਰੀ (2023-24) ਲੱਗਭੱਗ 40.8 ਫ਼ੀਸਦ (ਲਗਭਗ 54 ਲੱਖ ਕਾਮੇ) ਸੀ ਜਿਸ 'ਚ ਸ਼ਹਿਰੀ ਅਤੇ ਪੇਂਡੂ ਖੇਤਰ ਦੀ ਹਿੱਸੇਦਾਰੀ ਕ੍ਰਮਵਾਰ 60.7 ਫ਼ੀਸਦ ਅਤੇ 29.6 ਫ਼ੀਸਦ ਸੀ ਤੇ ਇਸ ਸਾਲ ਦੌਰਾਨ ਸੇਵਾ ਖੇਤਰ ਦਾ ਰੋਜ਼ਗਾਰ 'ਚ ਯੋਗਦਾਨ 2011-12 (32 ਫ਼ੀਸਦ) ਦੇ ਮੁਕਾਬਲੇ ਕਾਫ਼ੀ ਵੱਧ ਹੈ ਤੇ ਇਹ 29।7 ਫ਼ੀਸਦ ਦੀ ਰਾਸ਼ਟਰੀ ਔਸਤ ਤੋਂ ਵੀ ਉੱਪਰ ਹੈ। ਇਸ ਰੋਜ਼ਗਾਰ 'ਚ ਮੁੱਖ ਉਪ-ਖੇਤਰ ਕ੍ਰਮਵਾਰ ਥੋਕ ਅਤੇ ਪ੍ਰਚੂਨ ਵਪਾਰ (33 ਫ਼ੀਸਦ), ਆਵਾਜਾਈ ਅਤੇ ਭੰਡਾਰਨ (11 ਫ਼ੀਸਦ), ਸਿੱਖਿਆ (10.9 ਫ਼ੀਸਦ), ਘਰੇਲੂ ਗਤੀਵਿਧੀਆਂ (8.3 ਫ਼ੀਸਦ), ਮਨੁੱਖੀ ਸਿਹਤ ਅਤੇ ਸਮਾਜਿਕ ਕਾਰਜ (5.6 ਫ਼ੀਸਦ), ਰਿਹਾਇਸ਼ ਅਤੇ ਭੋਜਨ (4.7 ਫ਼ੀਸਦ), ਜਨਤਕ ਪ੍ਰਸ਼ਾਸਨ ਅਤੇ ਰੱਖਿਆ (4.3 ਫ਼ੀਸਦ) ਅਤੇ ਵਿੱਤੀ ਤੇ ਬੀਮਾ (3.4 ਫ਼ੀਸਦ), ਆਦਿ ਹਨ।

ਪੇਂਡੂ ਗ਼ੈਰ-ਖੇਤੀ ਖੇਤਰ ਦੀ ਮਹੱਤਵਪੂਰਨ ਭੂਮਿਕਾ ਦੇ ਬਾਵਜੂਦ, ਇਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੰਭੀਰ ਚੁਣੌਤੀਆਂ ਦੇ ਕਰ ਕੇ ਇਹ ਆਪਣੀ ਅਸਲ ਸੰਭਾਵਨਾ ਤੋਂ ਬਹੁਤ ਘੱਟ ਫਾਇਦਾ ਪਹੁੰਚਾ ਸਕਿਆ ਹੈ। ਜਦਕਿ ਪੰਜਾਬ ਦੇ ਨੌਜਵਾਨ ਉੱਚ ਸਾਖ਼ਰਤਾ ਦਰ ਪ੍ਰਾਪਤ ਕਰਦੇ ਹਨ ਪਰ ਤਕਨੀਕੀ ਤੇ ਕਿੱਤਾਮੁਖੀ ਸਿਖਲਾਈ ਦੀ ਇਕ ਸਪੱਸ਼ਟ ਘਾਟ ਹੈ। ਪੇਂਡੂ ਨੌਜਵਾਨਾਂ ਕੋਲ ਉੱਚ-ਤਨਖ਼ਾਹ ਵਾਲੀਆਂ ਕਾਰਪੋਰੇਟ ਜਾਂ ਤਕਨੀਕੀ ਸੇਵਾ ਨੌਕਰੀਆਂ ਲਈ ਲੋੜੀਂਦੇ ਉੱਨਤ ਡਿਜੀਟਲ ਜਾਂ ਉਦਯੋਗਿਕ ਹੁਨਰ ਦੀ ਘਾਟ ਹੈ, ਜਿਸ ਕਰ ਕੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਰਾਸ਼ਟਰੀ ਔਸਤ ਦੇ ਮੁਕਾਬਲੇ ਵੱਧ ਹੈ। ਦੂਸਰੇ, ਪੰਜਾਬ 'ਚ ਗ਼ੈਰ-ਖੇਤੀ ਖੇਤਰ ਦਾ ਇਕ ਮਹੱਤਵਪੂਰਨ ਹਿੱਸਾ ਗ਼ੈਰ-ਰਸਮੀ, ਅਸਥਾਈ ਅਤੇ ਅਸੰਗਠਿਤ ਨੌਕਰੀਆਂ ਪ੍ਰਦਾਨ ਕਰਦਾ ਹੈ, ਜਿਸ ਕਰ ਕੇ ਮਜਦੂਰਾਂ ਨੂੰ ਢਾਂਚਾਗਤ ਸਥਿਰਤਾ, ਸਿਹਤ ਲਾਭ ਤੇ ਲੰਬੇ ਸਮੇਂ ਦੇ ਕੈਰੀਅਰ ਵਿਕਾਸ ਦੀ ਘਾਟ ਹੈ। ਤੀਸਰੇ, ਛੋਟੀਆਂ ਦੁਕਾਨਾਂ, ਮੁਰੰਮਤ ਕੇਂਦਰਾਂ, ਜਾਂ ਬੁਟੀਕ ਨਿਰਮਾਣ ਇਕਾਈਆਂ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਹੇ ਪੇਂਡੂ ਉੱਦਮੀਆਂ ਨੂੰ ਰਸਮੀ ਕ੍ਰੈਡਿਟ ਪ੍ਰਾਪਤ ਕਰਨ 'ਚ ਵੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਮੰਨਦੇ ਹੋਏ ਕਿ ਸਿਰਫ਼ ਖੇਤੀਬਾੜੀ ਹੀ ਹੁਣ ਰਾਜ ਦੇ ਭਵਿੱਖ ਨੂੰ ਨਹੀਂ ਸੰਭਾਲ ਸਕਦੀ, ਸਰਕਾਰ ਨੂੰ ਗ਼ੈਰ-ਖੇਤੀ ਅਰ-ਥਵਿਵਸਥਾ ਨੂੰ ਸਮਰਥਨ ਦੇਣ ਲਈ ਨਿਸ਼ਾਨਾਬੱਧ ਸੰਸਥਾਗਤ ਢਾਂਚੇ ਦੇ ਵਿਕਾਸ ਲਈ ਹੁਨਰ ਵਿਕਾਸ ਤੇ ਧਿਆਨ ਦੇਣਾ ਚਾਹੀਦਾ ਹੈ ਤੇ ਇਸ ਮੰਤਵ ਲਈ ਆਧੁਨਿਕ ਤਕਨੀਕੀ ਮੁਹਾਰਤਾਂ ਤੇ ਖੇਤੀਬਾੜੀ-ਉਦਯੋਗਿਕ ਪ੍ਰਬੰਧਨ ਸਿਖਾਉਣ ਲਈ ਪੇਂਡੂ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਅਪਗ੍ਰੇਡ ਕਰਨਾ ਚਾਹੀਦਾ ਹੈ। ਪ੍ਰਮੁੱਖ ਖਪਤਕਾਰ ਬਾਜ਼ਾਰਾਂ ਨਾਲ ਰਾਜ ਦੀ ਨੇੜਤਾ ਦਾ ਲਾਭ ਉਠਾਉਣ ਲਈ ਉੱਚ-ਮੁੱਲ ਵਾਲੇ ਖੇਤੀਬਾੜੀ-ਸਹਿਯੋਗੀ ਉਦਯੋਗਾਂ ਭਾਵ ਸੂਖਮ ਭੋਜਨ ਪ੍ਰੋਸੈਸਿੰਗ, ਕੋਲਡ-ਚੇਨ ਲੌਜਿਸਟਿਕਸ ਤੇ ਵਪਾਰਕ ਬਾਗਬਾਨੀ ਵੱਲ ਤਬਦੀਲੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਡਿਜੀਟਲ ਸੂਖਮ-ਉਧਾਰ ਦਾ ਵਿਸਤਾਰ ਕਰਨਾ ਤੇ ਸਹਿਕਾਰੀ ਕ੍ਰੈਡਿਟ ਸੁਸਾਇਟੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਜੋ ਛੋਟੇ-ਪੱਧਰ ਦੇ ਪੇਂਡੂ ਉੱਦਮੀਆਂ ਨੂੰ ਮਹਿੰਗੇ ਕਰਜ਼ੇ ਲਏ ਬਿਨਾਂ ਸਕੇਲ ਕਰਨ ਲਈ ਲੋੜੀਂਦੀ ਪੂੰਜੀ ਮੁਹੱਈਆ ਕਰਵਾਈ ਜਾ ਸਕੇ।

ਪੰਜਾਬ ਦੀ ਆਰਥਿਕਤਾ ਦਾ ਬਿਰਤਾਂਤ ਬਦਲ ਰਿਹਾ ਹੈ। ਜਦਕਿ ਹਰੀ ਕ੍ਰਾਂਤੀ ਦੀਆਂ ਇਤਿਹਾਸਕ ਪ੍ਰਾਪਤੀਆਂ ਹਮੇਸ਼ਾ ਇਸ ਦੇ ਵਿਕਾਸ 'ਚ ਇਕ ਮਾਣਮੱਤਾ ਅਧਿਆਇ ਰਹਿਣਗੀਆਂ, ਰਾਜ ਦਾ ਅੱਗੇ ਦਾ ਰਸਤਾ ਖੇਤੀਬਾੜੀ ਦੇ ਦਰਵਾਜ਼ੇ ਤੋਂ ਪਰੇ ਹੈ। ਪੇਂਡੂ ਗ਼ੈਰ-ਖੇਤੀ ਖੇਤਰ ਹੁਣ ਇਕ ਵਿਕਲਪਿਕ ਸੁਰੱਖਿਆ ਜਾਲ ਹੀ ਨਹੀਂ ਰਿਹਾ; ਇਹ ਪੇਂਡੂ ਖੁਸ਼ਹਾਲੀ ਦਾ ਇਕ ਲਾਜ਼ਮੀ ਥੰਮ੍ਹ ਬਣ ਗਿਆ ਹੈ।

ਵਾਧੂ ਖੇਤੀ ਮਜ਼ਦੂਰੀ ਨੂੰ ਜਜ਼ਬ ਕਰਕੇ, ਘਰੇਲੂ ਆਮਦਨ ਨੂੰ ਸੁਚਾਰੂ ਬਣਾ ਕੇ ਅਤੇ ਪੇਂਡੂ ਖੇਤਰਾਂ 'ਚ ਉਦਯੋਗਿਕ ਅਤੇ ਸੇਵਾ-ਅਗਵਾਈ ਵਾਲੇ ਵਿਕਾਸ ਨੂੰ ਹੁਲਾਰਾ ਦੇ ਕੇ, ਇਹ ਖੇਤਰ ਅਜਿਹੀ ਸਥਿਰਤਾ ਪ੍ਰਦਾਨ ਕਰਦਾ ਹੈ, ਜਿਸ ਦੀ ਪੰਜਾਬ ਨੂੰ ਆਪਣੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਲੋੜ ਹੈ। ਹੁਨਰ ਵਿਕਾਸ, ਬੁਨਿਆਦੀ ਢਾਂਚਾ ਨਿਵੇਸ਼ ਅਤੇ ਵਿੱਤੀ ਸਮਾਵੇਸ਼ 'ਚ ਨਿਸ਼ਾਨਾਬੱਧ ਨੀਤੀਆਂ ਦੇ ਨਾਲ ਹੀ ਪੰਜਾਬ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਲਚਕੀਲੀ, ਵਿਭਿੰਨ ਤੇ ਖੁਸ਼ਹਾਲ ਪੇਂਡੂ ਅਰਥਵਿਵਸਥਾ ਬਣਾਉਣ 'ਚ ਸਫਲ ਹੋ ਸਕੇਗਾ।

ਇਨਸਾਨੀ ਦਿਮਾਗ ਨੂੰ ਤਾਕਤ ਦਿੰਦੀ ਹੈ ਪੰਛੀਆਂ ਦੀ ਆਵਾਜ

ਪੰਛੀ ਦੇਖਣਾ ਦਿਮਾਗ ਦੀ ਬੁੱਢੇ ਹੋਣ ਦੀ ਦਰ ਹੌਲੀ ਕਰਦਾ ਹੈ ਅਤੇ ਇਸ ਨੂੰ ਡਿਮੈਂਸ਼ੀਆ ਦੇ ਮਰੀਜ਼ਾਂ ਵਿੱਚ ਦਵਾਈ ਜਾਂ ਥਰੈਪੀ ਵਜੋਂ ਵਰਤਿਆ ਜਾ ਰਿਹਾ ਹੈ। ਹਰ ਹਫ਼ਤੇ ਪੰਛੀ ਪ੍ਰੇਮੀ ਬਜ਼ੁਰਗਾਂ ਦਾ ਇੱਕ ਗਰੁੱਪ ਇੰਗਲੈਂਡ ਦੇ ਪੇਂਡੂ ਇਲਾਕੇ ਵਿੱਚ ਇੱਕ ਲੱਕੜ ਦੇ ਹਲੇ ਘੰਟਿਆਂ ਬੱਧੀ ਬੈਠਦਾ ਹੈ। ਉਤਸ਼ਾਹ ਨਾਲ ਇੱਕ ਦੂਜੇ ਨੂੰ ਦੱਸਦੇ ਹਨ ਕਿ ਉਨ੍ਹਾਂ ਨੇ ਦੂਰਬੀਨ ਵਿੱਚ ਕੀ ਦੇਖਿਆ। ਕੰਕਰਾਂ ਵਾਲੀ ਜ਼ਮੀਨ ਨੂੰ ਫਰੋਲਦੀ ਇੱਕ ਇਸਟਰਕੈਚਰ ਦੀ ਲੰਬੀ ਚਮਕਦਾਰ ਚੁੰਝ, ਪਾਣੀ ਵਿੱਚ ਡੋਲਦੇ ਹੋਏ ਦੋ ਗ੍ਰੇਟ ਕ੍ਰੈਸਟਡ ਗ੍ਰੀਬਸ, ਜਿਨ੍ਹਾਂ ਦੇ ਸਿਰ ਉੱਤੇ ਖੰਭਾਂ ਦੀ ਕਲਗੀ ਨਜ਼ਰ ਆ ਰਹੀ ਹੈ।

ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਇਹ ਯਾਦ ਰੱਖਣ ਵਿੱਚ ਮੁਸ਼ਕਿਲ ਹੁੰਦੀ ਹੈ ਕਿ ਉਸ ਦਿਨ ਪਹਿਲਾਂ ਕੀ ਹੋਇਆ ਸੀ ਅਤੇ ਸ਼ਾਇਦ ਉਹ ਗੱਲਬਾਤ ਦਾ ਸਿਲਸਿਲਾ ਬਣਾਈ ਰੱਖਣ ਵਿੱਚ ਵੀ ਸੰਘਰਸ਼ ਕਰਦੇ ਹਨ। ਪਰ ਜਦੋਂ ਯੂਕੇ ਦੇ ਵੈਸਟ ਮਿਡਲੈਂਡਜ਼ ਵਿੱਚ ਫੋਰਜ ਮਿੱਲ ਝੀਲ ਦੇ ਆਲੇ-ਦੁਆਲੇ ਅਸਮਾਨ ਵਿੱਚ ਉੱਡਣ ਵਾਲੇ ਪੰਛੀਆਂ ਬਾਰੇ ਆਪਸ ਵਿੱਚ ਜਾਣਕਾਰੀ ਅਤੇ ਗੱਲਾਂ ਸਾਂਝੀਆਂ ਕਰਦੇ ਹਨ ਤਾਂ ਉਹ ਬਹੁਤ ਖੁਸ਼ ਹੁੰਦੇ ਹਨ। ਇਨ੍ਹਾਂ ਵਿੱਚ 78 ਸਾਲਾ ਹੈਰਲਡ ਵੀ ਹਨ। ਉਹ ਜਦੋਂ ਜਵਾਨ ਸਨ ਤਾਂ ਉਨ੍ਹਾਂ ਨੂੰ ਬਾਹਰ ਘੁੰਮਣਾ ਫਿਰਨਾ ਬਹੁਤ ਪਸੰਦ ਸੀ ਪਰ ਪਿਛਲੇ ਕੁਝ ਸਮੇਂ ਤੋਂ ਡਿਮੈਂਸ਼ੀਆ ਕਾਰਨ ਉਹ ਚੁੱਪਚਾਪ ਅਤੇ ਚਿੰਤਤ ਰਹਿਣ ਲੱਗ ਪਏ ਸਨ। ਮਾਹੌਲ ਦੀ ਤਬਦੀਲੀ ਅਤੇ ਸ਼ਾਂਤ ਝੀਲ ਉਨ੍ਹਾਂ ਲਈ ਚੰਗੀ ਸਾਬਿਤ ਹੋ ਸਕਦੀ ਹੈ ਇਸ ਉਮੀਦ ਵਿੱਚ ਉਨ੍ਹਾਂ ਦੀ ਬੇਟੀ ਲੂਸੀ ਉਨ੍ਹਾਂ ਨੂੰ ਇੱਥੇ ਲੈ ਕੇ ਆਈ ਸੀ। ਇੱਕ ਡਰ ਭਰੀ ਸ਼ੁਰੂਆਤ ਤੋਂ ਬਾਅਦ ਹੈਰਲਡ ਦੇ ਚਿਹਰੇ 'ਤੇ ਮੁਸਕਾਨ ਆ ਗਈ ਜਦੋਂ ਕਿਸੇ ਨੇ ਰੌਬਿਨ ਵੱਲ ਇਸ਼ਾਰਾ ਕੀਤਾ ਅਤੇ ਉਨ੍ਹਾਂ ਨੇ ਬੱਤਖਾਂ ਨੂੰ ਪਾਣੀ ਵਿੱਚ ਛਿੱਟੇ ਉਡਾਉਂਦਿਆਂ ਦੇਖਣ ਦਾ ਆਨੰਦ ਲਿਆ।



ਬਲੂ ਟਿਟਸ ਨੇੜਲੇ ਰੁੱਖਾਂ ਵਿਚਕਾਰ ਤੇਜ਼ੀ ਨਾਲ ਉੱਡ ਰਹੇ ਸਨ ਅਤੇ ਲੂਸੀ ਨੇ ਹੈਰਲਡ ਨੂੰ ਲੰਬੇ ਸਮੇਂ ਬਾਅਦ ਪਹਿਲੀ ਵਾਰ ਹੱਸਦਿਆਂ ਦੇਖਿਆ। ਇਸ ਸੰਸਥਾ ਏਜ ਯੂਕੇ ਵਿੱਚ ਕਮਿਊਨਿਟੀ ਡਿਮੈਂਸ਼ੀਆ ਸਲਾਹਕਾਰ ਜੈਨੀ ਬੁਡਿੰਗਰ ਨੇ ਕਿਹਾ, "ਉਸ ਪਲ ਉਹ ਪੂਰੀ ਤਰ੍ਹਾਂ ਉੱਥੇ ਮੌਜੂਦ ਸਨ, ਉਹ ਆਪਣੀ ਯਾਦਦਾਸ਼ਤ ਜਾਂ ਆਤਮ-ਵਿਸ਼ਵਾਸ ਪ੍ਰਤੀ ਚਿੰਤਤ ਨਹੀਂ ਸਨ। ਇਹ ਬਹੁਤ ਹੀ ਸਹਿਜ ਤਰੀਕੇ ਦਾ ਸ਼ਕਤੀਸ਼ਾਲੀ ਪ੍ਰਭਾਵ ਹੈ।" ਬਜ਼ੁਰਗਾਂ ਅਤੇ ਡਿਮੈਂਸ਼ੀਆ ਦੇ ਮਰੀਜ਼ਾਂ ਲਈ ਪੰਛੀਆਂ ਨੂੰ ਦੇਖਣਾ ਸਮਾਂ ਬਿਤਾਉਣ ਦਾ ਇੱਕ ਬਹੁਤ ਹੀ ਕੀਮਤੀ ਤਰੀਕਾ ਮੰਨਿਆ ਜਾ ਰਿਹਾ ਹੈ ਅਤੇ ਇਸ ਲਈ ਯੂਕੇ ਜਰਮਨੀ ਅਤੇ ਅਮਰੀਕਾ ਦੇ ਨਰਸਿੰਗ ਹੋਮਜ਼ ਵਿੱਚ ਕਈ ਸਮੂਹ ਬਣਾਏ ਗਏ ਹਨ। ਭਾਵੇਂ ਖਿੜਕੀ ਰਾਹੀਂ ਹੀ ਕਿਉਂ ਨਾ ਹੋਵੇ ਪੰਛੀਆਂ ਵੱਲ ਦੇਖਣਾ, ਬਜ਼ੁਰਗਾਂ ਨੂੰ ਦੂਜਿਆਂ ਨਾਲ ਵਧੇਰੇ ਜੁੜਿਆ ਹੋਇਆ ਮਹਿਸੂਸ ਕਰਵਾਉਣ, ਸਕਾਰਾਤਮਕ ਭਾਵਨਾਵਾਂ ਦਾ ਅਨੁਭਵ ਕਰਨ ਅਤੇ ਯਾਦਦਾਸ਼ਤ ਵਧਾਉਣ ਵਿੱਚ ਮਦਦ ਕਰ ਸਕਦਾ ਹੈ। ਹੁਣ ਨਵੀਂ ਖੋਜ ਦਿਖਾਉਂਦੀ ਹੈ ਕਿ ਪੰਛੀ ਦੇਖਣਾ ਦਿਮਾਗ਼ ਦੀ ਬਣਤਰ ਨੂੰ ਉਸੇ ਤਰ੍ਹਾਂ ਬਦਲ ਸਕਦਾ ਹੈ ਜਿਵੇਂ ਕੋਈ ਖੇਡ ਖੇਡਣਾ ਜਾਂ ਕੋਈ ਸਾਜ ਵਜਾਉਣਾ ਸਿੱਖਣਾ ਅਤੇ ਇਹ ਦਿਮਾਗ਼ ਦੇ ਬੁੱਢੇ ਹੋਣ ਦੀ ਪ੍ਰਕਿਰਿਆ ਨੂੰ ਹੌਲੀ ਕਰਨ ਵਿੱਚ ਮਦਦ ਕਰ ਸਕਦਾ ਹੈ।

ਲੈਬੋਰਟਰੀ ਵਿੱਚ ਦਿਮਾਗ਼ ਦੇ ਮਾਹਿਰਾਂ ਨੇ ਪੰਛੀ ਪ੍ਰੇਮੀਆਂ ਦੀ ਕਾਬਲੀਅਤ ਦਾ ਇਹ ਪਤਾ ਲਗਾਉਣ ਲਈ ਟੈਸਟ ਲਿਆ ਕਿ ਕੌਣ ਮਾਹਿਰ ਹੈ ਅਤੇ ਕੌਣ ਨਵਾਂ। ਵਿਗਿਆਨੀਆਂ ਨੇ ਦੇਖਿਆ ਕਿ ਮਾਹਿਰਾਂ ਦੇ ਦਿਮਾਗ਼ ਦੀ ਬਣਤਰ ਬਿਲਕੁਲ ਹੀ ਵੱਖਰੀ ਸੀ ਅਤੇ ਪੰਛੀਆਂ ਨੂੰ ਦੇਖਣ ਦੀ ਇਹ ਮਹਾਰਤ ਦਿਮਾਗ਼ ਨੂੰ ਵਧੇਰੇ ਵਿਵਸਥਿਤ ਰੱਖ ਕੇ ਉਮਰ ਦੇ ਨਾਲ ਹੋਣ ਵਾਲੀ ਬੌਧਿਕ ਗਿਰਾਵਟ ਨੂੰ ਹੌਲੀ ਕਰ ਸਕਦੀ ਹੈ। ਕੈਨੇਡਾ ਦੇ ਟੋਰਾਂਟੋ ਵਿੱਚ ਬੇਕਰੈਸਟ ਅਕੈਡਮੀ ਫਾਰ ਰਿਸਰਚ ਐਂਡ ਐਜੁਕੇਸ਼ਨ ਵਿਖੇ ਇਸ ਖੋਜ ਦੀ ਅਗਵਾਈ ਕਰਨ ਵਾਲੇ ਐਰਿਕ ਵਿੰਗ ਨੇ ਪੰਛੀਆਂ ਦੀ ਪਛਾਣ ਕਰਨ ਦੌਰਾਨ ਪੰਛੀ ਮਾਹਿਰਾਂ ਦੇ ਦਿਮਾਗ਼ ਦੇ ਐਮ।ਆਰ।ਆਈ ਸਕੈਨਾਂ ਦੀ ਤੁਲਨਾ ਨਵੇਂ ਲੋਕਾਂ ਦੇ ਸਕੈਨ ਨਾਲ ਕੀਤੀ। ਉਨ੍ਹਾਂ ਨੇ ਦੇਖਿਆ ਕਿ ਮਾਹਿਰਾਂ ਦੇ ਦਿਮਾਗ਼ ਦੀ ਬਣਤਰ ਉਨ੍ਹਾਂ ਹਿੱਸਿਆਂ ਵਿੱਚ ਵੱਖਰੀ ਸੀ ਜੋ ਇਕਾਗਰਤਾ, ਦ੍ਰਿਸ਼ਟੀਗਤ ਸੰਵੇਦਨਸ਼ੀਲਤਾ ਅਤੇ ਦ੍ਰਿਸ਼ ਪਛਾਣ ਜਿਹੇ ਕੰਮਾਂ ਲਈ ਮਹੱਤਵਪੂਰਨ ਹੁੰਦੇ ਹਨ।

ਪੰਛੀਆਂ ਦੇ ਮਾਹਿਰਾਂ ਵਿੱਚ ਇਨ੍ਹਾਂ ਹਿੱਸਿਆਂ 'ਚ ਵੱਧ ਸਰਗਰਮੀ ਦੇਖਣ ਨੂੰ ਮਿਲੀ। ਖਾਸ ਕਰਕੇ ਉਦੋਂ ਜਦੋਂ ਉਨ੍ਹਾਂ ਨੂੰ ਅਜਿਹੇ ਪੰਛੀਆਂ ਦੀ ਪਛਾਣ ਕਰਨ ਲਈ ਕਿਹਾ ਗਿਆ ਜਿਨ੍ਹਾਂ ਤੋਂ ਉਹ ਪਹਿਲਾਂ ਜਾਣੂ ਨਹੀਂ ਸਨ। ਇਹ ਖੋਜ ਇਹ ਸਾਬਿਤ ਨਹੀਂ ਕਰਦੀ ਕਿ ਦਿਮਾਗ਼ ਦੀ ਬਣਤਰ ਵਿੱਚ ਆਏ ਬਦਲਾਅ ਪੰਛੀ ਦੇਖਣ ਦੀ ਮਹਾਰਤ ਦਾ ਕਾਰਨ ਹਨ ਜਾਂ ਉਸ ਦਾ ਪ੍ਰਭਾਵ। ਪਰ ਵਿੰਗ ਦਾ ਕਹਿਣਾ ਹੈ ਕਿ ਇਸ ਦੀ ਇੱਕ ਵਜ੍ਹਾ ਇਹ ਹੋ ਸਕਦੀ ਹੈ ਕਿ ਪੰਛੀ ਦੇਖਣ ਲਈ ਵਰਤੇ ਜਾਣ ਵਾਲੇ ਦਿਮਾਗ਼ ਦੇ ਹਿੱਸਿਆਂ ਵਿੱਚ ਨਿਉਰੋਪਲਾਸਟੀ ਆ ਸਕਦੀ ਹੈ ਯਾਨੀ ਸਮੇਂ ਦੇ ਨਾਲ ਆਪਣੀ ਬਣਤਰ ਅਤੇ ਕੰਮ ਕਰਨ ਦੇ ਤਰੀਕੇ ਨੂੰ ਬਦਲਣ ਦੀ ਦਿਮਾਗੀ ਸਮਰਥਾ। ਵਿੰਗ ਨੇ ਇਸ ਗੱਲ ਦਾ ਵੀ ਵਿਸ਼ਲੇਸ਼ਣ ਕੀਤਾ ਕਿ ਪੰਛੀ ਪ੍ਰੇਮੀਆਂ ਦਾ ਦਿਮਾਗ਼ ਕਿੰਨਾ ਵਿਵਸਥਿਤ ਸੀ। ਉਮਰ ਵਧਣ ਨਾਲ ਦਿਮਾਗ਼ ਦੀ ਇਹ ਵਿਵਸਥਾ ਘਟਣ ਲੱਗਦੀ ਹੈ ਅਤੇ ਇਸ ਵਿਵਸਥਾ ਦੇ ਘੱਟ ਪੱਧਰ ਨੂੰ ਸੋਚਣ ਸਮਝਣ ਦੀ ਸ਼ਕਤੀ ਵਿੱਚ ਆਈ ਕਮੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਮਾਹਿਰਾਂ ਦੇ ਦਿਮਾਗ਼ ਦੇ ਕੁਝ ਹਿੱਸਿਆਂ ਵਿਚ ਉਨ੍ਹਾਂ ਦੀ ਹੀ ਉਮਰ ਦੇ ਨੌਸਿਖੀਏ ਲੋਕਾਂ ਮੁਕਾਬਲੇ ਵਿਵਸਥਾ ਅਤੇ ਤਾਲਮੇਲ ਦਾ ਪੱਧਰ ਵਧੇਰੇ ਸੀ। ਇਨ੍ਹਾਂ ਵਿੱਚੋਂ ਕੁਝ ਹਿੱਸੇ ਉਹੀ ਸਨ ਜਿਨ੍ਹਾਂ ਨੇ ਪੰਛੀਆਂ ਦੀ ਪਛਾਣ ਕਰਨ ਦੌਰਾਨ ਵਧੇਰੇ ਸਰਗਰਮੀ ਦਿਖਾਈ ਸੀ। ਵਿੰਗ ਦਾ ਕਹਿਣਾ ਹੈ ਕਿ ਇਹ ਮਾਹਿਰਾਂ ਦੇ ਬੁੱਢੇ ਹੋਣ ਦੇ ਨਾਲ ਉਨ੍ਹਾਂ ਦੇ ਦਿਮਾਗ਼ ਵਿੱਚ ਇੱਕ ਤਰ੍ਹਾਂ ਦੀ ਵਿਵਸਥਾ ਦੇ ਸੁਰੱਖਿਅਤ ਰਹਿਣ ਦਾ ਸੰਕੇਤ ਦਿੰਦਾ ਹੈ।

ਵਿੰਗ ਦਾ ਕਹਿਣਾ ਹੈ, "ਇਹ ਸੁਰੱਖਿਆ ਦੀ ਪ੍ਰਕਿਰਤੀ ਅਤੇ ਵਿਆਪਕ ਮਾਨਸਿਕ ਸਮਰਥਾ ਨਾਲ ਇਸ ਦੇ ਸਬੰਧ ਨੂੰ ਸਮਝਣ ਲਈ ਹਾਲੇ ਹੋਰ ਖੋਜ ਦੀ ਲੋੜ ਹੈ। ਪਰ ਫ਼ਿਲਹਾਲ ਇਹ ਨਤੀਜੇ ਸੰਕੇਤ ਦੇ ਸਕਦੇ ਹਨ ਕਿ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਇਸ ਹੁਨਰ ਨੂੰ ਸਿੱਖਣ ਨਾਲ ਅਜਿਹੇ ਫ਼ਾਇਦੇ ਮਿਲ ਸਕਦੇ ਹਨ ਜੋ ਬੁਢਾਪੇ ਤੱਕ ਕਾਇਮ ਰਹਿੰਦੇ ਹਨ।" ਇਹ ਬਹੁਤ ਸਾਰੇ ਨੌਜਵਾਨ ਪੰਛੀ ਪ੍ਰੇਮੀਆਂ ਲਈ ਚੰਗੀ ਖ਼ਬਰ ਹੈ ਜੋ ਬੁਢਾਪਾ ਆਉਣ ਤੋਂ ਪਹਿਲਾਂ ਹੀ ਆਪਣੀਆਂ ਦੂਰਬੀਨਾਂ ਕੱਢ ਰਹੇ ਹਨ। ਵਿੰਗ ਦੀ ਖੋਜ ਨੇ ਪੰਛੀਆਂ ਨੂੰ ਦੇਖਣ ਦੀ ਮੁਹਾਰਤ ਵੱਲ ਧਿਆਨ ਦ

ਕੀ ਹਿੰਸਕ ਵੀਡੀਓ ਗੇਮਾਂ ਵਿਗਾੜ ਰਹੀਆਂ ਨੇ ਬੱਚਿਆਂ ਦਾ ਸੁਭਾਅ

ਹਾਲ ਹੀ ਵਿੱਚ ਹਰਿਆਣਾ ਦੇ ਪੰਚਕੂਲਾ 'ਚ ਇੱਕ ਸਕੂਲ ਅੰਦਰ ਛੇ ਸਾਲਾ ਬੱਚੀ ਨਾਲ ਅੱਠ ਸਾਲ ਦੇ ਬੱਚੇ ਵੱਲੋਂ ਕੁੱਟਮਾਰ ਕਰਨ ਦੇ ਕਥਿਤ ਮਾਮਲੇ ਨੇ ਬੱਚਿਆਂ ਦੇ ਵਿਵਹਾਰ ਬਾਰੇ ਕਈ ਸਵਾਲ ਖੜੇ ਕੀਤੇ ਹਨ। ਇਸ ਮਾਮਲੇ ਵਿੱਚ ਪੰਚਕੂਲਾ ਪੁਲਿਸ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਅਦਿਤੀ ਸਿੰਘ ਮੁਤਾਬਕ, "8 ਸਾਲਾ ਵਿਦਿਆਰਥੀ ਦਾ ਜੁਵੇਨਾਈਲ ਜਸਟਿਸ ਐਕਟ ਤਹਿਤ ਮਾਹਰਾਂ ਤੋਂ ਮੁਲਾਂਕਣ ਕਰਵਾਇਆ ਜਾ ਰਿਹਾ ਹੈ। ਉਸ ਮੁਤਾਬਕ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।" ਅਸੀਂ ਅਕਸਰ ਹੀ ਸੁਣਦੇ ਹਾਂ ਬੱਚੇ ਸ਼ਰਾਰਤੀ ਹੀ ਹੁੰਦੇ ਹਨ। ਬੱਚਿਆਂ ਨੇ ਤਾਂ ਖਿਝਣਾ, ਗੁੱਸੇ ਹੋਣਾ ਹੀ ਹੁੰਦਾ ਹੈ।

ਪਰ ਕਿਸ ਹੱਦ ਤੱਕ ਬੱਚਿਆਂ ਦਾ ਅਜਿਹਾ ਰਵੱਈਆ ਸਵਿਕਾਰਨਯੋਗ ਹੈ, ਕਦੋਂ ਇਹ ਹੱਦ ਪਾਰ ਕਰ ਜਾਂਦਾ ਹੈ ਅਤੇ ਉਨ੍ਹਾਂ ਦੇ ਸਹਿਜ ਅਤੇ ਉਸਾਰੂ ਵਿਕਾਸ ਨੂੰ ਰੋਕਦਾ ਹੈ ਇਹ ਸਮਝਣਾ ਜ਼ਰੂਰੀ ਹੈ। ਅਸੀਂ



ਮਨੋਵਿਗਿਆਨੀਆਂ ਨਾਲ ਗੱਲ ਕਰ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਬੱਚਿਆਂ ਦੇ ਵਿਵਹਾਰ ਦੇ ਕਿਹੜੇ ਸੰਕੇਤਾਂ ਤੋਂ ਮਾਪਿਆਂ ਅਤੇ ਅਧਿਆਪਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਬੱਚਿਆਂ ਦੇ ਉਸਾਰੂ ਵਿਕਾਸ ਲਈ ਆਲਾ-ਦੁਆਲਾ ਕਿਵੇਂ ਸਹਿਯੋਗ ਦੇ ਸਕਦਾ ਹੈ। ਡਾਕਟਰ ਮਨਦੀਪ ਕੌਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮਨੋਵਿਗਿਆਨ ਵਿਭਾਗ ਵਿੱਚ ਪ੍ਰੋਫੈਸਰ ਹਨ ਉਹ ਕਹਿੰਦੇ ਹਨ ਕਿ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਆਪਸ ਵਿੱਚ ਜੁੜਿਆ ਹੋਇਆ ਹੈ। ਡਾਕਟਰ ਮਨਦੀਪ ਕੌਰ ਕਹਿੰਦੇ ਹਨ ਕਿ ਅਜਿਹੇ ਕਰੀ ਸਰੀਰਕ ਵਿਹਾਰ ਜੋ ਬੱਚਿਆਂ ਅਤੇ ਅਸਧਾਰਨ ਵਿਹਾਰ ਨੂੰ ਦਰਸਾਉਂਦੇ ਹਨ।

* ਗੁੱਸੇ ਵਿੱਚ ਬੱਚੇ ਦਾ ਦੰਦ ਕਿਰਚਨਾ, ਚੀਕਾਂ ਮਾਰਨਾਂ
* ਹਰ ਛੋਟੀ ਵੱਡੀ ਗੱਲ ਉੱਤੇ ਗੁੱਸੇ ਵਿੱਚ ਰਿਐਕਟ ਕਰਨਾ, ਖਿਝੇ ਰਹਿਣਾ
* ਚੀਜ਼ਾਂ ਚੁੱਕ-ਚੁੱਕ ਕੇ ਸੁੱਟਣਾ, ਦਰਵਾਜ਼ੇ ਜ਼ੋਰ ਨਾਲ ਮਾਰਨਾ ਜਾਂ ਬੰਦ ਕਰ ਦੇਣਾ
* ਦੂਜੇ ਬੱਚਿਆਂ ਨੂੰ ਪਿੱਛਿ ਆ ਕੇ ਨੁਕਸਾਨ ਪਹੁੰਚਾਉਣਾ ਜਿਵੇਂ ਧੱਕਾ ਦੇਣਾ ਜਾਂ ਫਿਰ ਦੰਦੀ ਵੱਢਣਾ
* ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣਾ ਜਿਵੇਂ ਖੁਦ ਦੇ ਹੀ ਥੱਪੜ ਮਾਰਨਾ ਜਾਂ ਆਪਣਾ ਹੀ ਸਿਰ ਕੰਧ ਵਿੱਚ ਮਾਰਨਾ
* ਛੇ ਸਾਲ ਤੋਂ ਵੱਡੀ ਉਮਰ ਦੇ ਬੱਚਿਆਂ ਦਾ ਬਿਸਤਰ ਉੱਤੇ ਪਿਸ਼ਾਬ ਕਰਨਾ
* ਕਿਸੇ ਨੂੰ ਨੁਕਸਾਨ ਪਹੁੰਚਾਉਣ ਤੋਂ ਬਾਅਦ ਸ਼ਰਮਿੰਦਗੀ ਦਾ ਭਾਵ ਮਹਿਸੂਸ ਨਾ ਕਰਨਾ
* ਹਰ ਛੋਟੀ-ਵੱਡੀ ਨਾਕਾਮੀ ਜਾਂ ਗ਼ਲਤੀ ਲਈ ਦੂਜਿਆਂ ਉੱਤੇ ਇਲਜ਼ਾਮ ਲਾਉਣਾ ਜਾਂ ਬਾਹਰੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ
* ਆਪਣੇ ਰੋਜ਼ ਦੇ ਕੰਮ ਮੁਕੰਮਲ ਨਾ ਕਰ ਸਕਣਾ, ਜਿਵੇਂ ਕਿ ਸਕੂਲ ਦਾ ਹੋਮਵਰਕ ਨਾ ਕਰਨਾ, ਖਾਣਾ ਨਾ ਖਾਣਾ ਵਗੈਰਾ
* ਹੋਰ ਬੱਚਿਆਂ ਨੂੰ ਚਿੜਾਉਣਾ ਅਤੇ ਰੋਂਦਿਆਂ ਨੂੰ ਦੇਖ ਕੇ ਖੁਸ਼ ਹੋਣਾ

ਮਨੋਵਿਗਿਆਨੀ ਪੂਰਨਿਮਾ ਅਗਰਵਾਲ ਵੀ ਇਨ੍ਹਾਂ ਤੱਥਾਂ ਨੂੰ ਸਵਿਕਾਰਦੇ ਹਨ ਅਤੇ ਨਾਲ ਹੀ ਕਹਿੰਦੇ ਹਨ ਕਿ ਬੱਚਿਆਂ ਦਾ ਕਿਸੇ ਕਿਸਮ ਦਾ ਨਾਕਾਰਤਮਕ ਬਿਹੇਵ ਕਰਨ ਤੋਂ ਬਾਅਦ ਦਾ ਪ੍ਰਤੀਕਰਮ ਉਨ੍ਹਾਂ ਦੀ ਮਾਨਸਿਕਤਾ ਬਾਰੇ ਦੱਸਦਾ ਹੈ। ਉਹ ਕਹਿੰਦੇ ਹਨ, "ਕਈ ਬੱਚੇ ਪੰਛੀਆਂ ਜਾਂ ਤਿਤਲੀਆਂ ਵਗੈਰਾ ਨੂੰ ਫੜ ਕੇ ਨੁਸਕਾਨ ਪਹੁੰਚਾ ਕੇ ਖੁਸ਼ੀ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਕਿਸੇ ਕਿਸਮ ਦਾ ਪਛਤਾਵਾ ਨਹੀਂ ਮਹਿਸੂਸ ਹੁੰਦਾ ਤਾਂ ਮਾਪਿਆਂ ਨੂੰ ਬੱਚਿਆਂ ਨਾਲ ਗੱਲ ਕਰਨ ਦੀ ਲੋੜ ਹੈ।"

ਉਮਰ ਨਾਲ ਬਦਲਦਾ ਬੱਚਿਆਂ ਦਾ ਰਵੱਈਆ

ਮਾਹਰਾਂ ਮੁਤਾਬਕ ਬੱਚਿਆਂ ਦੇ ਗੱਲਬਾਤ ਕਰਨ ਦੇ ਤਰੀਕੇ ਤੋਂ ਲੈ ਕੇ ਉਨ੍ਹਾਂ ਦੀ ਬਾਡੀ ਲੈਂਗੁਏਜ਼ ਤੋਂ ਮਾਪੇ ਬੱਚਿਆਂ ਦੀ ਮਾਨਸਿਕ ਸਥਿਤੀ ਬਾਰੇ ਬਹੁਤ ਕੁਝ ਸਮਝ ਸਕਦੇ ਹਨ। ਪੂਰਨਿਮਾ ਅਗਰਵਾਲ ਕਹਿੰਦੇ ਹਨ ਕਿ 6 ਤੋਂ 12 ਸਾਲ ਦੀ ਉਮਰ ਦੇ ਬੱਚੇ ਕਿਸ਼ੋਰ ਅਵਸਥਾ ਵੱਲ ਵੱਧ ਰਹੇ ਹੁੰਦੇ ਹਨ ਅਤੇ ਬਾਲਗ਼ ਹੋਣ ਦੀ ਪ੍ਰੀਕਿਰਿਆ ਵਿੱਚ ਪੈਰ ਧਰ ਚੁੱਕੇ ਹੁੰਦੇ ਹਨ। ਉਹ ਕਹਿੰਦੇ ਹਨ, "ਖ਼ਾਸ ਤੌਰ ਉੱਤੇ 9 ਤੋਂ 12 ਸਾਲ ਦੀ ਉਮਰ ਵਿੱਚ ਮੁੰਡੇ ਅਤੇ ਕੁੜੀਆਂ ਦੋਵਾਂ ਦੇ ਸਰੀਰਕ ਬਦਲਾਅ ਬਹੁਤ ਤੇਜ਼ ਹੁੰਦੇ ਹਨ। ਇਨ੍ਹਾਂ ਤਬਦੀਲੀਆਂ ਨੂੰ ਸਮਝਣ ਦੀ ਪ੍ਰੀਕਿਰਿਆ ਵਿੱਚ ਬੱਚਿਆਂ ਦੇ ਮਨਾਂ ਵਿੱਚ ਕਈ ਸਵਾਲਾਂ ਦੇ ਨਾਲ-ਨਾਲ, ਆਪਣੀ ਦਿੱਖ ਦੇ ਬਦਲਾਵਾਂ ਨੂੰ ਸਵੀਕਾਰ ਕਰਨ ਦੀ ਜੱਦੋਜਹਿਦ ਵੀ ਸ਼ਾਮਲ ਹੁੰਦਾ ਹੈ।"

"ਇਸ ਦੌਰਾਨ ਬੱਚੇ ਅਕਸਰ ਚਿੜਚੜੇ ਹੋ ਜਾਂਦੇ ਹਨ, ਖਿੱਝਦੇ ਹਨ। ਇਹ ਉਹ ਸਮਾਂ ਹੈ ਜਦੋਂ ਮਾਪਿਆਂ ਨੂੰ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਬਦਲਾਵਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ।" ਪੂਰਨਿਮਾ ਅਗਰਵਾਲ ਦੱਸਦੇ ਹਨ ਕਿ ਮਾਨਸਿਕ ਵਿਕਾਰਾਂ ਸਬੰਧੀ ਰੈਫ਼ਰੈਂਸ ਵੱਜੋਂ ਵਰਤੀ ਜਾਂਦੀ ਕਿਤਾਬ ਆਈਸੀਡੀ-11 (ICD-11) ਵਿੱਚ ਹਿੰਸਕ ਗੇਮਿੰਗ ਨੇ ਪ੍ਰਭਾਵ ਨੂੰ ਇੱਕ ਬਿਮਾਰੀ ਵਜੋਂ ਦਰਜ ਕਰ ਲਿਆ ਗਿਆ ਹੈ। ਉਹ ਕਹਿੰਦੇ ਹਨ, "ਮਾਪਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚੇ ਆਪਣੀ ਉਮਰ ਦੇ ਹਿਸਾਬ ਨਾਲ ਹੀ ਗੇਮਾਂ ਖੇਡਣ ਅਤੇ ਫ਼ਿਲਮਾਂ ਆਦਿ ਦੇਖਣ।"

ਉਹ ਟੀਟੀ ਉੱਤੇ ਮੌਜੂਦ ਹਿੰਸਕ ਫ਼ਿਲਮਾਂ ਦਾ ਹਵਾਲਾ ਦਿੰਦੇ ਹਨ ਕਿ ਬੱਚੇ ਘਰ ਵਿੱਚ ਮਾਪਿਆਂ ਨਾਲ ਖ਼ੂਨ-ਖਰਾਬੇ ਭਰੀਆਂ ਫ਼ਿਲਮਾਂ ਦੇਖਦੇ ਹਨ ਕਈ ਮਾਮਲਿਆਂ ਵਿੱਚ ਇਹ ਦੇਖਿਆ ਗਿਆ ਹੈ ਕਿ ਬੱਚਿਆਂ ਦਾ ਦਿਮਾਗ਼ ਪਰਦੇ ਉੱਤੇ ਦਿਖਾਏ ਗਏ ਨੂੰ ਸੱਚ ਮਨ ਲੈਂਦਾ ਹੈ ਅਤੇ ਇਹ ਸਭ ਉਨ੍ਹਾਂ ਦੇ ਆਪਣੇ ਵਿਵਹਾਰ ਦਾ ਹਿੱਸਾ ਬਣ ਜਾਂਦਾ ਹੈ। "ਮਾਪਿਆਂ ਨੂੰ ਘੱਟੋ-ਘੱਟ 14-15 ਸਾਲ ਦੀ ਉਮਰ ਤੱਕ ਬੱਚਿਆਂ ਉੱਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਇਹ ਦੇਖਣਾ ਚਾਹੀਦਾ ਹੈ ਕਿ ਉਹ ਕਿਹੜੀਆਂ ਗੇਮਾਂ ਖੇਡਦੇ ਹਨ, ਕਿਸ ਤਰ੍ਹਾਂ ਦੀਆਂ ਫ਼ਿਲਮਾਂ ਜਾਂ ਕਾਰਟੂਨ ਦੇਖਦੇ ਹਨ।" ਪੂਰਨਿਮਾ ਕਹਿੰਦੇ ਹਨ ਕਿ ਮਾਪਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਉਹ ਬੱਚਿਆਂ ਨੂੰ ਪਾਰਕ ਜਾਂ ਕਿਸੇ ਸਟੇਡੀਅਮ ਵਿੱਚ ਖੇਡਣ ਲਈ ਲੈ ਕੇ ਜਾਣ ਅਤੇ ਸਕਰੀਨ ਤੋਂ ਦੂਰ ਰੱਖਣ। ਉਨ੍ਹਾਂ ਮੁਤਾਬਕ ਸਰੀਰਕ ਗਤੀਵਿਧੀ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਸਹਾਈ ਹੁੰਦੀ ਹੈ।

ਡਾਕਟਰ ਮਨਦੀਪ ਕੌਰ ਕਹਿੰਦੇ ਹਨ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਵਿਵਹਾਰ ਵਿੱਚ ਜੇ ਕੁਝ ਸਹਿਜ ਨਾ ਲੱਗੇ ਤਾਂ ਉਨ੍ਹਾਂ ਨੂੰ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਬੱਚੇ ਤੋਂ ਅਜਿਹਾ ਕਰਨ ਦੇ ਕਾਰਨਾਂ ਬਾਰੇ ਪੁੱਛਣਾ ਚਾਹੀਦਾ ਹੈ।

"ਬੱਚਿਆਂ ਨੂੰ ਘਰ ਵਿੱਚ ਅਜਿਹਾ ਮਾਹੌਲ ਦੇਣਾ ਚਾਹੀਦਾ ਹੈ ਕਿ ਉਹ ਹਰ ਤਰੀਕੇ ਦੀ ਗੱਲ ਮਾਪਿਆਂ ਨਾਲ ਕਰ ਸਕਣ ਖ਼ਾਸਕਰ ਜੇਕਰ ਉਨ੍ਹਾਂ ਤੋਂ ਕੋਈ ਗ਼ਲਤੀ ਵੀ ਹੋ ਜਾਵੇ ਤਾਂ ਉਹ ਆਪਣੇ ਮਾਪਿਆਂ ਕੋਲ ਇਸ ਨੂੰ ਸਵੀਕਾਰ ਸਕਣ ਅਤੇ ਸੁਧਾਰ ਕਰ ਸਕਣ।"

ਪੂਰਨਿਮਾ ਵੀ ਮਾਪਿਆਂ ਨੂੰ ਕੁਝ ਸੁਝਾਅ ਦਿੰਦੇ ਹਨ:

* ਜੇ ਕੋਈ ਬੱਚਾ ਕਿਸੇ ਨਾਲ ਗ਼ਲਤ-ਵਿਹਾਰ ਕਰਦਾ ਹੈ ਤਾਂ ਉਸ ਨੂੰ ਰੋਲ-ਰਿਵਰਸਲ ਜ਼ਰੀਏ ਸਮਝਾਇਆ ਜਾਵੇ। ਜਿਵੇਂ ਕਿ ਉਸ ਨੂੰ ਪੁੱਛਿਆ ਜਾਵੇ ਕਿ ਜੇ ਤੁਹਾਡੇ ਨਾਲ ਅਜਿਹਾ ਹੋਵੇ ਤਾਂ ਕਿਸ ਤਰ੍ਹਾਂ ਮਹਿਸੂਸ ਕਰੋਗੇ। ਬੱਚਿਆਂ ਨੂੰ ਉਨ੍ਹਾਂ ਦੇ ਨਾਕਾਰਤਮਕ ਵਿਹਾਰ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ। ਬੀਹੇਵੀਅਰ ਮੋਡ-ਫ਼ਿਕੇਸ਼ਨ ਯਾਨਿ ਆਪਣੇ ਅਤੇ ਬੱਚੇ ਦੇ ਵਿਹਾਰ ਵਿੱਚ ਸੁਧਾਰ ਕੀਤਾ ਜਾਵੇ, ਮਾਪੇ ਬੱਚਿਆਂ ਲਈ ਇੱਕ ਆਦਰਸ਼ਕ ਜਾਂ ਅਜਿਹਾ ਕਿਰਦਾਰ ਜ਼ਰੂਰ ਪੇਸ਼ ਕਰਨ ਜਿਸ ਤਰ੍ਹਾਂ ਦੀ ਆਸ ਉਹ ਬੱਚਿਆਂ ਤੋਂ ਕਰਦੇ ਹਨ:
* ਬੱਚਿਆਂ ਦਾ ਮੁਸ਼ਕਿਲ ਸਮੇਂ ਵਿੱਚ ਸਾਥ ਦੇਣ, ਉਨ੍ਹਾਂ ਲਈ ਗੱਲਬਾਤ ਦੀ ਰਾਹ ਹਮੇਸ਼ਾ ਖੁੱਲ੍ਹੀ ਰਹਿਣੀ ਚਾਹੀਦੀ ਹੈ।
* ਬੱਚਿਆਂ ਨੂੰ ਬੁਲਿੰਗ ਆਦਿ ਨਾਲ ਨਜਿੱਠਣਾ ਸਿਖਾਉਣਾ ਚਾਹੀਦਾ ਹੈ।
* ਬੱਚਿਆਂ ਦੀ ਸਮੇ-ਸਮੇਂ ਤਾਰੀਫ਼ ਕਰ ਕੇ ਉਨ੍ਹਾਂ ਨੂੰ ਚੰਗੇ ਵਿਹਾਰ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਬੱਚਿਆਂ ਦੇ ਅਧਿਆਪਕਾਂ ਨਾਲ ਤਾਲਮੇਲ ਬਣਾ ਕੇ ਰੱਖਣਾ ਚਾਹੀਦਾ ਹੈ।

ਬਦਲਦੇ ਸਮੇਂ ਨਾਲ ਬਦਲ ਗਈ ਹੈ 'ਵਿਆਹ ਦੀ ਭਾਜੀ'

ਬਰਜਿੰਦਰ ਕੌਰ ਬਿਸਰਾਓ

ਵਿਆਹ ਦੀ 'ਭਾਜੀ' ਇੱਕ ਅਜਿਹਾ ਸ਼ਬਦ ਹੈ ਜਿਸ ਵਿੱਚ ਅਥਾਹ ਮਿਠਾਸ ਛੁਪੀ ਹੋਈ ਹੈ। ਇਸ ਨੂੰ ਪੰਜਾਬ ਵਿਚ ਸੀਰਨੀ ਵੀ ਕਿਹਾ ਜਾਂਦਾ ਹੈ। ਇਸ ਇੱਕ ਸ਼ਬਦ ਦੇ ਉਚਾਰਣ ਨਾਲ ਵਿਆਹ ਵਾਲੇ ਘਰ ਦੀ ਤਸਵੀਰ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਜਿਸ ਵਿੱਚ ਭੱਠੀ ਚੜ੍ਹਨਾ, ਲੱਡੂ ਵੱਟਣਾ, ਇੱਕ ਕੋਠੜੀ ਵਿੱਚ ਮੰਜਿਆਂ 'ਤੇ ਚਾਦਰਾਂ ਵਿਛਾ ਕੇ ਕੁਇੰਟਲਾਂ ਦੇ ਹਿਸਾਬ ਨਾਲ ਹਲਵਾਈਆਂ ਤੋਂ ਘਰੇ ਪਕਵਾਈ ਹੋਈ ਮਠਿਆਈ ਅਤੇ ਉਸ ਦੀ ਮਿੱਠੀ ਮਿੱਠੀ ਖੁਸ਼ਬੋ ਦੀ ਯਾਦ ਆ ਜਾਂਦੀ ਹੈ। ਪੰਜਾਬ ਦੇ ਵਿਆਹਾਂ ਦੀਆਂ ਪੁਰਾਣੀਆਂ ਰੀਤਾਂ ਵਿੱਚ ਸੀਰਨੀ ਦਾ ਆਪਣਾ ਹੀ ਇੱਕ ਖ਼ਾਸ ਸਥਾਨ ਰਿਹਾ ਹੈ। ਸੀਰਨੀ ਤਿਆਰ ਕਰਨ ਲਈ ਉਚੇਚੇ ਤੌਰ 'ਤੇ ਵਿਆਹ ਵਾਲੇ ਘਰ ਵਿੱਚ ਕਈ ਦਿਨ ਪਹਿਲਾਂ ਭੱਠੀ ਚੜ੍ਹਾਈ ਜਾਂਦੀ ਸੀ। ਹਲਵਾਈ ਦੇ ਆਲੇ ਦੁਆਲੇ ਪਿੰਡ ਦੇ ਸ਼ਰੀਕੇ ਵਿੱਚੋਂ ਮੁੰਡੇ ਅਤੇ ਬਜ਼ੁਰਗ ਖ਼ਾਸ ਤੌਰ 'ਤੇ ਲੱਡੂ ਵੱਟਣ ਜਾਂ ਹੋਰ ਨਿੱਕੇ ਮੋਟੇ ਕੰਮਾਂ ਵਿੱਚ ਮਦਦ ਕਰਨ ਲਈ ਆਉਂਦੇ ਸਨ। ਇਕੱਠੇ ਬੈਠੇ ਜਦ ਆਪਸ ਵਿੱਚ ਹਾਸਾ ਠੱਠਾ ਤੇ ਮਸ਼ਕਰੀਆਂ ਕਰਦੇ ਤਾਂ ਵਿਆਹ ਵਾਲੇ ਘਰ ਦੀ ਰੌਣਕ ਦੁੱਗਣੀ ਹੋ ਜਾਂਦੀ ਸੀ। ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਣ ਦੇ ਨਾਲ ਨਾਲ ਸਾਡੇ ਸਮਾਜ ਦੀ ਖ਼ੂਬਸੂਰਤ ਸੱਭਿਆਚਾਰਕ ਵਿਰਾਸਤ ਦੀ ਤਸਵੀਰ ਸਾਹਮਣੇ ਆਉਂਦੀ ਸੀ।



ਅੱਜ ਵਿਆਹ ਤੋਂ ਪਹਿਲਾਂ ਹੀ ਕਾਰਡ ਦੇ ਨਾਲ ਦਿੱਤਾ ਹੋਇਆ ਇੱਕ ਮਹਿੰਗੇ ਤੋਂ ਮਹਿੰਗਾ, ਨਵੇਂ ਡਿਜ਼ਾਈਨਾਂ ਨਾਲ ਤਿਆਰ ਕੀਤਾ ਹੋਇਆ ਮਠਿਆਈ ਦਾ ਡੱਬਾ ਵੱਡੇ ਵੱਡੇ ਝੋਲਿਆਂ, ਪੀਪਿਆਂ ਜਾਂ ਬੋਰੀਆਂ ਵਿੱਚ ਸੇਰਾਂ ਦੇ ਹਿਸਾਬ ਨਾਲ ਦਿੱਤੀ ਜਾਣ ਵਾਲੀ ਸੀਰਨੀ ਦੀ ਰੀਸ ਕਿੱਥੋਂ ਕਰ ਲਵੇਗਾ? ਅੱਜ ਭਾਵੇਂ ਵਿਆਹਾਂ ਵਿੱਚ ਕੇਕ, ਮਠਿਆਈਆਂ ਅਤੇ ਮਹਿੰਗੇ ਤੋਹਫ਼ਿਆਂ ਆਦਿ ਦਾ ਰਿਵਾਜ ਵਧ ਗਿਆ ਹੈ, ਪਰ ਪੁਰਾਣੇ ਸਮਿਆਂ ਵਿੱਚ ਰਿਸ਼ਤੇਦਾਰਾਂ ਨੂੰ ਸੇਰਾਂ ਦੇ ਹਿਸਾਬ ਨਾਲ ਸੀਰਨੀ ਦੇਣ ਦਾ ਆਪਣਾ ਹੀ ਇੱਕ ਵੱਖਰਾ ਮਹੱਤਵ ਸੀ। ਇਹ ਖ਼ੁਸ਼ੀ ਸਾਂਝੀ ਕਰਨ ਦਾ ਸਾਦਾ ਤੇ ਪਿਆਰਾ ਤਰੀਕਾ ਸੀ।

ਪੁਰਾਣੇ ਪੰਜਾਬੀ ਵਿਆਹਾਂ ਵਿੱਚ ਸੀਰਨੀ ਕੋਈ ਇੱਕ ਨਿਸ਼ਚਿਤ ਮਠਿਆਈ ਨਹੀਂ ਸੀ। ਇਹ ਇਲਾਕੇ ਅਤੇ ਪਰਿਵਾਰ ਦੀ ਰੀਤ ਅਨੁਸਾਰ ਵੱਖ-ਵੱਖ ਮਠਿਆਈਆਂ ਦਾ ਮਿਸ਼ਰਣ ਜਾਂ ਮਿਲੀ-ਜੁਲੀ ਮਠਿਆਈ ਹੁੰਦੀ ਸੀ। ਆਮ ਤੌਰ 'ਤੇ ਇਸ ਵਿੱਚ ਬੂੰਦੀ ਦੇ ਲੱਡੂ, ਖੰਡ ਵਾਲੀਆਂ ਮੋਟੀਆਂ ਪਕੌੜੀਆਂ, ਗੁੜ ਵਾਲੀਆਂ ਮੋਟੀਆਂ ਪਕੌੜੀਆਂ, ਖੰਡ ਵਾਲੇ ਤੇ ਗੁੜ ਵਾਲੇ ਸ਼ੱਕਰ ਪਾਰੇ ਜਾਂ ਖੁਰਮੇ, ਨਮਕੀਨ ਮੱਠੀਆਂ, ਨਮਕੀਨ ਮੋਟੀਆਂ ਪਕੌੜੀਆਂ ਆਦਿ ਹੁੰਦੀਆਂ ਸਨ। ਵਿਆਹ ਵਾਲੇ ਘਰ ਵਿੱਚ ਪ੍ਰਾਹੁਣਿਆਂ ਦੀ ਆਮਦ ਕਈ ਦਿਨ ਪਹਿਲਾਂ ਹੀ ਹੋਣੀ ਸ਼ੁਰੂ ਹੋ ਜਾਂਦੀ ਸੀ। ਜਦ ਘਰੇ ਮੇਲ ਆਉਂਦਾ ਸੀ ਤਾਂ ਉਨ੍ਹਾਂ ਦੀ ਆ ਭਗਤ ਚਾਹ ਪਾਣੀ ਦੇ ਨਾਲ ਥਾਲਾਂ ਵਿੱਚ ਸੀਰਨੀ ਪਰੋਸ ਕੇ ਕੀਤੀ ਜਾਂਦੀ ਸੀ। ਵਿਆਹ ਵਾਲੇ ਘਰ ਦਾ ਵੱਖਰਾ ਜਿਹਾ ਨਜ਼ਾਰਾ ਹੁੰਦਾ ਸੀ।

ਪੰਜਾਬ ਵਿੱਚ ਵਿਆਹਾਂ ਦੌਰਾਨ ਰਿਸ਼ਤੇਦਾਰਾਂ ਨੂੰ ਭਾਜੀ ਮੋੜਨ ਦਾ ਰਿਵਾਜ ਹੈ। ਜੇ ਕੋਈ ਰਿਸ਼ਤੇਦਾਰ ਆਪਣੇ ਧੀ-ਪੁੱਤ ਦੇ ਵਿਆਹ ਵਿੱਚ ਕਿਸੇ ਨੂੰ ਦੋ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ ਤਾਂ ਅਗਲੀ ਵਾਰ ਉਹੀ ਰਿਸ਼ਤੇਦਾਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੀ ਖ਼ੁਸ਼ੀ ਵਿੱਚ ਢਾਈ ਸੇਰ ਭਾਜੀ ਜਾਂ ਸੀਰਨੀ ਦਿੰਦਾ ਸੀ। ਇਸ ਦਾ ਮਤਲਬ ਇਹ ਹੁੰਦਾ ਸੀ ਕਿ ਅਸੀਂ ਅਗਾਂਹ ਤੁਹਾਡੇ ਨਾਲ ਮਿਲਵਰਤਣ ਦੀ ਰੀਤ ਜਾਰੀ ਰੱਖਣੀ ਹੈ। ਨਾਨਕਾ ਮੇਲ ਵਿਆਹ ਵਿੱਚ ਵਧ ਚੜ੍ਹ ਕੇ ਖ਼ਰਚਾ ਕਰਕੇ ਆਉਂਦਾ ਸੀ ਤਾਂ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਵਿਦਾ ਕਰਨ ਲੱਗੇ ਪੱਚੀ ਪੱਚੀ ਸੇਰ ਭਾਜੀ ਜਾਂ ਸੀਰਨੀ ਦੀਆਂ ਪੰਡਾਂ ਬੰਨ੍ਹ ਕੇ ਦੇਣ ਦਾ ਰਿਵਾਜ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਪੂਰੇ ਪਿੰਡ ਵਿੱਚ ਫੇਰਨੀ ਹੁੰਦੀ ਸੀ ਤੇ ਦੱਸਣਾ ਹੁੰਦਾ ਸੀ ਕਿ ਉਹ ਆਪਣੇ ਦੋਹਤੇ ਜਾਂ ਦੋਹਤੀ ਦਾ ਵਿਆਹ ਕਰਕੇ ਆਏ ਹਨ। ਇਸੇ ਤਰ੍ਹਾਂ ਵਿਆਹ ਦੀ ਖ਼ੁਸ਼ੀ ਵਿੱਚ ਘਰ ਵਿੱਚ ਬਣੀ ਸੀਰਨੀ ਬਾਕੀ ਰਿਸ਼ਤੇਦਾਰਾਂ, ਸਾਕ-ਸਬੰਧੀਆਂ ਅਤੇ ਗੁਆਂਢੀਆਂ ਵਿੱਚ ਵੀ ਚਾਰ ਸੇਰ ਜਾਂ ਪੰਜ ਸੇਰ ਆਮ ਹੀ ਵੰਡੀ ਜਾਂਦੀ ਸੀ। ਇਸ ਦਾ ਮਤਲਬ ਸਿਰਫ਼ ਮੂੰਹ ਮਿੱਠਾ ਕਰਵਾਉਣਾ ਨਹੀਂ ਸੀ, ਸਗੋਂ ਇਹ ਖ਼ੁਸ਼ੀ ਵਿੱਚ ਦੂਜਿਆਂ ਨੂੰ ਸ਼ਾਮਲ ਕਰਨ ਦਾ ਪ੍ਰਤੀਕ ਸੀ। ਘਰ ਵਿੱਚ ਕੋਈ ਸ਼ੁਭ ਕਾਰਜ ਹੋਵੇ ਤਾਂ ਸੀਰਨੀ ਦੇ ਕੇ ਖੁਸ਼ਖਬਰੀ ਸਾਂਝੀ ਕਰਨੀ ਪੰਜਾਬੀ ਸੱਭਿਆਚਾਰ ਦੀ ਸਾਦਗੀ ਭਰੀ ਪਰੰਪਰਾ ਸੀ।

ਭਾਜੀ ਨਾਲ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਵੀ ਜੁੜੀ ਹੋਈ ਸੀ। ਕਈ ਵਾ

ਇੰਡੋ ਅਮੈਰੀਕਨ ਦੇਸ਼ ਭਗਤ ਫ਼ਾਊਂਡੇਸ਼ਨ ਆਫ਼ ਬੇ ਦੇਰੀਆ ਵੱਲੋਂ

ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

ਮੇਲਾ ਗਦਰੀ ਬਾਬਿਆਂ ਦਾ



28th November, Saturday

Sapphire Banquet Halls

24989 Santa Clara St, Hayward, CA, 94544, United States

1:00 PM to 5:00 PM

ਇਸ ਮੇਲੇ ਵਿੱਚ ਡਾ: ਸਾਹਿਬ ਸਿੰਘ ਵੱਲੋਂ ਨਟਕ

ਸੰਮਾਂ ਵਾਲੀ ਡਾਂਗ ਖੇਡਿਆ ਜਾਵੇਗਾ

ਪ੍ਰਸਿੱਧ ਬੁਲਾਰੇ ਅਤੇ ਹੋਰ ਕਲਾਕਾਰ



ਡਾ: ਪ੍ਰਿਥੀਪਾਲ ਸਿੰਘ ਸੋਹੀ



ਡਾ: ਸਵੈਮਾਣ ਸਿੰਘ



ਡਾ: ਸਾਹਿਬ ਸਿੰਘ
ਲੇਖਕ, ਨਿਰਦੇਸ਼ਕ ਤੇ ਅਦਾਕਾਰ

Stage Host Prem Kumar and Kuldeep Singh Sujjon

ਗੀਤਕਾਰ ਜੀਵਨ ਰੱਤੂ ਅਤੇ ਕਵਿਸ਼ਰੀ ਸੱਥੋ ਦੇਸ਼ ਭਗਤਾਂ ਨੂੰ ਸਮਰਪਿਤ
ਆਪਣਾ ਪ੍ਰੋਗਰਾਮ ਪੇਸ਼ ਕਰਨਗੇ।

ਚਾਹ-ਪਾਣੀ ਤੇ ਲੰਗਰ ਦਾ ਖ਼ਾਸ ਪ੍ਰਬੰਧ ਹੋਵੇਗਾ।

Contact:

Narinder Sujjon	Mangha Singh Sarpanch	Sukhdev Singh Sidhu
510.714.5059	510.755.0767	510.706.1635

Organizing Committee:

Ikatar Sodhi, Master Gurdial ji Pittsburgh, Harkewal S.Sandhu, Bhupinder Sandhu (Rurka) Narjit Sujon, Prem Kumar Rahon, kulbushan Kumar (Happy), Deepa Sandhu (Rurka), Raja Gill, Jaswinder Singh, Mastan Singh Double D, Kulwinder Hundal Double D, Amarpal Shergill Double D, Gurdev Singh Brar, Nachattar Singh, Sukhjit Sahota, Balbir Johal

Special thanks to:

Skylark Limousine service, Atwal Brothers Merced Ca, Jaswant Singh Hothi, Raj Bhanote, Dr Harminder Singh, (Homeopathic Vibes), Manjit Singh (Aidan west Realty Inc), Pritam Grewal, American Truck repair and Towing Manteca, Skoon Restaurant Fremont Ca, Kabila Restaurant Union City Ca, Calikid Burgers and shakes, Pizza and Curry Fremont Ca, All Star Car repair Hayward Ca, Shug Sidhu Realtor, Roban Singh NorCal Truck repair, Pala Sodhi (Port Freight Corp), Kash Fabric Hayward, Avtar Tari (Mountain Mikes Pizza), Sucha Ram Bharta, Bhajan Singh Continental Trucking Fremont Ca, Balbir MA, Ranjit S. Gill Tracy, Manpreet Badesa, kirpal S. Atwal, Tarsem S. Atwal, Bob Dhillon, Parduman S, Sanghera, Balwant Singh (Baba), Tarsem Singh Bassi, Mohinder Singh, Dave Dhudke, Gurmukh Singh Manteca, Surinder Bhaura

ਪਰਦੇਸ ਟਾਇਮਜ਼ ਦੇ ਪਾਠਕਾਂ ਅਤੇ ਸਹਿਯੋਗੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545


Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

Kash fabrics
29576 Mission Blvd
Hayward,CA 94544
510-538-1138

Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA

510-757-6775 gogibhella@gmail.com

TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

MOON indian cuisine

Moon Indian Cuisine
510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ

ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net


ਆਪ ਸਭ ਨੂੰ
ਬੰਦੀ ਛੋੜ ਦਿਵਸ, ਦੀਵਾਲੀ
ਦੀਆਂ ਲੱਖ-ਲੱਖ ਵਧਾਈਆਂ
13 ਨਵੰਬਰ ਨੂੰ ਅਮਰੀਕਾ, ਇੰਗਲੈਂਡ, ਕੈਨੇਡਾ ਵਿਚ ਜਾਰੀ ਹੋ ਰਹੀ ਫਿਲਮ 'ਏਕ ਓਂਕਾਰ' ਨੇੜੇ ਦੇ ਸਿਨੇਮਾ ਘਰਾਂ 'ਚ ਦੇਖੋ
FROM THE MAKER OF
THE BLACK PRINCE, SARABHA AND THE GOLD BRACELET
A FILM BY KAVI RAZ
ਏਕ ਓਅੰਕਾਰ
EK ONKAR
ONE GOD
RELEASING
NOVEMBER 13TH 2026
NOVEMBER 13TH 2026
PARAMPAL SINGH DEREK CASPER JIMMY BACON JASPAL ATWAL LADDIE SIDHU DEMI MANN
RUPINDER SINGH PUSHPEK SIDHU ANMOL SANDHU AND KAVI RAZ
NEIL NAYYAR ONKAR MINHAS PARMINDER KARLA AARON C SMITH
KAJRI AKHTAR MILROY GOES JOHN EDWARDS BALBIR SINGH M.A INDER JEET SINGH
KAVI RAZ
WWW.KAVIRAZSTUDIOS.COM
KAVI RAZ STUDIOS



ਫਰਾਂਸ 'ਚ ਮਿਲਿਆ ਸ਼ਮੋਂਡਾ ਵਾਇਰਸ

ਵਿਸ਼ਵ ਸਿਹਤ ਸੰਗਠਨ ਨੇ ਫਰਾਂਸ 'ਚ ਸ਼ਮੋਂਡਾ ਵਾਇਰਸ ਦੇ ਪਹਿਲੇ ਮਨੁੱਖੀ ਮਾਮਲੇ ਦੀ ਪੁਸ਼ਟੀ ਕੀਤੀ ਹੈ। ਫਰਾਂਸ ਦੇ ਸਿਹਤ ਮੰਤਰਾਲੇ ਅਨੁਸਾਰ, ਪ੍ਰਭਾਵਿਤ ਵਿਅਕਤੀ ਦੀ ਉਮਰ 60 ਸਾਲ ਤੋਂ ਵੱਧ ਸੀ ਅਤੇ ਉਸ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ (ਇਮਿਊਨ ਸਿਸਟਮ) ਵੀ ਕਾਫ਼ੀ ਕਮਜ਼ੋਰ ਸੀ। ਇਲਾਜ ਦੌਰਾਨ ਵਿਅਕਤੀ ਦੀ ਮੌਤ ਹੋ ਗਈ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਵਾਇਰਸ ਪਹਿਲਾਂ ਸਿਰਫ਼ ਜਾਨਵਰਾਂ 'ਚ ਪਾਇਆ ਜਾਂਦਾ ਸੀ ਅਤੇ ਆਮ ਤੌਰ 'ਤੇ ਗਾਂਵਾਂ, ਭੇਡਾਂ, ਬੱਕਰੀਆਂ ਤੇ ਘੋੜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਆਓ ਜਾਣਦੇ ਹਾਂ ਕਿ ਇਹ ਵਾਇਰਸ ਕੀ ਹੈ ਅਤੇ ਮਨੁੱਖਾਂ 'ਚ ਇਸ ਦੇ ਕੀ ਲੱਛਣ ਹੋ ਸਕਦੇ ਹਨ।

ਕੀ ਹੈ ਸ਼ਮੋਂਡਾ ਵਾਇਰਸ?

ਸ਼ਮੋਂਡਾ ਵਾਇਰਸ ਪਹਿਲੀ ਵਾਰ 1960 ਦੇ ਦਹਾਕੇ 'ਚ ਨਾਈਜੀਰੀਆ ਦੇ ਮਵੇਸ਼ੀਆਂ 'ਚ ਪਾਇਆ ਗਿਆ ਸੀ। ਇਸ ਤੋਂ ਬਾਅਦ ਅਫ਼ਰੀਕਾ ਅਤੇ ਏਸ਼ੀਆ ਦੇ ਕੁਝ ਹਿੱਸਿਆਂ 'ਚ ਇਸ ਦੇ ਛੋਟੇ-ਮੋਟੇ ਮਾਮਲੇ ਦਰਜ ਕੀਤੇ ਗਏ ਹਨ। ਇਹ ਵਾਇਰਸ ਸ਼ਮਾਲੇਨਬਰਗ ਵਾਇਰਸ ਪਰਿਵਾਰ ਨਾਲ ਸਬੰਧਤ ਹੈ, ਜੋ ਪਸ਼ੂਆਂ 'ਚ ਪ੍ਰਜਨਨ ਨਾਲ ਜੁੜੀਆਂ ਸਮੱਸਿਆਵਾਂ ਪੈਦਾ ਕਰਦਾ ਹੈ।

ਵਿਸ਼ਵ ਪਸ਼ੂ ਸਿਹਤ ਸੰਗਠਨ ਅਨੁਸਾਰ, ਇਹ ਵਾਇਰਸ ਗਾਂਵਾਂ, ਭੇਡਾਂ, ਬੱਕਰੀਆਂ ਅਤੇ ਅਲਪਾਕਾ ਵਰਗੇ ਜਾਨਵਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਵਾਇਰਸ ਕਾਰਨ ਗਰਭਵਤੀ ਪਸ਼ੂਆਂ 'ਚ ਗਰਭਪਾਤ, ਮਰੇ ਹੋਏ ਬੱਚੇ ਦਾ ਜਨਮ ਅਤੇ ਜਨਮ ਸਮੇਂ ਸਰੀਰਕ ਨੁਕਸ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਗੰਭੀਰ ਮਾਮਲਿਆਂ 'ਚ ਹੇਠ ਲਿਖੇ ਲੱਛਣ ਸਾਹਮਣੇ ਆ ਸਕਦੇ ਹਨ:

- ਤੇਜ਼ ਬੁਖ਼ਾਰ
- ਦਸਤ ਲੱਗਣਾ
- ਭੁੱਖ ਨਾ ਲੱਗਣਾ
- ਦੁੱਧ ਦੇ ਉਤਪਾਦਨ 'ਚ ਅਚਾਨਕ ਭਾਰੀ ਕਮੀ ਆਉਣਾ

ਮਨੁੱਖਾਂ 'ਚ ਸ਼ਮੋਂਡਾ ਵਾਇਰਸ ਦੇ ਲੱਛਣ

ਮਨੁੱਖਾਂ 'ਚ ਇਸ ਵਾਇਰਸ ਦੀ ਲਾਗ ਦਾ ਇਹ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਇਸ ਲਈ ਮਨੁੱਖਾਂ 'ਚ ਇਸ ਦੇ ਸੰਭਾਵੀ ਲੱਛਣਾਂ ਬਾਰੇ ਹਾਲੇ ਲੋੜੀਂਦੀ ਜਾਣਕਾਰੀ ਉਪਲਬਧ ਨਹੀਂ ਹੈ।

ਹਾਲਾਂਕਿ, ਮਨੁੱਖਾਂ 'ਚ ਇਸ ਦੀ ਲਾਗ ਫੈਲਣ ਦਾ ਕਾਰਨ ਮਿਜ (Midge) ਨਾਂ ਦੇ ਮੱਖੀ ਵਰਗੇ ਛੋਟੇ ਕੀੜੇ ਨੂੰ ਮੰਨਿਆ ਜਾ ਰਿਹਾ ਹੈ। ਇਹ ਕੀੜਾ ਸੰਕਰਮਿਤ ਪਸ਼ੂ ਨੂੰ ਕੱਟਣ ਤੋਂ ਬਾਅਦ ਵਾਇਰਸ ਦਾ ਵਾਹਕ ਬਣ ਸਕਦਾ ਹੈ ਅਤੇ ਇਸ ਨੂੰ ਮਨੁੱਖਾਂ ਤੱਕ ਪਹੁੰਚਾ ਸਕਦਾ ਹੈ।

ਹੁਣ ਤਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਸ਼ਮੋਂਡਾ ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ 'ਚ ਫੈਲ ਸਕਦਾ ਹੈ। ਇਸੇ ਤਰ੍ਹਾਂ, ਸੰਕਰਮਿਤ ਪਸ਼ੂਆਂ ਨੂੰ ਛੂਹਣ, ਉਨ੍ਹਾਂ ਦੀ ਦੇਖਭਾਲ ਕਰਨ ਜਾਂ ਉਨ੍ਹਾਂ ਦੇ ਨੇੜੇ ਰਹਿਣ ਨਾਲ ਵੀ ਇਸ ਵਾਇਰਸ ਦੇ ਫੈਲਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ।


ਵਾਇਰਸ ਬਾਰੇ ਜਾਂਚ ਜਾਰੀ

ਵਿਸ਼ਵ ਸਿਹਤ ਸੰਗਠਨ ਅਨੁਸਾਰ, ਸੰਕਰਮਿਤ ਵਿਅਕਤੀ ਉਸ ਖੇਤਰ 'ਚ ਮੌਜੂਦ ਸੀ, ਜਿੱਥੇ ਪਸ਼ੂਆਂ 'ਚ ਸ਼ਮੋਂਡਾ ਵਾਇਰਸ ਫੈਲ ਰਿਹਾ ਸੀ ਅਤੇ ਉੱਥੇ ਕਿਊਲੀਕੋਇਡਸ (Culciodes) ਪ੍ਰਜਾਤੀ ਦੀਆਂ ਮਿਜ ਮੱਖੀਆਂ ਵੀ ਮੌਜੂਦ ਸਨ।

ਇਸ ਵਾਇਰਸ ਦੇ ਫੈਲਣ ਦੇ ਕਾਰਨਾਂ ਅਤੇ ਇਸ ਨਾਲ ਜੁੜੇ ਖ਼ਤਰਿਆਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਜਾਂਚ ਜਾਰੀ ਹੈ। ਕਿਉਂਕਿ ਮਨੁੱਖਾਂ 'ਚ ਇਸ ਦੀ ਲਾਗ ਦਾ ਇਹ ਪਹਿਲਾ ਮਾਮਲਾ ਹੈ, ਇਸ ਲਈ ਇਸ ਦੇ ਪ੍ਰਭਾਵਾਂ ਅਤੇ ਸੰਭਾਵੀ ਲੱਛਣਾਂ ਬਾਰੇ ਹੋਰ ਖੋਜ ਦੀ ਲੋੜ ਹੈ।

ਦਿਮਾਗ ਤੇ ਮਾੜਾ ਅਸਰ ਕਰਦੀ ਹੈ ਦੇਰ ਰਾਤ ਜਾਗਣ ਦੀ ਸਮੱਸਿਆ

ਕੀ ਤੁਹਾਡੇ ਨਾਲ ਕਦੇ ਅਜਿਹਾ ਹੋਇਆ ਹੈ ਕਿ ਦੇਰ ਰਾਤ ਤੱਕ ਜਾਗਣ ਤੋਂ ਬਾਅਦ ਅਗਲੇ ਦਿਨ ਛੋਟੀਆਂ-ਛੋਟੀਆਂ ਗੱਲਾਂ ਯਾਦ ਰੱਖਣੀਆਂ ਵੀ ਮੁਸ਼ਕਲ ਹੋ ਰਹੀਆਂ ਹੋਣ? ਨੀਂਦ ਪੂਰੀ ਨਾ ਹੋਣ ਕਾਰਨ ਨਵੀਂ ਜਾਣਕਾਰੀ ਨੂੰ ਦਿਮਾਗ ਵਿੱਚ ਸਟੋਰ ਕਰਨਾ ਕਾਫ਼ੀ ਮੁਸ਼ਕਲ ਹੋ ਜਾਂਦਾ ਹੈ, ਪਰ ਇੱਕ ਨਵੀਂ ਖੋਜ ਵਿੱਚ ਇਸ ਨਾਲ ਜੁੜੀ ਹੈਰਾਨੀਜਨਕ ਗੱਲ ਸਾਹਮਣੇ ਆਈ ਹੈ। ਦਰਅਸਲ, ਇਸ ਖੋਜ ਮੁਤਾਬਕ ਥੋੜ੍ਹੇ ਸਮੇਂ ਲਈ ਹਲਕੀ-ਫੁਲਕੀ ਕਸਰਤ ਵੀ ਨੀਂਦ ਦੀ ਕਮੀ ਕਾਰਨ ਯਾਦਦਾਸ਼ਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘਟਾ ਸਕਦੀ ਹੈ। ਆਓ ਜਾਣਦੇ ਹਾਂ ਇਸ ਬਾਰੇ।



ਨੀਂਦ ਦੀ ਕਮੀ ਅਤੇ ਯਾਦਦਾਸ਼ਤ 'ਤੇ ਅਸਰ

ਇਸ ਖੋਜ ਵਿੱਚ ਪਾਇਆ ਗਿਆ ਕਿ ਲਗਾਤਾਰ 30 ਘੰਟੇ ਜਾਗਦੇ ਰਹਿਣ ਦੇ ਬਾਵਜੂਦ ਸਿਰਫ਼ 20 ਮਿੰਟ ਦੀ ਐਰੋਬਿਕ ਕਸਰਤ ਨਵੀਆਂ ਯਾਦਾਂ ਨੂੰ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ 90 ਮਿੰਟ ਦੀ ਝਪਕੀ ਲੈਣ ਨਾਲ ਵੀ ਬਿਲਕੁਲ ਅਜਿਹਾ ਹੀ ਫਾਇਦਾ ਦੇਖਿਆ ਗਿਆ।

Proceeidngs of the National Academy of Sciences ਵਿੱਚ ਪ੍ਰਕਾਸ਼ਿਤ ਇਸ ਅਧਿਐਨ ਵਿੱਚ 18 ਤੋਂ 35 ਸਾਲ ਦੀ ਉਮਰ ਦੇ 53 ਸਿਹਤਮੰਦ ਬਾਲਗਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਲੋਕਾਂ ਨੂੰ 30 ਘੰਟਿਆਂ ਤੱਕ ਜਾਗਦਾ ਰੱਖਣ ਤੋਂ ਬਾਅਦ ਤਿੰਨ ਸਮੂਹਾਂ ਵਿੱਚ ਵੰਡਿਆ ਗਿਆ। ਪਹਿਲੇ ਸਮੂਹ ਨੇ 20 ਮਿੰਟ ਦੀ ਐਰੋਬਿਕ ਕਸਰਤ ਕੀਤੀ, ਦੂਜੇ ਸਮੂਹ ਨੇ 90 ਮਿੰਟ ਦੀ ਝਪਕੀ ਲਈ ਅਤੇ ਤੀਜਾ ਸਮੂਹ ਕਸਰਤ ਵਾਲੀ ਸਾਈਕਲ 'ਤੇ ਬੈਠਾ ਰਿਹਾ, ਪਰ ਉਸ ਨੇ ਕੋਈ ਕਸਰਤ ਨਹੀਂ ਕੀਤੀ।

ਇਸ ਤੋਂ ਬਾਅਦ ਤਸਵੀਰਾਂ ਦੀ ਪਛਾਣ ਕਰਨ ਵਾਲਾ ਟੈਸਟ ਲਿਆ ਗਿਆ। ਕਸਰਤ ਕਰਨ ਵਾਲੇ ਸਮੂਹ ਨੇ 56% ਤਸਵੀਰਾਂ ਦੀ ਸਹੀ ਪਛਾਣ ਕੀਤੀ, ਜਦਕਿ ਝਪਕੀ ਲੈਣ ਵਾਲੇ ਸਮੂਹ ਨੇ 57% ਤਸਵੀਰਾਂ ਦੀ ਸਹੀ ਪਛਾਣ ਕੀਤੀ। ਉੱਥੇ ਹੀ, ਬਿਨਾਂ ਕਸਰਤ ਕਰਨ ਵਾਲੇ ਸਮੂਹ ਦਾ ਸਕੋਰ ਸਿਰਫ਼ 46% ਰਿਹਾ।

ਦਿਮਾਗ 'ਤੇ ਕਿਵੇਂ ਹੁੰਦਾ ਹੈ ਅਸਰ?

ਦਿਮਾਗ ਦੀ ਓਓਘ ਜਾਂਚ ਤੋਂ ਪਤਾ ਲੱਗਿਆ ਕਿ ਕਸਰਤ ਅਤੇ ਝਪਕੀ, ਦੋਵੇਂ ਵੱਖ-ਵੱਖ ਤਰੀਕਿਆਂ ਨਾਲ ਯਾਦਦਾਸ਼ਤ ਨੂੰ ਬਿਹਤਰ ਬਣਾਉਂਦੇ ਹਨ। ਝਪਕੀ ਲੈਣ ਨਾਲ ਮਾਨਸਿਕ ਥਕਾਵਟ ਘੱਟ ਹੋਈ, ਜਿਸ ਨਾਲ ਕਾਰਗੁਜ਼ਾਰੀ ਵਿੱਚ ਸੁਧਾਰ ਆਇਆ। ਉੱਥੇ ਹੀ, ਕਸਰਤ ਕਰਨ ਨਾਲ ਦਿਮਾਗ ਦੀ ਨਵੀਂ ਜਾਣਕਾਰੀ ਨੂੰ ਬਿਹਤਰ ਤਰੀਕੇ ਨਾਲ ਪ੍ਰੋਸੈਸ ਕਰਨ ਦੀ ਸਮਰੱਥਾ ਵਿੱਚ ਸੁਧਾਰ ਹੋਇਆ।

ਹਾਲਾਂਕਿ, ਇਸ ਖੋਜ ਦੇ ਪ੍ਰਭਾਵਾਂ ਨੂੰ ਅਜੇ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਸਥਿਤੀਆਂ ਵਿੱਚ ਨਹੀਂ ਪਰਖਿਆ ਗਿਆ ਹੈ।

ਅਧੂਰੀ ਨੀਂਦ ਦੇ ਖ਼ਤਰੇ

ਡੂੰਘੀ Non-REM ਨੀਂਦ ਯਾਦਾਂ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ, ਜਦਕਿ ਓ ਨੀਂਦ ਭਾਵਨਾਤਮਕ ਯਾਦਾਂ ਨੂੰ ਸੰਭਾਲਣ ਵਿੱਚ ਮਦਦ ਕਰਦੀ ਹੈ।

ਲਗਾਤਾਰ ਨੀਂਦ ਪੂਰੀ ਨਾ ਹੋਣ ਕਾਰਨ ਬ੍ਰੇਨ ਫੌਗ, ਥਕਾਵਟ, ਕਮਜ਼ੋਰ ਯਾਦਦਾਸ਼ਤ, ਚਿੜਚਿੜਾਪਣ ਅਤੇ ਡਿਪ੍ਰੈਸ਼ਨ ਦਾ ਖ਼ਤਰਾ ਵਧ ਸਕਦਾ ਹੈ।

ਨਾਈਟ ਸ਼ਿਫਟ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ 15 ਮਿੰਟ ਦੀ ਛੋਟੀ ਝਪਕੀ ਵੀ ਮਦਦਗਾਰ ਸਾਬਤ ਹੋ ਸਕਦੀ ਹੈ, ਪਰ ਇਹ ਰੋਜ਼ਾਨਾ 7-8 ਘੰਟਿਆਂ ਦੀ ਨੀਂਦ ਦੀ ਕਮੀ ਨੂੰ ਪੂਰਾ ਨਹੀਂ ਕਰ ਸਕਦੀ।

ਲੋੜ ਤੋਂ ਵੱਧ ਪ੍ਰੋਟੀਨ ਲੈਣਾ ਵੀ ਭਾਰੀ ਪੈਂਦਾ ਹੈ

ਸਰੀਰ ਦੇ ਲਗਭਗ ਹਰ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਪ੍ਰੋਟੀਨ ਜ਼ਰੂਰੀ ਹੈ। ਪਰ ਇਸ ਦਾ ਇੱਕ ਦੂਜਾ ਪੱਖ ਵੀ ਹੈ। ਲੋੜ ਤੋਂ ਵੱਧ ਪ੍ਰੋਟੀਨ ਦਾ ਸੇਵਨ ਤੁਹਾਡੀਆਂ ਕਿਡਨੀਆਂ, ਦਿਲ ਅਤੇ ਪਾਚਨ ਪ੍ਰਣਾਲੀ 'ਤੇ ਮਾੜਾ ਅਸਰ ਪਾ ਸਕਦਾ ਹੈ। ਆਖ਼ਰ ਇਸ ਮਹੱਤਵਪੂਰਨ ਮੈਕ੍ਰੋਨਿਊਟ੍ਰੀਐਂਟ ਦੀ ਕਿੰਨੀ ਮਾਤਰਾ ਲੈਣੀ ਸਹੀ ਹੈ ਅਤੇ ਕਿਵੇਂ ਪਤਾ ਲੱਗ ਸਕਦਾ ਹੈ ਕਿ ਤੁਸੀਂ ਇਸ ਦਾ ਜ਼ਿਆਦਾ ਸੇਵਨ ਕਰ ਰਹੇ ਹੋ? ਆਓ, ਇਸ ਲੇਖ ਵਿੱਚ ਜਾਣਦੇ ਹਾਂ।

ਪ੍ਰੋਟੀਨ ਸਰੀਰ ਦੇ ਕਈ ਮਹੱਤਵਪੂਰਨ ਕੰਮਾਂ ਵਿੱਚ ਮਦਦ ਕਰਦਾ ਹੈ। ਇਸ ਦੀ ਲੋੜ ਇਨ੍ਹਾਂ ਕਾਰਨਾਂ ਕਰਕੇ ਹੁੰਦੀ ਹੈ:

ਭੋਜਨ ਨੂੰ ਪਚਾਉਣ ਵਾਲੇ ਐਂਜ਼ਾਈਮ ਬਣਾਉਣ ਲਈ।
ਹਾਰਮੋਨਾਂ ਨੂੰ ਨਿਯੰਤਰਿਤ ਰੱਖਣ ਲਈ।
ਵਾਲਾਂ, ਚਮੜੀ ਅਤੇ ਨਹੁੰਆਂ ਨੂੰ ਸਿਹਤਮੰਦ ਬਣਾਈ ਰੱਖਣ ਲਈ।
ਭਾਰ ਅਤੇ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦ ਲਈ।
ਮਾਸਪੇਸ਼ੀਆਂ ਦੀ ਮੁਰੰਮਤ ਅਤੇ ਉਨ੍ਹਾਂ ਦੇ ਵਿਕਾਸ ਲਈ।
ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ, ਯਾਨੀ ਇਮਿਊਨਿਟੀ, ਮਜ਼ਬੂਤ ਰੱਖਣ ਲਈ।

ਪ੍ਰੋਟੀਨ ਦੀ ਲੋੜ ਕਿਹੜੀਆਂ ਗੱਲਾਂ 'ਤੇ ਨਿਰਭਰ ਕਰਦੀ ਹੈ?

1. ਸਰੀਰ ਦਾ ਭਾਰ: ਪ੍ਰੋਟੀਨ ਦੀ ਲੋੜ ਆਮ ਤੌਰ 'ਤੇ ਸਰੀਰ ਦੇ ਪ੍ਰਤੀ ਕਿਲੋਗ੍ਰਾਮ ਭਾਰ ਦੇ ਹਿਸਾਬ ਨਾਲ ਗਿਣੀ ਜਾਂਦੀ ਹੈ। ਹਾਲਾਂਕਿ, ਇਸ ਦਾ ਇਹ ਮਤਲਬ ਨਹੀਂ ਕਿ ਵੱਧ ਭਾਰ ਵਾਲੇ ਹਰ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਵੱਧ ਪ੍ਰੋਟੀਨ ਚਾਹੀਦਾ ਹੈ। ਲੋੜ ਦਾ ਅੰਦਾਜ਼ਾ ਲਗਾਉਣ ਲਈ ਸਰੀਰਕ ਗਤੀਵਿਧੀਆਂ ਅਤੇ ਸਿਹਤ ਦੀ ਸਥਿਤੀ ਵੀ ਮਹੱਤਵਪੂਰਨ ਹਨ।
2. ਸਰੀਰਕ ਗਤੀਵਿਧੀਆਂ: ਦਿਨ ਭਰ ਬੈਠ ਕੇ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਨਿਯਮਿਤ ਕਸਰਤ, ਸਟ੍ਰੈਂਥ ਟ੍ਰੇਨਿੰਗ ਜਾਂ ਸਰੀਰਕ ਮਿਹਨਤ ਕਰਨ ਵਾਲੇ ਲੋਕਾਂ ਨੂੰ ਵੱਧ ਪ੍ਰੋਟੀਨ ਦੀ ਲੋੜ ਹੋ ਸਕਦੀ ਹੈ।
3. ਉਮਰ: ਉਮਰ ਵਧਣ ਦੇ ਨਾਲ ਮਾਸਪੇਸ਼ੀਆਂ ਦੀ ਸੰਭਾਲ ਲਈ ਪ੍ਰੋਟੀਨ ਦੀ ਲੋੜ ਵਧ ਸਕਦੀ ਹੈ। ਇਸ ਨਾਲ ਮਾਸਪੇਸ਼ੀਆਂ ਦੇ ਘਟਣ ਦੀ ਪ੍ਰਕਿਰਿਆ ਨੂੰ ਹੌਲੀ ਕਰਨ ਅਤੇ ਤਾਕਤ ਬਣਾਈ ਰੱਖਣ ਵਿੱਚ ਮਦਦ ਮਿਲ ਸਕਦੀ ਹੈ।
4. ਖਾਣ-ਪੀਣ ਦੀ ਕਿਸਮ: ਸ਼ਾਕਾਹਾਰੀ ਅਤੇ ਵੀਗਨ ਡਾਈਟ ਲੈਣ ਵਾਲਿਆਂ ਨੂੰ ਪ੍ਰੋਟੀਨ ਦੇ ਵੱਖ-ਵੱਖ ਸਰੋਤ ਸੋਚ-ਸਮਝ ਕੇ ਚੁਣਨ ਦੀ ਲੋੜ ਹੁੰਦੀ ਹੈ, ਤਾਂ ਜੋ ਸਰੀਰ ਨੂੰ ਲੋੜੀਂਦੇ ਪੌਸ਼ਟਿਕ ਤੱਤ ਮਿਲ ਸਕਣ।
5. ਗਰਭ ਅਵਸਥਾ, ਦੁੱਧ ਪਿਲਾਉਣ ਅਤੇ ਬਿਮਾਰੀ ਤੋਂ ਉਭਰਨ ਦਾ ਸਮਾਂ: ਗਰਭਵਤੀ ਅਤੇ ਬੱਚੇ ਨੂੰ ਦੁੱਧ ਪਿਲਾਉਣ ਵਾਲੀਆਂ ਔਰਤਾਂ ਦੇ ਨਾਲ-ਨਾਲ ਬਿਮਾਰੀ ਤੋਂ ਠੀਕ ਹੋ ਰਹੇ ਲੋਕਾਂ ਨੂੰ ਵੱਧ ਪ੍ਰੋਟੀਨ ਦੀ ਲੋੜ ਹੋ ਸਕਦੀ ਹੈ। ਹਾਲਾਂਕਿ, ਅਜਿਹੀ ਸਥਿਤੀ ਵਿੱਚ ਡਾਕਟਰ ਦੀ ਸਲਾਹ ਲੈਣੀ ਜ਼ਰੂਰੀ ਹੈ।

ਜ਼ਿਆਦਾ ਪ੍ਰੋਟੀਨ ਲੈਣ ਨਾਲ ਕੀ ਹੋ ਸਕਦਾ ਹੈ?


1. ਕਿਡਨੀਆਂ 'ਤੇ ਵਾਧੂ ਦਬਾਅ: ਲੰਬੇ ਸਮੇਂ ਤੱਕ ਲੋੜ ਤੋਂ ਵੱਧ ਪ੍ਰੋਟੀਨ ਲੈਣ ਨਾਲ ਕਿਡਨੀਆਂ 'ਤੇ ਕੰਮ ਦਾ ਬੋਝ ਵਧ ਸਕਦਾ ਹੈ। ਖ਼ਾਸ ਕਰਕੇ ਕਿਡਨੀ ਦੀ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਪ੍ਰੋਟੀਨ ਦੀ ਮਾਤਰਾ ਬਾਰੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।
2. ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ: ਜੇ ਪ੍ਰੋਟੀਨ ਦਾ ਜ਼ਿਆਦਾਤਰ ਹਿੱਸਾ ਰੈੱਡ ਮੀਟ ਵਰਗੇ ਸਰੋਤਾਂ ਤੋਂ ਮਿਲਦਾ ਹੈ, ਖ਼ਾਸ ਕਰਕੇ ਜ਼ਿਆਦਾ ਚਰਬੀ ਵਾਲੇ ਜਾਂ ਪ੍ਰੋਸੈਸਡ ਮੀਟ ਤੋਂ, ਤਾਂ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ।
3. ਪਾਚਨ ਸਬੰਧੀ ਸਮੱਸਿਆਵਾਂ: ਜ਼ਿਆਦਾ ਪ੍ਰੋਟੀਨ ਵਾਲੇ ਕੁਝ ਖਾਣਿਆਂ ਵਿੱਚ ਫਾਈਬਰ ਘੱਟ ਹੁੰਦਾ ਹੈ। ਜੇ ਖੁਰਾਕ ਵਿੱਚ ਫਾਈਬਰ ਦੀ ਕਮੀ ਹੋਵੇ, ਤਾਂ ਪਾਚਨ ਕਿਰਿਆ ਪ੍ਰਭਾਵਿਤ ਹੋ ਸਕਦੀ ਹੈ ਅਤੇ ਕਬਜ਼, ਗੈਸ ਜਾਂ ਪੇਟ ਵਿੱਚ ਬੇਅਰਾਮੀ ਹੋ ਸਕਦੀ ਹੈ।
4. ਹੋਰ ਪੌਸ਼ਟਿਕ ਤੱਤਾਂ ਦੀ ਕਮੀ: ਜੇ ਖਾਣੇ ਵਿੱਚ ਪ੍ਰੋਟੀਨ ਦੀ ਮਾਤਰਾ ਬਹੁਤ ਜ਼ਿਆਦਾ ਹੋਵੇ, ਤਾਂ ਕਾਰਬੋਹਾਈਡ੍ਰੇਟ, ਸਿਹਤਮੰਦ ਚਰਬੀਆਂ, ਫਲਾਂ ਅਤੇ ਸਬਜ਼ੀਆਂ ਲਈ ਥਾਂ ਘੱਟ ਰਹਿ ਸਕਦੀ ਹੈ। ਇਸ ਨਾਲ ਸਰੀਰ ਨੂੰ ਲੋੜੀਂਦੇ ਹੋਰ ਪੌਸ਼ਟਿਕ ਤੱਤਾਂ ਦੀ ਕਮੀ ਹੋ ਸਕਦੀ ਹੈ।

ਕਿਵੇਂ ਪਛਾਣੀਏ ਕਿ ਤੁਸੀਂ ਜ਼ਿਆਦਾ ਪ੍ਰੋਟੀਨ ਲੈ ਰਹੇ ਹੋ?

ਕੁਝ ਲੱਛਣ ਜਿਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ:
ਵਾਰ-ਵਾਰ ਪਿਆਸ ਲੱਗਣੀ ਜਾਂ ਗਲਾ ਸੁੱਕਣਾ।
ਪੇਟ ਫੁੱਲਣਾ, ਗੈਸ, ਦਸਤ ਜਾਂ ਕਬਜ਼ ਦੀ ਸਮੱਸਿਆ।
ਮੂੰਹ ਵਿੱਚੋਂ ਬਦਬੂ ਆਉਣਾ।
ਥਕਾਵਟ ਮਹਿਸੂਸ ਹੋਣਾ।
ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਆਉਣਾ।
ਮਾਸਪੇਸ਼ੀਆਂ ਵਿੱਚ ਖਿਚਾਅ ਜਾਂ ਕੜਵੱਲ ਪੈਣਾ।

ਧਿਆਨ ਰਹੇ ਕਿ ਇਹ ਲੱਛਣ ਸਿਰਫ਼ ਵੱਧ ਪ੍ਰੋਟੀਨ ਲੈਣ ਕਾਰਨ ਹੀ ਨਹੀਂ ਹੁੰਦੇ। ਇਨ੍ਹਾਂ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਜੇ ਲੱਛਣ ਲਗਾਤਾਰ ਬਣੇ ਰਹਿਣ, ਤਾਂ ਡਾਕਟਰ ਨਾਲ ਸੰਪਰਕ ਕਰੋ।

ਇਸ ਤਰ੍ਹਾਂ ਰੱਖੋ ਪ੍ਰੋਟੀਨ ਦੀ ਮਾਤਰਾ ਸੰਤੁਲਿਤ



1. ਕੁਦਰਤੀ ਅਤੇ ਪੌਸ਼ਟਿਕ ਸਰੋਤ ਚੁਣੋ: ਮੱਛੀ, ਅੰਡੇ, ਘੱਟ ਚਰਬੀ ਵਾਲੇ ਡੇਅਰੀ ਉਤਪਾਦ ਅਤੇ ਪੌਦਿਆਂ ਤੋਂ ਮਿਲਣ ਵਾਲੇ ਪ੍ਰੋਟੀਨ ਨੂੰ ਖੁਰਾਕ ਵਿੱਚ ਸ਼ਾਮਲ ਕਰੋ।
2. ਪ੍ਰੋਟੀਨ ਦੀ ਮਾਤਰਾ ਵੱਖ-ਵੱਖ ਖਾਣਿਆਂ ਵਿੱਚ ਵੰਡੋ: ਇੱਕੋ ਵਾਰ ਬਹੁਤ ਜ਼ਿਆਦਾ ਪ੍ਰੋਟੀਨ ਲੈਣ ਦੀ ਬਜਾਏ ਦਿਨ ਦੇ ਹਰ ਮੁੱਖ ਭੋਜਨ ਵਿੱਚ ਇਸ ਨੂੰ ਸੰਤੁਲਿਤ ਮਾਤਰਾ ਵਿੱਚ ਸ਼ਾਮਲ ਕਰੋ।
3. ਪ੍ਰੋਟੀਨ ਦੇ ਨਾਲ ਕਾਰਬੋਹਾਈਡ੍ਰੇਟ ਵੀ ਲਓ: ਪ੍ਰੋਟੀਨ ਦੇ ਨਾਲ ਸੰਤੁਲਿਤ ਮਾਤਰਾ ਵਿੱਚ ਕਾਰਬੋਹਾਈਡ੍ਰੇਟ ਲੈਣ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਅਤੇ ਸਮੁੱਚੀ ਖੁਰਾਕ ਸੰਤੁਲਿਤ ਰਹਿੰਦੀ ਹੈ।
4. ਪੌਦਿਆਂ ਤੋਂ ਮਿਲਣ ਵਾਲੇ ਪ੍ਰੋਟੀਨ ਨੂੰ ਤਰਜੀਹ ਦਿਓ: ਟੋਫੂ, ਦਾਲਾਂ, ਫਲੀਆਂ ਅਤੇ ਮੇਵੇ ਵਰਗੇ ਸਰੋਤਾਂ ਨੂੰ ਖੁਰਾਕ ਵਿੱਚ ਸ਼ਾਮਲ ਕਰੋ। ਇਨ੍ਹਾਂ ਵਿੱਚੋਂ ਕਈ ਸਰੋਤ ਫਾਈਬਰ ਵੀ ਪ੍ਰਦ

ਸਾਈਬਰ ਸੁਰੱਖਿਆ ਵਿਚ ਹੰਗਾਮਾ ਮਚਾਉਣ ਵਾਲਾ ਪੀਐੱਚਪੀ ਕੀ ਹੁੰਦਾ ਹੈ

ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੱਕ, ਇੰਟਰਨੈੱਟ ਦੇ ਵੱਡੇ ਹਿੱਸੇ ਨੂੰ ਚਲਾਉਣ ਵਾਲੀ ਤਕਨਾਲੋਜੀ ਵਿੱਚ ਗੰਭੀਰ ਖ਼ਾਮੀਆਂ ਦਾ ਪਤਾ ਨਹੀਂ ਲੱਗ ਸਕਿਆ। ਇਨ੍ਹਾਂ ਖਾਮੀਆਂ ਨੂੰ ਸਾਹਮਣੇ ਲਿਆਉਣ ਦਾ ਕੰਮ ਮਨਸੂਈ ਬੁੱਧੀ ਭਾਵ ਆਰਟੀਸ਼ੀਅਲ ਇੰਟੈਲੀਜੈਂਸ (ਏਆਈ) ਨੇ ਕੀਤਾ, ਜਿਸ ਕਾਰਨ ਦੁਨੀਆ ਭਰ ਵਿੱਚ ਸਾਈਬਰ ਸੁਰੱਖਿਆ ਨੂੰ ਲੈ ਕੇ ਹੰਗਾਮਾ ਮਚ ਗਿਆ। ਇਹ ਕਮਜ਼ੋਰੀਆਂ ਪੀਐੱਚਪੀ ਨਾਮ ਦੀ ਇੱਕ ਪ੍ਰੋਗਰਾਮਿੰਗ ਭਾਸ਼ਾ ਵਿੱਚ ਹਨ, ਜਿਸ ਦੀ ਵਰਤੋਂ 2000 ਦੇ ਦਹਾਕੇ ਤੋਂ ਦੁਨੀਆ ਭਰ ਵਿੱਚ ਵੈੱਬਸਾਈਟਾਂ ਬਣਾਉਣ ਲਈ ਕੀਤੀ ਜਾ ਰਹੀ ਹੈ।

ਬੁੱਧਵਾਰ ਨੂੰ ਇਸ ਖੋਜ ਦੇ ਸਾਹਮਣੇ ਆਉਣ ਤੋਂ ਬਾਅਦ, ਦੁਨੀਆ ਭਰ ਦੀਆਂ ਸਰਕਾਰਾਂ ਅਤੇ ਸਾਈਬਰ ਸੁਰੱਖਿਆ ਏਜੰਸੀਆਂ ਇਸ ਦੇ ਪ੍ਰਭਾਵਾਂ ਨੂੰ ਕਾਬੂ ਕਰਨ ਲਈ ਜੱਦੋ-ਜਹਿਦ ਕਰ ਰਹੀਆਂ ਹਨ। ਉਨ੍ਹਾਂ ਨੇ ਵੈੱਬਸਾਈਟਾਂ ਚਲਾਉਣ ਵਾਲਿਆਂ ਨੂੰ ਐਮਰਜੈਂਸੀ ਸੁਰੱਖਿਆ ਅੱਪਡੇਟ ਸਥਾਪਤ ਕਰਨ ਜਾਂ ਆਪਣੇ ਪਲੇਟਫਾਰਮਾਂ ਨੂੰ ਆਫ਼ਲਾਈਨ ਕਰਨ ਬਾਰੇ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਸਾਈਬਰ ਸੁਰੱਖਿਆ ਕੰਪਨੀ ਵਿਜ਼ (ਵਿਜ਼) , ਜਿਨ੍ਹਾਂ ਕੰਪਨੀਆਂ ਦੇ ਖੋਜਕਾਰਾਂ ਨੇ ਇਨ੍ਹਾਂ ਕਮਜ਼ੋਰੀਆਂ ਦਾ ਪਤਾ ਲਗਾਇਆ, ਨੇ ਇਨ੍ਹਾਂ ਖ਼ਾਮੀਆਂ ਨੂੰ ਏਆਈ ਰਾਹੀਂ ਹੁਣ ਤੱਕ ਲੱਭੀਆਂ ਗਈਆਂ ਸਭ ਤੋਂ ਗੰਭੀਰ ਖ਼ਾਮੀਆਂ ਦੱਸਿਆ ਹੈ। ਓਪਨਏਆਈ, ਜਿਸ ਦੀ ਤਕਨਾਲੋਜੀ ਦੀ ਵਰਤੋਂ ਇਨ੍ਹਾਂ ਖ਼ਾਮੀਆਂ ਦਾ ਪਤਾ ਲਗਾਉਣ ਲਈ ਕੀਤੀ ਗਈ ਸੀ, ਨੇ ਇਸ ਖੋਜ ਨੂੰ ਹਾਲੀਆ ਸਮੇਂ ਵਿੱਚ ਸਾਹਮਣੇ ਆਏ ਸਭ ਤੋਂ ਵੱਧ ਪ੍ਰਭਾਵ ਪਾਉਣ ਵਾਲੇ ਸਾਈਬਰ ਸੁਰੱਖਿਆ ਮੁੱਦਿਆਂ ਵਿੱਚੋਂ ਇੱਕ ਦੱਸਿਆ ਹੈ।

ਪੀਐੱਚਪੀ ਕੀ ਹੈ?

ਹੋ ਸਕਦਾ ਹੈ ਕਿ ਜ਼ਿਆਦਾਤਰ ਲੋਕਾਂ ਨੇ ਪੀ ਐੱਚ ਪੀ ਬਾਰੇ ਨਾ ਸੁਣਿਆ ਹੋਵੇ, ਪਰ ਸੰਭਾਵਨਾ ਹੈ ਕਿ ਉਹ ਰੋਜ਼ਾਨਾ ਇਸ ਨਾਲ ਜੁੜੀ ਤਕਨਾਲੋਜੀ ਦੀ ਵਰਤੋਂ ਕਰਦੇ ਹਨ।

ਪੀਐੱਚਪੀ ਦਾ ਪੂਰਾ ਨਾਂ ਪੀ ਐੱਚ ਪੀ: ਹਾਈਪਰਟੈਕਸਟ ਪ੍ਰੀਪ੍ਰੋਸੈਸਰ ਹੈ। ਇਹ ਇੱਕ ਖੁੱਲ੍ਹੇ ਸਰੋਤ ਵਾਲੀ ਬੈਕ-ਐਂਡ ਪ੍ਰੋਗਰਾਮਿੰਗ ਭਾਸ਼ਾ ਹੈ, ਜੋ ਵੈੱਬ ਸਰਵਰ ਉੱਤੇ ਚੱਲਦੀ ਹੈ। 1990 ਦੇ ਦਹਾਕੇ ਦੇ ਸ਼ੁਰੂ ਵਿੱਚ ਗਤੀਸ਼ੀਲ ਵੈੱਬ ਪੰਨਿਆਂ ਅਤੇ ਐਪਲੀਕੇਸ਼ਨਾਂ ਨੂੰ ਚਲਾਉਣ ਵਿੱਚ ਮਦਦ ਕਰਨ ਲਈ ਵਿਕਸਤ ਕੀਤੀ ਗਈ ਪੀਐੱਚਪੀ ਅੱਜ ਵੀ ਕਈ ਪਲੇਟਫਾਰਮਾਂ ਨੂੰ ਚਲਾਉਂਦੀ ਹੈ। ਇਨ੍ਹਾਂ ਵਿੱਚ ਵਿਕੀਪੀਡੀਆ, ਆਨਲਾਈਨ ਦੁਕਾਨਾਂ ਅਤੇ ਵਰਡਪ੍ਰੈੱਸ ਸ਼ਾਮਲ ਹਨ, ਜੋ ਕਈ ਵੈੱਬਸਾਈਟਾਂ ਦੇ ਪਿੱਛੇ ਕੰਮ ਕਰਨ ਵਾਲਾ ਸਿਸਟਮ ਹੈ।

ਜਦੋਂ ਤੁਸੀਂ ਕਿਸੇ ਵੈੱਬਸਾਈਟ ਉੱਤੇ ਜਾਂਦੇ ਹੋ, ਤਾਂ ਪੀਐੱਚਪੀ ਉਹ ਕੋਡ ਹੁੰਦਾ ਹੈ ਜੋ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਉਸ ਨੂੰ ਅਜਿਹੇ ਵੈੱਬ ਪੰਨੇ ਵਿੱਚ ਬਦਲ ਦਿੰਦਾ ਹੈ, ਜਿਸ ਨੂੰ ਤੁਸੀਂ ਪੜ੍ਹ ਸਕਦੇ ਹੋ। ਇਸ ਦੀ ਵਰਤੋਂ ਵੈੱਬ ਐਪਲੀਕੇਸ਼ਨਾਂ ਬਣਾਉਣ ਜਾਂ ਉਨ੍ਹਾਂ ਨੂੰ ਤੇਜ਼ੀ ਨਾਲ ਤਿਆਰ ਕਰਨ ਲਈ ਕਈ ਸਾਧਨ ਬਣਾਉਣ ਵਾਸਤੇ ਵੀ ਕੀਤੀ ਜਾਂਦੀ ਰਹੀ ਹੈ। ਲਾਰਾਵੈੱਲ, ਸਿੰਫੋਨੀ ਅਤੇ ਡਰੂਪਲ ਪੀਐੱਚਪੀ ਦੇ ਪ੍ਰਸਿੱਧ ਫਰੇਮਵਰਕਾਂ ਵਿੱਚ ਸ਼ਾਮਲ ਹਨ। ਸਾਈਬਰ ਸੁਰੱਖਿਆ ਕੰਪਨੀ ਵਿਜ਼ ਦੇ ਅਨੁਸਾਰ, ਜਿਸ ਨੇ ਇਸ ਹਫ਼ਤੇ ਸਾਹਮਣੇ ਆਈਆਂ ਪੀਐੱਚਪੀ ਦੀਆਂ ਗੰਭੀਰ ਕਮਜ਼ੋਰੀਆਂ ਦਾ ਪਤਾ ਲਗਾਉਣ ਵਿੱਚ ਮਦਦ ਕੀਤੀ, ਦੁਨੀਆ ਦੀਆਂ 70 ਫ਼ੀਸਦੀ ਵੈੱਬਸਾਈਟਾਂ ਪੀਐੱਚਪੀ ਦੀ ਵਰਤੋਂ ਕਰਦੀਆਂ ਹਨ। ਪੀਐੱਚਪੀ ਦੀ ਦੇਖਭਾਲ ਅਤੇ ਵਿਕਾਸ ਪੀਐੱਚਪੀ ਫਾਊਂਡੇਸ਼ਨ ਨਾਮ ਦੀ ਇੱਕ ਗ਼ੈਰ-ਮੁਨਾਫ਼ਾ ਸੰਸਥਾ ਕਰਦੀ ਹੈ। ਇਸ ਵਿੱਚ ਉਹ ਵਿਅਕਤੀ ਅਤੇ ਕੰਪਨੀਆਂ ਸ਼ਾਮਲ ਹਨ ਜੋ ਇਸ ਭਾਸ਼ਾ ਉੱਤੇ ਨਿਰਭਰ ਕਰਦੇ ਹਨ ਅਤੇ ਇਸ ਦੀ ਲੰਬੇ ਸਮੇਂ ਤੱਕ ਤਰੱਕੀ ਅਤੇ ਸਥਿਰਤਾ ਯਕੀਨੀ ਬਣਾਉਣਾ ਚਾਹੁੰਦੇ ਹਨ।

ਇਹ ਕਮਜ਼ੋਰੀ ਕੀ ਹੈ?

ਸਾਈਬਰ ਸੁਰੱਖਿਆ ਖੋਜਕਾਰਾਂ ਅਤੇ ਸੰਸਥਾਵਾਂ ਦੇ ਇੱਕ ਸਮੂਹ ਨੇ ਇਸ ਹਫ਼ਤੇ ਪੀਐੱਚਪੀ ਵਿੱਚ ਮੌਜੂਦ ਦੋ ਕਮਜ਼ੋਰੀਆਂ ਦਾ ਖੁਲਾਸਾ ਕੀਤਾ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਇਨ੍ਹਾਂ ਕਾਰਨ ਇੰਟਰਨੈੱਟ ਉੱਤੇ ਮੌਜੂਦ ਵੈੱਬਸਾਈਟਾਂ ਦਾ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ। ਸਾਈਬਰ ਸੁਰੱਖਿਆ ਕੰਪਨੀਆਂ ਵਿਜ਼ ਅਤੇ ਕੈਲਿਫ਼ ਨੇ ਕਿਹਾ ਕਿ ਇਨ੍ਹਾਂ ਖ਼ਾਮੀਆਂ ਨੂੰ "ਪੀਐੱਚਪੀ-ਸ਼ੈੱਲ" (php2shell) ਦਾ ਨਾਂ ਦਿੱਤਾ ਗਿਆ ਹੈ। ਇਹ ਖ਼ਾਮੀਆਂ ਖ਼ੁਦ ਇਸ ਪ੍ਰੋਗਰਾਮਿੰਗ ਭਾਸ਼ਾ ਵਿੱਚ ਮੌਜੂਦ ਸਨ ਅਤੇ ਪਿਛਲੇ ਇੱਕ ਦਹਾਕੇ ਦੌਰਾਨ ਜਾਰੀ ਕੀਤੇ ਗਏ ਪੀਐੱਚਪੀ ਦੇ ਵੱਖ-ਵੱਖ ਸੰਸਕਰਣ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਸੁਰੱਖਿਆ ਖ਼ਾਮੀਆਂ ਦਾ ਪਤਾ ਲਗਾਉਣ ਵਿੱਚ ਮਦਦ ਕਰਨ ਵਾਲੇ ਕੈਲਿਫ਼ ਦੇ ਖੋਜਕਰਤਾ ਰਿਆਨ ਔਸਟਿਨ ਨੇ ਬੀਬੀਸੀ ਨੂੰ ਦੱਸਿਆ ਕਿ ਇਹ ਉਨ੍ਹਾਂ ਵੱਲੋਂ ਹੁਣ ਤੱਕ ਲੱਭੀ ਗਈ ਸਭ ਤੋਂ ਗੰਭੀਰ ਕਮਜ਼ੋਰੀ ਸੀ।

ਵਿਜ਼ ਨੇ ਆਪਣੀ ਖੋਜ ਬਾਰੇ ਇੱਕ ਬਲੌਗ ਪੋਸਟ ਵਿੱਚ ਲਿਖਿਆ ਕਿ ਚੁੱਕਵੇਂ ਹਾਲਾਤਾਂ ਵਿੱਚ ਹੈਕਰ ਇਸ ਪੀਐੱਚਪੀ2ਸ਼ੈੱਲ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਪ੍ਰਭਾਵਿਤ ਵੈੱਬ ਸਰਵਰਾਂ ਦਾ ਕੰਟ੍ਰੋਲ ਆਪਣੇ ਹੱਥ ਵਿੱਚ ਲੈ ਸਕਦੇ ਹਨ ਅਤੇ ਸੰਵੇਦਨਸ਼ੀਲ ਜਾਣਕਾਰੀ ਚੋਰੀ ਕਰ ਸਕਦੇ ਹਨ। ਕੰਪਨੀ ਨੇ ਕਿਹਾ ਕਿ ਪੀਐੱਚਪੀ ਦੀ ਵਰਤੋਂ ਕਰਕੇ ਬਣਾਈ ਗਈ ਹਰ ਚੀਜ਼ ਇਸ ਖ਼ਤਰੇ ਦੀ ਲਪੇਟ ਵਿੱਚ ਆ ਸਕਦੀ ਹੈ। ਗੋਰਿਲਾ ਸਾਈਬਰ ਸੁਰੱਖਿਆ ਦੇ ਮੁੱਖ ਕਾਰਜਕਾਰੀ ਪੌਲ ਸਪੇਨ ਨੇ ਕਿ ਏਆਈ ਅਜਿਹੇ ਹਮਲਿਆਂ ਨੂੰ ਹੋਰ ਆਸਾਨ ਅਤੇ ਤੇਜ਼ ਵੀ ਬਣਾ ਸਕਦਾ ਹੈ। ਉਨ੍ਹਾਂ ਅੰਦਾਜ਼ਾ ਲਗਾਇਆ ਕਿ ਇਹ ਖਾਮੀ "ਲੱਖਾਂ ਅਤੇ ਲੱਖਾਂ" ਵੈੱਬਸਾਈਟਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਐਡੀਲੇਡ ਯੂਨੀਵਰਸਿਟੀ ਦੀ ਸਾਈਬਰ ਸੁਰੱਖਿਆ ਖੋਜਕਾਰ ਜਿਲ ਸਲੇ ਨੇ ਕਿਹਾ ਕਿ ਜੇਕਰ ਹੈਕਰ ਜਾਂ ਦੇਸ਼ ਇਸ ਖ਼ਾਮੀ ਨੂੰ ਹਮਲਿਆਂ ਲਈ ਹਥਿਆਰ ਵਜੋਂ ਵਰਤਦੇ ਹਨ ਅਤੇ ਵੈੱਬਸਾਈਟਾਂ ਤੋਂ ਨਿੱਜੀ ਡਾਟਾ ਹਾਸਲ ਕਰ ਲੈਂਦੇ ਹਨ, ਤਾਂ ਇਸ ਦੇ ਨਤੀਜੇ "ਵਿਨਾਸ਼ਕਾਰੀ" ਹੋ ਸਕਦੇ ਹਨ।

ਕਿਹੜੀਆਂ ਵੈੱਬਸਾਈਟਾਂ ਪ੍ਰਭਾਵਿਤ ਹੋਈਆਂ ਹਨ?

ਇਸ ਚਿਤਾਵਨੀ ਕਾਰਨ ਦੁਨੀਆ ਭਰ ਵਿੱਚ ਸੇਵਾਵਾਂ ਦਾ ਕੰਮਕਾਜ ਪ੍ਰਭਾਵਿਤ ਹੋਇਆ ਹੈ। ਇਨ੍ਹਾਂ ਵਿੱਚ ਗੇਮਿੰਗ ਪਲੇਟਫਾਰਮਾਂ ਤੋਂ ਲੈ ਕੇ ਸਰਕਾਰੀ ਪੋਰਟਲਾਂ ਅਤੇ ਆਨਲਾਈਨ ਫੋਰਮਾਂ ਤੱਕ ਸ਼ਾਮਲ ਹਨ। ਇਨ੍ਹਾਂ ਵਿੱਚ ਵਿਕੀਮੀਡੀਆ ਵੀ ਸ਼ਾਮਲ ਹੈ, ਜੋ ਆਨਲਾਈਨ ਵਿਸ਼ਵਕੋਸ਼ ਵਿਕੀਪੀਡੀਆ ਦੇ ਪਿੱਛੇ ਕੰਮ ਕਰਨ ਵਾਲੀ ਸੰਸਥਾ ਹੈ। ਇਸ ਨੇ ਸਾਵਧਾਨੀ ਵਜੋਂ ਆਪਣੇ ਕਈ ਸਿਸਟਮ ਬੰਦ ਕਰ ਦਿੱਤੇ।



ਫਿਨਲੈਂਡ ਦੀ ਸਰਕਾਰ, ਐਡਿਨਬਰਗ ਕੌਂਸਲ ਅਤੇ ਬੀਬੀਸੀ ਨੇ ਆਪਣੀਆਂ ਵੈੱਬਸਾਈਟਾਂ ਅਤੇ ਵੈੱਬ ਪੰਨਿਆਂ ਨੂੰ ਆਫ਼ਲਾਈਨ ਕਰ ਦਿੱਤਾ ਹੈ। ਨੀਦਰਲੈਂਡ ਦੀ ਸਾਈਬਰ ਸੁਰੱਖਿਆ ਏਜੰਸੀ ਨੇ ਵੀ ਆਪਣੀ ਵੈੱਬਸਾਈਟ ਬੰਦ ਕਰ ਦਿੱਤੀ ਹੈ।

ਸਕਾਟਲੈਂਡ ਦੀਆਂ ਕਈ ਜਨਤਕ ਸੰਸਥਾਵਾਂ, ਜਿਨ੍ਹਾਂ ਵਿੱਚ ਕੌਂਸਲਾਂ ਅਤੇ ਸਿਹਤ ਬੋਰਡ ਸ਼ਾਮਲ ਹਨ, ਨੇ ਵੀ ਆਪਣੀਆਂ ਵੈੱਬਸਾਈਟਾਂ ਆਫ਼ਲਾਈਨ ਕਰ ਦਿੱਤੀਆਂ ਹਨ। ਕੁਝ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਖ਼ਾਮੀ ਕਾਰਨ ਉਨ੍ਹਾਂ ਵੈੱਬਸਾਈਟਾਂ ਨੂੰ ਵਧੇਰੇ ਖ਼ਤਰਾ ਹੋ ਸਕਦਾ ਹੈ, ਜਿਨ੍ਹਾਂ ਦੀ ਸਹੀ ਢੰਗ ਨਾਲ ਦੇਖਭਾਲ ਨਹੀਂ ਕੀਤੀ ਜਾਂਦੀ। ਖ਼ਾਸ ਤੌਰ 'ਤੇ ਛੋਟੀਆਂ ਸੰਸਥਾਵਾਂ ਦੀਆਂ ਵੈੱਬਸਾਈਟਾਂ, ਜਿਨ੍ਹਾਂ ਕੋਲ ਸਾਈਬਰ ਸੁਰੱਖਿਆ ਲਈ ਸੀਮਤ ਸਰੋਤ ਹਨ, ਵਧੇਰੇ ਜੋਖ਼ਮ ਵਿੱਚ ਹੋ ਸਕਦੀਆਂ ਹਨ। ਯੂਐੱਨਐੱਸਡਬਲਯੂ ਸਿਡਨੀ ਦੇ ਸਾਈਬਰ ਸੁਰੱਖਿਆ ਖੋਜਕਾਰ ਸਲੀਲ ਕਨਹੇਰੇ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਇਨ੍ਹਾਂ ਖ਼ਾਮੀਆਂ ਦਾ ਫ਼ਾਇਦਾ ਉਠਾਉਣ ਦੀਆਂ ਹੋਰ ਕੋਸ਼ਿਸ਼ਾਂ ਹੋਣ ਦੀ ਸੰਭਾਵਨਾ ਹੈ, ਕਿਉਂਕਿ ਹੁਣ ਇਨ੍ਹਾਂ ਦੇ ਤਕਨੀਕੀ ਵੇਰਵੇ ਜਨਤਕ ਕੀਤੇ ਜਾ ਰਹੇ ਹਨ।

ਖ਼ਾਮੀਆਂ ਸਾਹਮਣੇ ਆਉਣ ਤੋਂ ਬਾਅਦ ਕੀ ਹੋਇਆ?

ਪੀਐੱਚਪੀ ਫਾਊਂਡੇਸ਼ਨ ਨੇ ਸਾਲਾਂ ਤੋਂ ਆਪਣੇ ਸੌਫਟਵੇਅਰ ਵਿੱਚ ਮੌਜੂਦ ਖ਼ਾਮੀਆਂ ਨੂੰ ਠੀਕ ਕਰਨ ਲਈ ਬੁੱਧਵਾਰ ਨੂੰ ਸੁਰੱਖਿਆ ਅਪਡੇਟ ਜਾਰੀ ਕੀਤੇ। ਕੰਪਨੀ ਨੇ ਕਿਹਾ, "ਪੀਐੱਚਪੀ ਦੀ ਵਰਤੋਂ ਕਰਨ ਵਾਲੇ ਸਾਰੇ ਲੋਕਾਂ ਨੂੰ ਜ਼ੋਰਦਾਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਤੁਰੰਤ ਅਪਡੇਟ ਕਰਨ।" ਦੁਨੀਆ ਭਰ ਦੀਆਂ ਸਰਕਾਰਾਂ ਅਤੇ ਸੁਰੱਖਿਆ ਸੰਸਥਾਵਾਂ ਨੇ ਵੀ ਵੈੱਬਸਾਈਟ ਚਲਾਉਣ ਵਾਲਿਆਂ ਨੂੰ ਆਪਣੇ ਪਲੇਟਫਾਰਮਾਂ ਨੂੰ ਸੁਰੱਖਿਅਤ ਕਰਨ ਲਈ ਅਜਿਹੀਆਂ ਹੀ ਚਿਤਾਵਨੀਆਂ ਦਿੱਤੀਆਂ ਹਨ। ਅਮਰੀਕਾ ਦੀ ਕੌਮੀ ਸੁਰੱਖਿਆ ਏਜੰਸੀ ਨੇ ਪੀਐੱਚਪੀ ਦੀ ਵਰਤੋਂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਕਿਹਾ ਕਿ ਜੇਕਰ ਉਹ ਆਪਣੇ ਸਿਸਟਮਾਂ ਵਿੱਚ ਤੁਰੰਤ ਸੁਰੱਖਿਆ ਅਪਡੇਟ ਲਾਗੂ ਨਹੀਂ ਕਰ ਸਕਦੀਆਂ, ਤਾਂ ਉਹ ਉਨ੍ਹਾਂ ਨੂੰ ਆਫ਼ਲਾਈਨ ਕਰ ਦੇਣ।

ਏਜੰਸੀਆਂ ਨੇ ਇਹ ਵੀ ਕਿਹਾ ਕਿ ਇਹ ਖਾਮੀ ਕਿਸੇ ਸਿਸਟਮ ਦੇ ਡਾਟਾਬੇਸ ਤੱਕ ਪਹੁੰਚ ਬਣਾਉਣ ਲਈ "ਸਿੱਧਾ ਰਸਤਾ" ਮੁਹੱਈਆ ਕਰਵਾ ਸਕਦੀ ਹੈ। ਏਜੰਸੀਆਂ ਨੇ ਕਿਹਾ, "ਇਹ ਖ਼ਤਰੇ ਇੰਨੇ ਗੰਭੀਰ ਹਨ ਕਿ ਅਮਰੀਕੀ ਸਰਕਾਰ ਦੇ ਸਾਰੇ ਵਿਭਾਗਾਂ ਅਤੇ ਏਜੰਸੀਆਂ ਵਿੱਚ ਤੁਰੰਤ ਸੁਰੱਖਿਆ ਅਪਡੇਟ ਲਾਗੂ ਕਰਨ ਦੀ ਲੋੜ ਹੈ।" ਯੂਕੇ ਦੇ ਕੌਮੀ ਸਾਈਬਰ ਸੁਰੱਖਿਆ ਕੇਂਦਰ ਨੇ ਵੀ ਇਸੇ ਤਰ੍ਹਾਂ ਦੀ ਸਲਾਹ ਦਿੱਤੀ ਅਤੇ ਸੰਸਥਾਵਾਂ ਨੂੰ ਇਹ ਜਾਂਚ ਕਰਨ ਲਈ ਕਿਹਾ ਕਿ ਕਿਤੇ ਹਮਲਾਵਰਾਂ ਨੇ ਸਿਸਟਮਾਂ ਵਿੱਚ "ਗੁਪਤ ਪਿਛਲੇ ਦਰਵਾਜ਼ੇ" ਤਾਂ ਨਹੀਂ ਬਣਾਏ ਹੋਏ। ਯੂਰਪੀ ਸੰਘ, ਸਿੰਗਾਪੁਰ ਅਤੇ ਆਸਟ੍ਰੇਲੀਆ ਦੀਆਂ ਇਸ ਦੀਆਂ ਹਮਰੁਤਬਾ ਸੰਸਥਾਵਾਂ ਨੇ ਵੀ ਅਜਿਹੀਆਂ ਹੀ ਚਿਤਾਵਨੀਆਂ ਜਾਰੀ ਕੀਤੀਆਂ ਹਨ। ਜਾਪਾਨ ਦੀ ਪ੍ਰਧਾਨ ਮੰਤਰੀ ਸਾਨਾਏ ਤਾਕਾਇਚੀ ਨੇ ਲੋਕਾਂ ਨੂੰ ਜਾਂਚ ਕਰਨ ਦੀ ਅਪੀਲ ਕੀਤੀ ਕਿ ਕੀ ਉਨ੍ਹਾਂ ਦੀਆਂ ਜਨਤਕ ਤੌਰ 'ਤੇ ਉਪਲਬਧ ਵੈੱਬਸਾਈਟਾਂ ਪੀਐੱਚਪੀ ਉੱਤੇ ਚੱਲਦੀਆਂ ਹਨ। ਤਾਕਾਇਚੀ ਨੇ ਐਕਸ ਉੱਤੇ ਲਿਖਿਆ, "ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਅੱਜ ਰਾਤ ਹੀ ਇਸ ਸਬੰਧੀ ਜ਼ਰੂਰੀ ਕਾਰਵਾਈ ਕਰਨ।"

ਉਨ੍ਹਾਂ ਕਿਹਾ, "ਜੇਕਰ ਸੁਰੱਖਿਆ ਅਪਡੇਟ ਨੂੰ ਤੁਰੰਤ ਲਾਗੂ ਕਰਨਾ ਮੁਸ਼ਕਲ ਹੈ, ਤਾਂ ਵੈੱਬਸਾਈਟਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨਾ ਅਤੇ ਇਸ ਤਰ੍ਹਾਂ ਦੇ ਹੋਰ ਕਦਮ ਚੁੱਕਣਾ ਜੋਖ਼ਮ ਘਟਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ।" ਤਕਨਾਲੋਜੀ ਕੰਪਨੀਆਂ ਨੇ ਵੀ ਆਪਣੇ ਸਿਸਟਮਾਂ ਨੂੰ ਜਲਦੀ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਈ-ਕਾਮਰਸ ਦੀ ਦਿੱਗਜ ਕੰਪਨੀ ਐਮਾਜ਼ੋਨ ਨੇ ਕਿਹਾ ਕਿ ਪੀਐੱਚਪੀ ਦੀ ਖ਼ਾਮੀ ਬਾਰੇ ਜਨਤਕ ਤੌਰ 'ਤੇ ਜਾਣਕਾਰੀ ਸਾਹਮਣੇ ਆਉਣ ਤੋਂ ਕੁਝ ਦਿਨ ਪਹਿਲਾਂ ਉਸ ਨੂੰ ਕਈ ਵਾਰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਸ ਦੀਆਂ ਵੈੱਬਸਾਈਟਾਂ ਆਮ ਵਾਂਗ ਕੰਮ ਕਰ ਰਹੀਆਂ ਸਨ। ਇੰਟਰਨੈੱਟ ਬੁਨਿਆਦੀ ਢਾਂਚੇ ਨਾਲ ਜੁੜੀ ਕੰਪਨੀ ਕਲਾਊਡ-ਫਲੇਅਰ ਦੇ ਮੁਖੀ ਮੈਥਿਊ ਪ੍ਰਿੰਸ ਨੇ ਵੀ ਕਿਹਾ ਕਿ ਜਨਤਕ ਤੌਰ 'ਤੇ ਐਲਾਨ ਕੀਤੇ ਜਾਣ ਤੋਂ ਪਹਿਲਾਂ ਦੇ 10 ਘੰਟਿਆਂ ਦੌਰਾਨ ਉਨ੍ਹਾਂ ਦੇ ਨੈੱਟਵਰਕ ਉੱਤੇ ਪੀਐੱਚਪੀ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਣ ਦੀਆਂ "ਹਜ਼ਾਰਾਂ" ਕੋਸ਼ਿਸ਼ਾਂ ਦੇਖੀਆਂ ਗਈਆਂ ਸਨ। ਉਨ੍ਹਾਂ ਨੇ ਐਕਸ 'ਤੇ ਲਿਖਿਆ, "ਐਲਾਨ ਤੋਂ ਬਾਅਦ 45 ਮਿੰਟਾਂ ਵਿੱਚ ਇਹ ਗਿਣਤੀ ਵਧ ਕੇ ਹਜ਼ਾਰਾਂ ਤੋਂ ਦਹਿ ਹਜ਼ਾਰਾਂ ਤੱਕ ਪਹੁੰਚ ਗਈ, ਦੋ ਘੰਟਿਆਂ ਦੇ ਅੰਦਰ ਲੱਖਾਂ ਤੱਕ ਅਤੇ ਹੁਣ ਇਹ ਗਿਣਤੀ ਮਿਲੀਅਨਾਂ ਤੱਕ ਪਹੁੰਚ ਗਈ ਹੈ।"

ਇਸ ਵਿੱਚ ਏਆਈ ਦੀ ਕੀ ਭੂਮਿਕਾ ਸੀ?

ਕੈਲਿਫ਼ ਅਤੇ ਵਿਜ਼ ਦੇ ਖੋਜਕਾਰਾਂ ਨੇ ਇਨ੍ਹਾਂ ਕਮਜ਼ੋਰੀਆਂ ਦਾ ਪਤਾ ਲਗਾਉਣ ਲਈ ਏਆਈ ਦੇ ਉੱਨਤ ਸਾਧਨਾਂ ਦੀ ਵਰਤੋਂ ਕੀਤੀ। ਇਹ ਸਾਧਨ ਕੋਡ ਦਾ ਵਿਸ਼ਲੇਸ਼ਣ ਕਰ ਸਕਦੇ ਹਨ ਅਤੇ ਮਨੁੱਖਾਂ ਜਾਂ ਪੁਰਾਣੇ ਸਿਸਟਮਾਂ ਦੇ ਮੁਕਾਬਲੇ ਕਿਤੇ ਵੱਧ ਤੇਜ਼ੀ ਨਾਲ ਖਾਮੀਆਂ ਲੱਭ ਸਕਦੇ ਹਨ। ਕਨਹੇਰੇ ਨੇ ਕਿਹਾ, "ਆਧੁਨਿਕ ਸੌਫਟਵੇਅਰ ਬੇਹੱਦ ਗੁੰਝਲਦਾਰ ਹੈ ਅਤੇ ਕੁਝ ਕਮਜ਼ੋਰੀਆਂ ਸਾਲਾਂ ਤੱਕ ਪਤਾ ਲੱਗਣ ਤੋਂ ਬਿਨਾਂ ਮੌਜੂਦ ਰਹਿ ਸਕਦੀਆਂ ਹਨ।" ਕਨਹੇਰੇ ਨੇ ਕਿਹਾ, "ਅਸਲ ਖ਼ਾਮੀਆਂ ਨਵੀਆਂ ਨਹੀਂ ਸਨ; ਬਦਲਾਅ ਇਹ ਆਇਆ ਕਿ ਉਨ੍ਹਾਂ ਨੂੰ ਲੱਭਣ ਦੀ ਸਾਡੀ ਸਮਰੱਥਾ ਬਦਲ ਗਈ ਹੈ।" ਇਸ ਖੋਜ ਦੇ ਵੇਰਵੇ ਇਸ ਹਫ਼ਤੇ ਆਨਲਾਈਨ ਲੀਕ ਹੋ ਗਏ, ਜਿਸ ਕਾਰਨ ਪੀਐੱਚਪੀ ਪਲੇਟਫਾਰਮ ਦੇ ਵਿਕਾਸਕਾਰਾਂ ਨੂੰ ਸੁਰੱਖਿਆ ਖ਼ਾਮੀ ਅਤੇ ਇਸ ਦੇ ਵੱਡੇ ਪੱਧਰ ਬਾਰੇ ਜਲਦੀ ਐਲਾਨ ਕਰਨਾ ਪਿਆ। ਓਪਨਏਆਈ ਨੇ ਇੱਕ ਬਲੌਗ ਪੋਸਟ ਵਿੱਚ ਕਿਹਾ ਕਿ ਇਹ ਘਟਨਾ "ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਏਆਈ ਸੁਰੱਖਿਆ ਖ਼ਾਮੀਆਂ ਦਾ ਪਤਾ

ਪਰਵਿੰਦਰ ਸਿੰਘ ਝੋਟਾ ਕਤਲ ਕੇਸ ਤੋਂ ਲੈ ਕੇ ਨਾਜਾਇਜ਼ ਮਾਈਨਿੰਗ ਤੱਕ

ਪੰਜਾਬ ਦੇ ਅਪਰਾਧਿਕ ਮਾਮਲਿਆਂ ਦੀ ਜਾਂਚ ਸੀਬੀਆਈ ਕੋਲ ਕਿਉਂ ਪਹੁੰਚੀ

ਮਾਨਸਾ ਦੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਸ਼ੁਰੂ ਕਰ ਦਿੱਤੀ ਹੈ। ਏਜੰਸੀ ਨੇ ਇਸ ਸਬੰਧੀ ਐੱਫਆਈਆਰ ਦਰਜ ਕਰ ਕੇ ਕਾਰਵਾਈ ਆਰੰਭ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ ਤੋਂ ਠੀਕ ਪਹਿਲਾਂ ਪਰਵਿੰਦਰ ਸਿੰਘ ਉਰਫ਼ ਝੋਟਾ ਦੇ ਕਤਲ ਦਾ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ ਸੀ। ਇਸ ਤੋਂ ਬਾਅਦ ਜਾਂਚ ਏਜੰਸੀ ਦੀ ਟੀਮ ਨੇ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਹੀ ਮਾਨਸਾ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਸੀਬੀਆਈ ਨੇ ਐੱਫਆਈਆਰ ਵਿੱਚ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਧਾਰਾਵਾਂ 103(1) (ਕਤਲ), 109 (ਕਤਲ ਦੀ ਕੋਸ਼ਿਸ਼), 118(1) (ਖ਼ਤਰਨਾਕ ਹਥਿਆਰ ਜਾਂ ਸਾਧਨ ਨਾਲ ਸੱਟ ਪਹੁੰਚਾਉਣਾ), 61(2) (ਅਪਰਾਧਿਕ ਸਾਜ਼ਿਸ਼) ਅਤੇ 3(5) (ਸਾਂਝੀ ਨੀਅਤ) ਦੇ ਨਾਲ-ਨਾਲ ਆਰਮਜ਼ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਮਾਮਲਾ ਦਰਜ ਕੀਤਾ ਹੈ। ਭਾਵੇਂ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਖ਼ੁਦ ਸੀਬੀਆਈ ਨੂੰ ਬੇਨਤੀ ਕੀਤੀ ਹੈ, ਪਰ ਇਸ ਤੋਂ ਪਹਿਲਾਂ ਵੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਕਈ ਚਰਚਿਤ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਦੀ ਜਾਂਚ ਸੀਬੀਆਈ ਕਰ ਰਹੀ ਹੈ ਜਾਂ ਜਿਨ੍ਹਾਂ ਵਿੱਚ ਏਜੰਸੀ ਨੇ ਕਾਰਵਾਈ ਕੀਤੀ ਹੈ।

ਪਰਵਿੰਦਰ ਸਿੰਘ ਉਰਫ਼ ਝੋਟਾ ਕੇਸ ਸੀਬੀਆਈ ਕੋਲ ਕਿਵੇਂ ਪਹੁੰਚਿਆ?

13 ਅਕਤੂਬਰ ਨੂੰ ਮਾਨਸਾ ਦੇ ਇੱਕ ਮੈਡੀਕਲ ਸਟੋਰ ਵਿੱਚ ਨਸ਼ੀਲੇ ਅਤੇ ਪਾਬੰਦੀਸ਼ੁਦਾ ਕੈਪਸੂਲਾਂ ਦੀ ਵੇਚਣ ਦੇ ਇਲਜ਼ਾਮਾਂ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ ਪਰਵਿੰਦਰ ਸਿੰਘ ਝੋਟਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਇੱਕ ਦੁਕਾਨਦਾਰ ਅਸ਼ਵਨੀ ਕੁਮਾਰ ਉੱਤੇ ਕਤਲ ਦੇ ਇਲਜ਼ਾਮ ਲੱਗੇ ਸਨ। ਉਹ ਇਸ ਸਮੇਂ ਪੁਲਿਸ ਦੀ ਗ੍ਰਿਫ਼ਤ ਵਿੱਚ ਹੈ। ਜਦੋਂ ਪਰਵਿੰਦਰ ਸਿੰਘ ਝੋਟਾ ਉੱਤੇ ਗੋਲੀਆਂ ਚਲਾਈਆਂ ਗਈਆਂ, ਉਸ ਸਮੇਂ ਉਹ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਲਾਈਵ ਪ੍ਰਸਾਰਣ ਕਰ ਰਹੇ ਸਨ। ਇਸ ਕਾਰਨ ਵਾਰਦਾਤ ਦੀਆਂ ਕਈ ਵੀਡੀਓਜ਼ ਵੀ ਸਾਹਮਣੇ ਆਈਆਂ।

ਕਤਲ ਤੋਂ ਬਾਅਦ ਇਸ ਮਾਮਲੇ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਿਆਸੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ।

ਕਰਨਲ ਬਾਠ ਨਾਲ ਕੁੱਟਮਾਰ ਦਾ ਮਾਮਲਾ

13 ਅਤੇ 14 ਮਾਰਚ 2025 ਦੀ ਦਰਮਿਆਨੀ ਰਾਤ ਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਨੇੜੇ ਇੱਕ ਢਾਬੇ ਉੱਤੇ ਖਾਣਾ ਖਾਣ ਗਏ ਭਾਰਤੀ ਫ਼ੌਜ ਦੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦੇ ਪੁੱਤਰ ਦਾ ਪਾਰਕਿੰਗ ਨੂੰ ਲੈ ਕੇ ਪੰਜਾਬ ਪੁਲਿਸ ਦੇ ਤਿੰਨ ਇੰਸਪੈਕਟਰਾਂ ਨਾਲ ਕਥਿਤ ਤੌਰ ਉੱਤੇ ਝਗੜਾ ਹੋ ਗਿਆ ਸੀ। ਇਸ ਤੋਂ ਬਾਅਦ ਕਰਨਲ ਬਾਠ ਨੇ ਪੁਲਿਸ ਮੁਲਾਜ਼ਮਾਂ ਉੱਤੇ ਕੁੱਟਮਾਰ ਕਰਨ ਦੇ ਇਲਜ਼ਾਮ ਲਗਾਏ। ਇਹ ਮਾਮਲਾ ਮੀਡੀਆ ਵਿੱਚ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ। ਘਟਨਾ ਤੋਂ ਅੱਠ ਦਿਨ ਬਾਅਦ ਪੁਲਿਸ ਨੇ ਆਪਣੇ ਹੀ ਮੁਲਾਜ਼ਮਾਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ। ਕਰਨਲ ਪੁਸ਼ਪਿੰਦਰ ਸਿੰਘ ਬਾਠ ਦੀ ਪਤਨੀ ਨੇ ਪੰਜਾਬ ਪੁਲਿਸ ਦੀ ਜਾਂਚ ਉੱਤੇ ਲਗਾਤਾਰ ਸਵਾਲ ਚੁੱਕੇ ਅਤੇ ਇਸ ਮਾਮਲੇ ਵਿੱਚ ਹਾਈ ਕੋਰਟ ਦਾ ਰੁਖ਼ ਕੀਤਾ। ਅਦਾਲਤ ਦੇ ਹੁਕਮਾਂ ਤੋਂ ਬਾਅਦ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ।

ਸੀਬੀਆਈ ਨੇ ਜੁਲਾਈ 2025 ਵਿੱਚ ਐੱਫਆਈਆਰ ਦਰਜ ਕੀਤੀ ਅਤੇ ਜਾਂਚ ਪੂਰੀ ਕਰਨ ਤੋਂ ਬਾਅਦ ਦਸੰਬਰ 2025 ਵਿੱਚ ਮੁਹਾਲੀ ਦੀ ਸੀਬੀਆਈ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ। ਇਸ ਵਿੱਚ ਮੁੱਖ ਤੌਰ ਉੱਤੇ ਪੰਜਾਬ ਪੁਲਿਸ ਦੇ ਚਾਰ ਮੁਲਾਜ਼ਮਾਂ ਖ਼ਿਲਾਫ਼ ਗੰਭੀਰ ਸੱਟਾਂ ਪਹੁੰਚਾਉਣ, ਗ਼ੈਰ-ਕਾਨੂੰਨੀ ਤਰੀਕੇ ਨਾਲ ਰੋਕਣ ਅਤੇ ਧਮਕਾਉਣ ਵਰਗੇ ਇਲਜ਼ਾਮਾਂ ਨਾਲ ਸਬੰਧਤ ਧਾਰਾਵਾਂ ਲਗਾਈਆਂ ਗਈਆਂ। ਇਹ ਮਾਮਲਾ ਇਸ ਸਮੇਂ ਮੁਹਾਲੀ ਦੀ ਸੀਬੀਆਈ ਅਦਾਲਤ ਵਿੱਚ ਵਿਚਾਰ ਅਧੀਨ ਹੈ। ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਮੁਲਜ਼ਮ ਜ਼ਮਾਨਤ ਉੱਤੇ ਹਨ।

ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਦਾ ਮਾਮਲਾ

ਅਕਤੂਬਰ 2025 ਵਿੱਚ ਸੀਬੀਆਈ ਨੇ ਇੱਕ ਕਾਰੋਬਾਰੀ ਦੀ ਸ਼ਿਕਾਇਤ ਦੇ ਆਧਾਰ ਉੱਤੇ ਪੰਜਾਬ ਦੇ ਤਤਕਾਲੀ ਰੋਪੜ ਰੇਂਜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਰਿਸ਼ਵਤ ਲੈਣ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਸੀਬੀਆਈ ਨੇ ਭੁੱਲਰ ਦੇ ਟਿਕਾਣਿਆਂ ਤੋਂ ਕਰੋੜਾਂ ਰੁਪਏ ਦੀ ਨਕਦੀ ਅਤੇ ਹੋਰ ਕੀਮਤੀ ਸਾਮਾਨ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਇਸ ਮਾਮਲੇ ਵਿੱਚ ਕਥਿਤ ਤੌਰ ਉੱਤੇ ਰਿਸ਼ਵਤ ਦਿਵਾਉਣ ਲਈ ਵਿਚੋਲਗੀ ਕਰਨ ਦੇ ਇਲਜ਼ਾਮਾਂ ਵਿੱਚ ਕ੍ਰਿਸ਼ਨੂ ਸ਼ਾਰਦਾ ਨੂੰ ਵੀ ਸੀਬੀਆਈ ਨੇ ਗ੍ਰਿਫ਼ਤਾਰ ਕੀਤਾ ਸੀ। ਡੀਆਈਜੀ ਪੱਧਰ ਦੇ ਇੱਕ ਅਧਿਕਾਰੀ ਖ਼ਿਲਾਫ਼ ਕੇਂਦਰੀ ਏਜੰਸੀ ਦੀ ਇਸ ਕਾਰਵਾਈ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਕਾਫ਼ੀ ਹਲਚਲ ਹੋਈ। ਵਿਰੋਧੀ ਪਾਰਟੀਆਂ ਨੇ ਇਸ ਮਾਮਲੇ ਨੂੰ ਲੈ ਕੇ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਘੇਰਿਆ ਅਤੇ ਸਰਕਾਰ ਉੱਤੇ ਭ੍ਰਿਸ਼ਟਾਚਾਰ ਦੇ ਮੁੱਦੇ ਉੱਤੇ ਸਵਾਲ ਚੁੱਕੇ। ਸੀਬੀਆਈ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਹਰਚਰਨ ਸਿੰਘ ਭੁੱਲਰ ਨੂੰ ਉਨ੍ਹਾਂ ਦੇ ਅਹੁਦੇ ਤੋਂ ਬਰਖ਼ਾਸਤ ਵੀ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਸੀਬੀਆਈ ਵੱਲੋਂ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਵੀ ਜਾਂਚ ਸ਼ੁਰੂ ਕੀਤੀ ਅਤੇ 9 ਅਕਤੂਬਰ 2026 ਨੂੰ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ।

ਹੁਸ਼ਿਆਰਪੁਰ ਵਿੱਚ ਨਾਜਾਇਜ਼ ਮਾਈਨਿੰਗ ਦਾ ਮਾਮਲਾ

ਪੰਜਾਬ ਵਿੱਚ ਮਾਈਨਿੰਗ ਲੰਮੇ ਸਮੇਂ ਤੋਂ ਇੱਕ ਚਰਚਿਤ ਮੁੱਦਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਇਸ ਮੁੱਦੇ ਨੂੰ ਲੈ ਕੇ ਸਰਕਾਰ ਅਤੇ ਵਿਰੋਧੀ ਧਿਰਾਂ ਵਿਚਾਲੇ ਤਿੱਖੀ ਬਿਆਨਬਾਜ਼ੀ ਹੁੰਦੀ ਰਹੀ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕਥਿਤ ਗ਼ੈਰ-ਕਾਨੂੰਨੀ ਮਾਈਨਿੰਗ ਦੇ ਮਾਮਲੇ ਦੀ ਜਾਂਚ ਇਸ ਸਮੇਂ ਸੀਬੀਆਈ ਕਰ ਰਹੀ ਹੈ। ਇੱਕ ਸ਼ਿਕਾਇਤਕਰਤਾ ਨੇ ਜੁਲਾਈ 2026 ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ (ਖ਼ਾਸ ਤੌਰ 'ਤੇ ਤਲਵਾੜਾ ਅਤੇ ਮੁਕੇਰੀਆਂ ਇਲਾਕਿਆਂ) ਵਿੱਚ ਵੱਡੇ ਪੱਧਰ ਉੱਤੇ ਗ਼ੈਰ-ਕਾਨੂੰਨੀ ਮਾਈਨਿੰਗ ਹੋਣ ਦੇ ਇਲਜ਼ਾਮ ਲਗਾਏ ਸਨ।

ਹਾਈ ਕੋਰਟ ਨੇ ਡਿਸਟ੍ਰਿਕਟ ਲੀਗਲ ਸਰਵਿਸਿਜ਼ ਅਥਾਰਿਟੀ ਤੋਂ ਪੂਰੇ ਮਾਮਲੇ ਦੀ ਜਾਂਚ ਕਰਵਾਈ। ਡਿਸਟ੍ਰਿਕਟ ਲੀਗਲ ਸਰਵਿਸਿਜ਼ ਅਥਾਰਿਟੀ ਦੀ ਮੁੱਢਲੀ ਜਾਂਚ ਵਿੱਚ ਕਥਿਤ ਬੇਨਿਯਮੀਆਂ ਸਾਹਮਣੇ ਆਈਆਂ ਹਨ। ਇਸ ਤੋਂ ਬਾਅਦ ਹਾਈ ਕੋਰਟ ਨੇ 9 ਅਕਤੂਬਰ ਨੂੰ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ। ਜਾਂਚ ਏਜੰਸੀ ਇਸ ਮਾਮਲੇ ਵਿੱਚ ਕਾਰਵਾਈ ਕਰ ਰਹੀ ਹੈ ਅਤੇ ਕਥਿਤ ਗ਼ੈਰ-ਕਾਨੂੰਨੀ ਮਾਈਨਿੰਗ ਵਾਲੇ ਇਲਾਕਿਆਂ ਵਿੱਚ ਛਾਪੇਮਾਰੀ ਵੀ ਕਰ ਚੁੱਕੀ ਹੈ। ਸੀਬੀਆਈ ਵੱਲੋਂ ਇਸ ਮਾਮਲੇ ਵਿੱਚ ਆਪਣੀ ਸੀਲਬੰਦ ਰਿਪੋਰਟ 7 ਦਸੰਬਰ 2026 ਨੂੰ ਹਾਈ ਕੋਰਟ ਵਿੱਚ ਪੇਸ਼ ਕੀਤੀ ਜਾਣੀ ਹੈ।

ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਸਿੰਘ ਘੁੰਮਣ ਦਾ ਮਾਮਲਾ

ਪੰਜਾਬ ਦੇ ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਸਿੰਘ ਘੁੰਮਣ ਸਮੇਤ ਛੇ ਵਿਅਕਤੀਆਂ ਖ਼ਿਲਾਫ਼ ਸੀਬੀਆਈ ਨੇ ਹਾਲ ਹੀ ਵਿੱਚ ਐੱਫਆਈਆਰ ਦਰਜ ਕੀਤੀ ਹੈ। ਸੀਬੀਆਈ ਮੁਤਾਬਕ ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਮੁਹੱਈਆ ਕਰਵਾਈ ਗਈ ਰਿਪੋਰਟ ਦੇ ਆਧਾਰ ਉੱਤੇ ਕੀਤੀ ਗਈ ਹੈ। ਸੀਬੀਆਈ ਨੇ ਇਲਜ਼ਾਮ ਲਗਾਇਆ ਹੈ ਕਿ ਮੁਲਜ਼ਮ ਕਥਿਤ ਤੌਰ ਉੱਤੇ ਆਰਥਿਕ ਲਾਭ ਦੇ ਬਦਲੇ ਅਧਿਕਾਰੀਆਂ ਦੀਆਂ ਤੈਨਾਤੀਆਂ ਨੂੰ ਪ੍ਰਭਾਵਿਤ ਕਰਨ ਅਤੇ ਪ੍ਰਸ਼ਾਸਨਿਕ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕਰਦੇ ਸਨ। ਇਨ੍ਹਾਂ ਅਧਿਕਾਰੀਆਂ ਵਿੱਚ ਆਈਏਐੱਸ ਅਤੇ ਆਈਪੀਐੱਸ ਅਧਿਕਾਰੀ ਵੀ ਸ਼ਾਮਲ ਦੱਸੇ ਗਏ ਹਨ। ਜਾਂਚ ਏਜੰਸੀ ਮੁਤਾਬਕ, ਕਥਿਤ ਤੌਰ ਉੱਤੇ ਪ੍ਰਭਾਵਿਤ ਕੀਤੇ ਜਾਣ ਵਾਲੇ ਮਾਮਲਿਆਂ ਵਿੱਚ ਵਿਭਾਗੀ ਕਾਰਵਾਈਆਂ, ਨੀਤੀਆਂ ਬਣਾਉਣਾ, ਪ੍ਰਸ਼ਾਸਨਿਕ ਮਨਜ਼ੂਰੀਆਂ, ਟੈਂਡਰ ਦੀਆਂ ਸ਼ਰਤਾਂ, ਲਾਇਸੈਂਸ ਜਾਰੀ ਕਰਨਾ, ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ, ਜਾਇਦਾਦੀ ਵਿਵਾਦ ਅਤੇ ਮਾਲ ਤੇ ਜ਼ਮੀਨ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਦੂਜੇ ਪਾਸੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਉੱਤੇ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਕਰਨ ਦੇ ਇਲਜ਼ਾਮ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਏਜੰਸੀਆਂ ਰਾਹੀਂ ਪੰਜਾਬ ਸਰਕਾਰ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸੀਬੀਆਈ ਨੂੰ ਮਾਮਲਾ ਸੌਂਪਣ ਦੀ ਪ੍ਰਕਿਰਿਆ ਕੀ ਹੈ?

ਸੀਬੀਆਈ ਦਾ ਕੰਮਕਾਜ ਦਿੱਲੀ ਵਿਸ਼ੇਸ਼ ਪੁਲਿਸ ਸਥਾਪਨਾ ਐਕਟ, 1946 (ਡੀਐੱਸਪੀਈ ਐਕਟ) ਤਹਿਤ ਨਿਯਮਤ ਹੁੰਦਾ ਹੈ। ਆਮ ਤੌਰ ਉੱਤੇ ਕਿਸੇ ਸੂਬੇ ਦੇ ਖੇਤਰ ਵਿੱਚ ਜਾਂਚ ਕਰਨ ਲਈ ਸੀਬੀਆਈ ਨੂੰ ਸਬੰਧਤ ਸੂਬਾ ਸਰਕਾਰ ਦੀ ਸਹਿਮਤੀ ਦੀ ਲੋੜ ਹੁੰਦੀ ਹੈ, ਜਦੋਂ ਤੱਕ ਕੋਈ ਕਾਨੂੰਨੀ ਅਪਵਾਦ ਲਾਗੂ ਨਾ ਹੋਵੇ। ਹਾਲਾਂਕਿ, ਸੁਪਰੀਮ ਕੋਰਟ ਜਾਂ ਹਾਈ ਕੋਰਟ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੂਬਾ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਵੀ ਸੀਬੀਆਈ ਜਾਂਚ ਦੇ ਹੁਕਮ ਦੇ ਸਕਦੇ ਹਨ। ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਸਿੰਘ ਘੁੰਮਣ ਨਾਲ ਸਬੰਧਤ ਮਾਮਲੇ ਵਿੱਚ ਵੀ ਹਾਈ ਕੋਰਟ ਦੇ ਹੁਕਮਾਂ ਦੇ ਆਧਾਰ ਉੱਤੇ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ ਹੈ। ਇਸ ਤੋਂ ਇਲਾਵਾ, ਕੇਂਦਰ ਸਰਕਾਰ ਦੇ ਅਧਿਕਾਰੀਆਂ ਨਾਲ ਸਬੰਧਤ ਮਾਮਲਿਆਂ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਜਾਂਚ ਦੇ ਅਧਿਕਾਰ-ਖੇਤਰ ਅਤੇ ਲਾਗੂ ਕਾਨੂੰਨੀ ਪ੍ਰਬੰਧਾਂ ਅਨੁਸਾਰ ਸੀਬੀਆਈ ਕਾਰਵਾਈ ਕਰ ਸਕਦੀ ਹੈ। ਹਾਲਾਂਕਿ, ਹਰ ਮਾਮਲੇ ਵਿੱਚ ਜਾਂਚ ਦੇ ਅਧਿਕਾਰ ਅਤੇ ਸਹਿਮਤੀ ਨਾਲ ਸਬੰਧਤ ਕਾਨੂੰਨੀ ਸਥਿਤੀ ਵੱਖਰੇ ਤੌਰ ਉੱਤੇ ਦੇਖਣੀ ਪੈਂਦੀ ਹੈ।

ਜਾਣਕਾਰਾਂ ਦੀ ਰਾਏ- ਜਾਣਕਾਰਾਂ ਦਾ ਮੰਨਣਾ ਹੈ ਕਿ ਭਾਵੇਂ ਪੰਜਾਬ ਸਰਕਾਰ ਨੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੀ ਜਾਂਚ ਖ਼ੁਦ ਸੀਬੀਆਈ ਨੂੰ ਸੌਂਪੀ ਹੈ, ਪਰ ਇਸ ਫ਼ੈਸਲੇ ਪਿੱਛੇ ਸਿਆਸੀ ਨਫ਼ਾ-ਨੁਕਸਾਨ ਦਾ ਪੱਖ ਵੀ ਹੋ ਸਕਦਾ ਹੈ। ਪੰਜਾਬ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਸਾਬਕਾ ਪ੍ਰੋਫੈਸਰ ਮੁਹੰਮਦ ਖਾਲਿਦ ਮੁਤਾਬਕ, ਪਰਵਿੰਦਰ ਸਿੰਘ ਝੋਟਾ ਦੇ ਕਤਲ ਵਰਗੇ ਚਰਚਿਤ ਮਾਮਲੇ ਨੂੰ ਸੀਬੀਆਈ ਹਵਾਲੇ ਕਰਕੇ ਸਰਕਾਰ ਨੇ ਇੱਕ ਪਾਸੇ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਦੂਜੇ ਪਾਸੇ ਆਉਣ ਵਾਲੀਆਂ ਚੋਣਾਂ ਵਿੱਚ ਸੰਭਾਵੀ ਸਿਆਸੀ ਨੁਕਸਾਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ, "ਪਿਛਲੇ ਸਮੇਂ ਦੌਰਾਨ ਕਈ ਚਰਚਿਤ ਮਾਮਲੇ ਸੀਬੀਆਈ ਨੂੰ ਸੌਂਪੇ ਗਏ ਹਨ, ਪਰ ਕੁਝ ਹੋਰ ਅਹਿਮ ਮਾਮਲਿਆਂ ਦੀ ਜਾਂਚ ਵਿੱਚ ਕਮੀ ਰਹੀ ਹੈ ਅਤੇ ਪੀੜਤ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ।" ਉਨ੍ਹਾਂ ਨੇ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਵਿੱਚ ਸਿਰਫ਼ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦਾ ਗਠਨ ਹੀ ਹੋਇਆ ਹੈ। ਉਨ੍ਹਾਂ ਇਹ ਵੀ ਕਿਹਾ, "ਜੇਕਰ ਪੰਜਾਬ ਦੀਆਂ ਖ਼ੁਫ਼ੀਆ ਅਤੇ ਵਿਜੀਲੈਂਸ ਏਜੰਸੀਆਂ ਮਜ਼ਬੂਤ ਹੋਣ ਤਾਂ ਮਾਮਲਿਆਂ ਦੀ ਜਾਂਚ ਲਈ ਉਨ੍ਹਾਂ ਨੂੰ ਕੇਂਦਰੀ ਏਜੰਸੀਆਂ, ਜਿਵੇਂ ਸੀਬੀਆਈ, ਨੂੰ ਸੌਂਪਣ ਦੀ ਲੋੜ ਘੱਟ ਪਵੇਗੀ।"

ਆਮ ਆਦਮੀ ਪਾਰਟੀ ਦਾ ਪੱਖ

ਪੰਜਾਬ ਵਿੱਚ ਸੀਬੀਆਈ ਅਤੇ ਹੋਰ ਕੇਂਦਰੀ ਏਜੰਸੀਆਂ ਵੱਲੋਂ ਵੱਖ-ਵੱਖ ਮਾਮਲਿਆਂ ਦੀ ਜਾਂਚ ਕੀਤੇ ਜਾਣ ਬਾਰੇ ਟਿੱਪਣੀ ਕਰਦਿਆਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਦੀ ਜਾਂਚ ਸਰਕਾਰ ਨੇ ਖ਼ੁਦ ਸੀਬੀਆਈ ਨੂੰ ਸੌਂਪੀ ਹੈ। ਹਾਲਾਂਕਿ, ਉਨ੍ਹਾਂ ਇਲਜ਼ਾਮ ਲਗਾਇਆ ਕਿ ਕਈ ਹੋਰ ਮਾਮਲਿਆਂ ਵਿੱਚ ਭਾਜਪਾ ਕੇਂਦਰੀ ਜਾਂਚ ਏਜੰਸੀਆਂ ਦੀ ਵਰਤੋਂ ਕਰ ਕੇ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਅਤੇ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਤਿਉਹਾਰੀ ਸੀ

ਸੋਨਾ-ਚਾਂਦੀ ਸਸਤਾ ਕਿਉਂ ਹੋ ਰਿਹਾ ਹੈ

(ਸਫਾ 16 ਦੀ ਬਾਕੀ)

ਰਿਟਰਨ ਅਤੇ ਅਮਰੀਕੀ ਡਾਲਰ ਦੀ ਮਜ਼ਬੂਤੀ ਨਾਲ ਸੋਨੇ ਦੀਆਂ ਕੀਮਤਾਂ 'ਤੇ ਵੀ ਦਬਾਅ ਬਣਿਆ ਹੋਇਆ ਹੈ। ਇਸ ਨਾਲ ਸੋਨੇ ਵਰਗੀਆਂ ਕੀਮਤੀ ਧਾਤਾਂ ਨੂੰ ਆਪਣੇ ਕੋਲ ਰੱਖਣ ਦਾ ਆਕਰਸ਼ਣ ਘੱਟ ਹੋ ਜਾਂਦਾ ਹੈ, ਕਿਉਂਕਿ ਇਨ੍ਹਾਂ ਤੋਂ ਨਿਯਮਤ ਵਿਆਜ ਆਮਦਨ ਨਹੀਂ ਹੁੰਦੀ।

ਪਿਛਲੇ ਸਾਲ ਦੇ ਮੁਕਾਬਲੇ ਸੋਨਾ ਫਿਰ ਵੀ ਮਹਿੰਗਾ

ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਦੇ ਸਕੱਤਰ ਕੁਮਾਰ ਜੈਨ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਲੋਕਾਂ ਨੂੰ ਸੋਨੇ ਵਿੱਚ ਚੰਗਾ ਰਿਟਰਨ ਮਿਲਿਆ ਹੈ। ਇਸ ਨਾਲ ਨਿਵੇਸ਼ਕਾਂ ਵਿੱਚ ਉਮੀਦ ਬਣੀ ਹੋਈ ਹੈ। ਏਜੰਸੀਆਂ ਨਾਲ ਗੱਨਬਾਤ ਦੌਰਾਨ ਉਨ੍ਹਾਂ ਨੇ ਕਿਹਾ, "ਤਿਉਹਾਰਾਂ ਦਾ ਸੀਜ਼ਨ ਚੱਲ ਰਿਹਾ ਹੈ। ਧਨਤੇਰਸ ਅਤੇ ਦੀਵਾਲੀ ਨੇੜੇ ਹਨ, ਇਸ ਲਈ ਲੋਕ ਜ਼ੋਰਦਾਰ ਖਰੀਦ-ਦਾਰੀ ਕਰ ਰਹੇ ਹਨ। ਸੋਨੇ ਨੂੰ ਰੀਸਾਈਕਲ ਕਰਨ ਦਾ ਰੁਝਾਨ ਵੀ ਕਾਫ਼ੀ ਵਧਿਆ ਹੈ।" ਉਨ੍ਹਾਂ ਦੇ ਅਨੁਸਾਰ, ਪਿਛਲੇ ਸਾਲ ਦਸ਼ਹਿਰੇ 'ਤੇ ਸੋਨੇ ਦੀ ਕੀਮਤ 1,16,000 ਰੁਪਏ ਪ੍ਰਤੀ 10 ਗ੍ਰਾਮ ਸੀ, ਜਦਕਿ ਇਸ ਸਾਲ ਦਸ਼ਹਿਰੇ ਦੇ ਮੌਕੇ 'ਤੇ ਇਸ ਦੀ ਕੀਮਤ 1,49,000 ਰੁਪਏ ਪ੍ਰਤੀ 10 ਗ੍ਰਾਮ ਸੀ। ਕੁਮਾਰ ਜੈਨ ਦਾ ਕਹਿਣਾ ਹੈ, "ਕੀਮਤਾਂ ਵਿੱਚ ਇਸ ਵਾਧੇ ਨਾਲ ਨਿਵੇਸ਼ਕਾਂ ਦਾ ਭਰੋਸਾ ਵਧਿਆ ਹੈ।" ਉਨ੍ਹਾਂ ਨੇ ਕਿਹਾ ਕਿ "ਵਿਆਹਾਂ ਦਾ ਸੀਜ਼ਨ ਵੀ ਆਉਣ ਵਾਲਾ ਹੈ ਅਤੇ ਲੋਕ ਗਹਿਣੇ ਬਣਵਾਉਣ ਲਈ ਸੋਨਾ ਖਰੀਦ ਰਹੇ ਹਨ। ਇਹ ਮੰਗ ਵਧਣ ਦੀ ਇੱਕ ਵੱਡੀ ਵਜ੍ਹਾ ਹੈ।" ਹਾਲਾਂਕਿ ਉਨ੍ਹਾਂ ਨੇ ਕਿਹਾ ਕਿ ਚਾਂਦੀ ਨੂੰ ਲੈ ਕੇ ਲੋਕਾਂ ਦੇ ਤਜਰਬੇ ਕਾਫ਼ੀ ਖ਼ਰਾਬ ਰਹੇ ਹਨ।

ਭਵਿੱਖ ਵਿੱਚ ਕੀ ਹੋਵੇਗਾ

ਹਾਲਾਂਕਿ, ਕੇਂਦਰੀ ਬੈਂਕਾਂ ਦੀ ਖਰੀਦਾਰੀ ਅਤੇ ਗੋਲਡ ਐਕਸਚੇਂਜ ਟ੍ਰੇਡਡ ਫੰਡ (ਈਟੀਐਫ਼) ਵਿੱਚ ਮਜ਼ਬੂਤ ਮੰਗ ਨੇ ਸੋਨੇ ਦੀ ਗਿਰਾਵਟ ਨੂੰ ਸੀਮਤ ਰੱਖਿਆ ਹੈ। ਯੂ.ਬੀ.ਐਮ ਦੀ ਬਾਜ਼ਾਰ ਵਿਸ਼ਲੇਸ਼ਕ ਲਿਨ ਟਰਾਨ ਨੇ ਇੱਕ ਨੋਟ ਵਿੱਚ ਕਿਹਾ, "ਬਾਜ਼ਾਰ ਸੋਨੇ ਦੀ ਖਰੀਦਾਰੀ ਦੀ ਮੰਗ ਅਤੇ ਉੱਚੀਆਂ ਵਿਆਜ ਦਰਾਂ ਦੇ ਦਬਾਅ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਕਰੀ ਦਾ ਦਬਾਅ ਕੁਝ ਘੱਟ ਹੋਇਆ ਹੈ, ਪਰ ਮੌਜੂਦਾ ਖਰੀਦਾਰੀ ਦੀ ਮੰਗ ਇੰਨੀ ਮਜ਼ਬੂਤ ਨਹੀਂ ਹੈ ਕਿ ਕੀਮਤਾਂ ਨੂੰ ਨਵੀਂ ਦਿਸ਼ਾ ਦੇ ਸਕੇ।" ਅਸਲਮ ਨੇ ਕਿਹਾ ਕਿ ਉਦਯੋਗਿਕ ਵਰਤੋਂ ਵਿੱਚ ਚਾਂਦੀ ਦੀ ਮਹੱਤਵਪੂਰਨ ਭੂਮਿਕਾ ਹੋਣ ਕਾਰਨ ਮੈਨਿਊਫੈਕਚਰਿੰਗ ਗਤੀਵਿਧੀਆਂ ਵਿੱਚ ਕਮਜ਼ੋਰੀ ਦਾ ਅਸਰ ਵੀ ਇਸ ਦੀਆਂ ਕੀਮਤਾਂ 'ਤੇ ਪੈਂਦਾ ਹੈ, ਜਿਸ ਨਾਲ ਇਸ 'ਤੇ ਵਾਧੂ ਦਬਾਅ ਬਣਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਜ਼ਾਏ ਕੈਪਿਟਲ ਨੂੰ ਉਮੀਦ ਹੈ ਕਿ ਚਾਂਦੀ ਦੀਆਂ ਕੀਮਤਾਂ ਦੀ ਦਿਸ਼ਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਦਯੋਗਿਕ ਮੰਗ ਵਿੱਚ ਸੁਧਾਰ ਅਤੇ ਭੌਤਿਕ ਚਾਂਦੀ ਦੀ ਸਪਲਾਈ ਵਿੱਚ ਬਣੀਆਂ ਸੀਮਾਵਾਂ ਅਮਰੀਕੀ ਮੁਦਰਾ ਨੀਤੀ ਦੇ ਸਖ਼ਤ ਰੁਖ਼ ਤੋਂ ਪੈਦਾ ਹੋਣ ਵਾਲੇ ਦਬਾਅ ਨੂੰ ਪਿੱਛੇ ਛੱਡ ਸਕਦੀਆਂ ਹਨ ਜਾਂ ਨਹੀਂ। ਫ਼ਾਰੇਕਸ ਡਾਟ ਕਾਮ ਦੇ ਬਾਜ਼ਾਰ ਵਿਸ਼ਲੇਸ਼ਕ ਫ਼ਵਾਦ ਰਜ਼ਾਕਜ਼ਾਦਾ ਨੇ ਇੱਕ ਨੋਟ ਵਿੱਚ ਕਿਹਾ ਕਿ ਮਹਿੰਗਾਈ ਦਾ ਸੋਨੇ 'ਤੇ ਦੋਹਰਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਕਿਹਾ, "ਸਿਧਾਂਤਕ ਤੌਰ 'ਤੇ, ਕੀਮਤਾਂ ਵਿੱਚ ਲਗਾਤਾਰ ਬਣੀ ਰਹਿਣ ਵਾਲੀ ਤੇਜ਼ੀ ਨਾਲ ਮੁੱਲ ਦੇ ਸੁਰੱਖਿਅਤ ਭੰਡਾਰ ਵਜੋਂ ਸੋਨੇ ਦੀ ਮੰਗ ਵਧਣੀ ਚਾਹੀਦੀ ਹੈ।" "ਪਰ ਜੇ ਮਹਿੰਗਾਈ ਇੰਨੇ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ ਕਿ ਕੇਂਦਰੀ ਬੈਂਕ ਸਖ਼ਤ ਮੁਦਰਾ ਨੀਤੀ ਦਾ ਰੁਖ਼ ਬਣਾਈ ਰੱਖਣ ਤਾਂ ਇਸ ਦੇ ਨਤੀਜੇ ਵਜੋਂ ਅਸਲ ਅਤੇ ਨਾਮਾਤਰ ਵਿਆਜ ਦਰਾਂ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਸੋਨੇ ਦੀ ਖਿੱਚ ਕੁਝ ਹੱਦ ਤੱਕ ਘੱਟ ਹੋ ਜਾਂਦੀ ਹੈ।"

ਤੇਲ ਦੀਆਂ ਕੀਮਤਾਂ ਦਾ ਅਸਰ


ਤੇਲ ਦੀਆਂ ਕੀਮਤਾਂ ਸੋਨੇ ਅਤੇ ਚਾਂਦੀ ਨੂੰ ਮੁੱਖ ਤੌਰ 'ਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ। ਇਸ ਦਾ ਅਸਰ ਮਹਿੰਗਾਈ, ਵਿਆਜ ਦਰਾਂ ਅਤੇ ਆਰਥਿਕ ਵਿਕਾਸ ਰਾਹੀਂ ਦੇਖਣ ਨੂੰ ਮਿਲਦਾ ਹੈ। ਹਾਲਾਂਕਿ, ਅਜਿਹਾ ਕੋਈ ਪੱਕਾ ਨਿਯਮ ਨਹੀਂ ਹੈ ਕਿ ਤੇਲ ਮਹਿੰਗਾ ਹੋਵੇਗਾ ਤਾਂ ਕੀਮਤੀ ਧਾਤਾਂ ਦੇ ਭਾਅ ਡਿੱਗਣਗੇ। ਤੇਲ ਮਹਿੰਗਾ ਹੁੰਦਾ ਹੈ ਤਾਂ ਇਸ ਨਾਲ ਈਂਧਨ, ਆਵਾਜਾਈ ਅਤੇ ਉਤਪਾਦਨ ਦੀ ਲਾਗਤ ਵਧ ਜਾਂਦੀ ਹੈ। ਬਾਜ਼ਾਰ ਨੂੰ ਚਿੰਤਾ ਹੋਣ ਲੱਗਦੀ ਹੈ ਕਿ ਮਹਿੰਗਾਈ ਲੰਬੇ ਸਮੇਂ ਤੱਕ ਉੱਚੇ ਪੱਧਰ 'ਤੇ ਬਣੀ ਰਹਿ ਸਕਦੀ ਹੈ। ਨਿਵੇਸ਼ਕਾਂ ਨੂੰ ਲੱਗਦਾ ਹੈ ਕਿ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਘੱਟ ਕਟੌਤੀ ਕਰਨਗੇ ਜਾਂ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਉੱਚਾ ਬਣਾਈ ਰੱਖਣਗੇ। ਅਜਿਹੇ ਵਿੱਚ ਬਾਂਡਾਂ 'ਤੇ ਮਿਲਣ ਵਾਲਾ ਰਿਟਰਨ ਵਧਦਾ ਹੈ। ਇਸ ਨਾਲ ਸੋਨੇ ਦੀ ਖਿੱਚ ਘੱਟ ਹੋ ਸਕਦੀ ਹੈ, ਕਿਉਂਕਿ ਸੋਨੇ ਤੋਂ ਵਿਆਜ ਨਹੀਂ ਮਿਲਦਾ। ਇੱਕ ਦੂਜੀ ਸਥਿਤੀ ਵੀ ਹੈ। ਤੇਲ ਦੀਆਂ ਕੀਮਤਾਂ ਵਿੱਚ ਤੇਜ਼ ਉਛਾਲ ਨਾਲ ਮਹਿੰਗਾਈ ਅਤੇ ਭੂ-ਰਾਜਨੀਤਿਕ ਤਣਾਅ ਨੂੰ ਲੈ ਕੇ ਚਿੰਤਾਵਾਂ ਵਧਣ 'ਤੇ ਨਿਵੇਸ਼ਕ ਸੁਰੱਖਿਅਤ ਨਿਵੇਸ਼ ਦੇ ਵਿਕਲਪ ਵਜੋਂ ਸੋਨੇ ਵੱਲ ਰੁਖ਼ ਕਰ ਸਕਦੇ ਹਨ। ਅਜਿਹੇ ਵਿੱਚ ਜੇ ਵਿਆਜ ਦਰਾਂ ਵਿੱਚ ਵਾਧੇ ਦਾ ਦਬਾਅ ਸੀਮਤ ਰਹਿੰਦਾ ਹੈ, ਤਾਂ ਸੋਨੇ ਦੀਆਂ ਕੀਮਤਾਂ ਨੂੰ ਮਜ਼ਬੂਤੀ ਮਿਲ ਸਕਦੀ ਹੈ। ਚਾਂਦੀ ਇੱਕ ਕੀਮਤੀ ਧਾਤ ਹੋਣ ਦੇ ਨਾਲ-ਨਾਲ ਉਦਯੋਗਿਕ ਕੱਚਾ ਮਾਲ ਵੀ ਹੈ। ਇਸ ਦਾ ਇਸਤੇਮਾਲ ਇਲੈਕਟ੍ਰਾਨਿਕਸ, ਸੌਰ ਪੈਨਲਾਂ ਅਤੇ ਹੋਰ ਮੈਨਿਊਫੈਕਚਰਿੰਗ ਖੇਤਰਾਂ ਵਿੱਚ ਹੁੰਦਾ ਹੈ। ਸਾਲ 2024 ਵਿੱਚ ਵਿਸ਼ਵ ਪੱਧਰ 'ਤੇ ਚਾਂਦੀ ਦੀ ਕੁੱਲ ਮੰਗ ਵਿੱਚ ਉਦਯੋਗਿਕ ਇਸਤੇਮਾਲ ਦੀ ਹਿੱਸੇਦਾਰੀ ਲਗਭਗ 56 ਫ਼ੀਸਦੀ ਸੀ। ਇਸ ਲਈ, ਜੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਨਾਲ ਉਤਪਾਦਨ ਲਾਗਤ ਵਧਦੀ ਹੈ ਅਤੇ ਮੈਨਿਊਫੈਕਚਰਿੰਗ ਗਤੀਵਿਧੀਆਂ ਕਮਜ਼ੋਰ ਪੈਂਦੀਆਂ ਹਨ, ਤਾਂ ਚਾਂਦੀ ਲਈ ਇੱਕ ਵਾਧੂ ਚਿੰਤਾ ਪੈਦਾ ਹੋ ਸਕਦੀ ਹੈ, ਯਾਨੀ ਉਦਯੋਗਿਕ ਮੰਗ ਵਿੱਚ ਗਿਰਾਵਟ ਆ ਸਕਦੀ ਹੈ।

ਜਦੋਂ ਬਾਜ਼ਾਰ ਨੂੰ ਸਖ਼ਤ ਮੁਦਰਾ ਨੀਤੀ ਅਤੇ ਹੌਲੀ ਆਰਥਿਕ ਵਿਕਾਸ, ਦੋਵਾਂ ਦੀ ਆਸ਼ੰਕਾ ਹੁੰਦੀ ਹੈ ਤਾਂ ਇਸ ਕਾਰਨ ਚਾਂਦੀ ਦੀਆਂ ਕੀਮਤਾਂ ਸੋਨੇ ਦੇ ਮੁਕਾਬਲੇ ਵਧੇਰੇ ਦਬਾਅ ਵਿੱਚ ਆ ਸਕਦੀਆਂ ਹਨ। ਹਾਲਾਂਕਿ, ਇਹ ਮੰਗ ਨਾਲ ਜੁੜਿਆ ਇੱਕ ਸੰਭਾਵਿਤ ਜੋਖ਼ਮ ਹੈ। ਤੇਲ ਦੀਆਂ ਕੀਮਤਾਂ ਕੀਮਤੀ ਧਾਤਾਂ ਦੇ ਭਾਅ ਨੂੰ ਸਿੱਧੇ ਤੌਰ 'ਤੇ ਨਿਯੰਤਰਿਤ ਨਹੀਂ ਕਰਦੀਆਂ। ਅਸਲ ਵਿੱਚ ਇਹ ਦੇਖਣਾ ਮਹੱਤਵਪੂਰਨ ਹੈ ਕਿ ਤੇਲ ਦੀ ਤੇਜ਼ੀ ਨਾਲ ਵਿਆਜ ਦਰਾਂ ਦੀਆਂ ਉਮੀਦਾਂ, ਮਹਿੰਗਾਈ ਨੂੰ ਮੈਨੇਜ ਕਰਨ ਤੋਂ ਬਾਅਦ ਮਿਲਣ ਵਾਲੇ ਬਾਂਡ ਰਿਟਰਨ ਅਤੇ ਚਾਂਦੀ ਦੇ ਮਾਮਲੇ ਵਿੱਚ ਉਦਯੋਗਿਕ ਗਤੀਵਿਧੀਆਂ 'ਤੇ ਕੀ ਅਸਰ ਪੈਂਦਾ ਹੈ।

ਮੰਗਲ ਗ੍ਰਹਿ ਦੇ ਉਪਗ੍ਰਹਿ ਤੋਂ ਮਿੱਟੀ ਲਿਆਉਣ ਲਈ ਜਾਪਾਨ ਦਾ ਨਵਾਂ ਮਿਸ਼ਨ

ਜਪਾਨ ਤੋਂ ਇੱਕ ਪੁਲਾੜੀ ਵਾਹਨ ਮੰਗਲ ਗ੍ਰਹਿ ਦੇ ਚੰਨ ਵੱਲ ਜਾਣ ਲਈ ਲਾਂਚ ਕੀਤਾ ਗਿਆ ਹੈ। ਇਹ ਉੱਥੋਂ 'ਮੂਨ ਡਸਟ' ਭਾਵ ਉੱਤੋਂ ਕਣ ਇਕੱਠੇ ਕਰਕੇ ਧਰਤੀ ਉੱਤੇ ਵਾਪਸ ਲਿਆਉਣ ਦੀ ਕੋਸ਼ਿਸ਼ ਕਰੇਗਾ। ਜੇਕਰ ਇਹ ਸਫ਼ਲ ਹੁੰਦਾ ਹੈ ਤਾਂ ਇਹ ਅਜਿਹਾ ਪਹਿਲੀ ਵਾਰੀ ਹੋਵੇਗਾ ਜਦੋਂ ਮੰਗਲ ਗ੍ਰਹਿ ਜਾਂ ਇਸ ਦੇ ਚੰਨਾਂ ਤੋਂ ਇੱਕ ਸੈਂਪਲ ਧਰਤੀ ਉੱਤੇ ਜਾਂਚ ਲਈ ਵਾਪਸ ਆਵੇਗਾ। ਇਹ ਪੁਲਾੜੀ ਵਾਹਨ ਫੋਬੋਸ ਉੱਤੇ ਅਗਸਤ 2027 ਨੂੰ ਪਹੁੰਚਣਾ ਤੈਅ ਹੈ।

ਇਹ ਉਮੀਦ ਕੀਤੀ ਜਾ ਰਹੀ ਹੈ ਕਿ ਮਾਰਸ ਮੂਨ ਐਕਸਪਲੋਰੇਸ਼ਨ (ਐੱਮਐੱਮਐਕਸ) ਮਿਸ਼ਨ ਇਸ ਰਹੱਸ ਨੂੰ ਸੁਲਝਾਅ ਦੇਵੇਗਾ ਕਿ ਮੰਗਲ ਗ੍ਰਹਿ ਦੇ ਚੰਨ ਕਿਵੇਂ ਬਣੇ। ਇਹ ਮਿਸ਼ਨ ਜਪਾਨੀ ਸਪੇਸ ਏਜੰਸੀ ਦੀ ਅਗਵਾਈ ਵਿੱਚ ਚੱਲ ਰਿਹਾ ਹੈ। ਨੈਚੁਰਲ ਹਿਸਟਰੀ ਮਿਊਜ਼ੀਅਮ ਦੇ ਪ੍ਰੋਫ਼ੈਸਰ ਸਾਰਾ ਰਸਲ ਐੱਮਐੱਮਐਕਸ ਮਿਸ਼ਨ ਦੇ ਸੈਂਪਲ ਅਨੈਲਿਸਿਸ ਲਈ ਡਿਪਟੀ ਹਨ। ਉਹ ਕਹਿੰਦੇ ਹਨ, "ਮੰਗਲ ਗ੍ਰਹਿ ਦੇ ਚੰਨ ਫੋਬੋਸ ਜਾਣ ਵਾਲਾ ਕੋਈ ਸਫ਼ਲ ਮਿਸ਼ਨ ਨਹੀਂ ਹੋਇਆ ਜੋ ਉੱਥੋਂ ਕੁਝ ਧਰਤੀ ਉੱਤੇ ਵਾਪਸ ਲੈ ਕੇ ਆਵੇ।" ਉਹ ਦੱਸਦੇ ਹਨ ਕਿ ਇਹ ਕਾਫ਼ੀ ਮਜ਼ੇਦਾਰ ਮਿਸ਼ਨ ਹੋਵੇਗਾ। ਇਨਰ ਸੋਲਰ ਸਿਸਟਮ ਵਿੱਚ ਸਿਰਫ਼ 3 ਚੰਨ ਹਨ।



ਸਾਡਾ ਆਪਣਾ ਚੰਨ ਅਤੇ ਦੋ ਹੋਰ ਚੰਨ ਜਿਨ੍ਹਾਂ ਦੇ ਨਾਮ ਹਨ ਫੋਬੋਸ ਅਤੇ ਡੇਮੋਸ। ਦੋਵੇਂ ਨਿੱਕੇ ਆਕਾਰ ਦੇ ਹਨ – ਫੋਬੋਸ ਦਾ ਘੇਰਾ ਕਰੀਬ 20 ਕਿਲੋਮੀਟਰ ਹੈ ਅਤੇ ਡੇਮੋਸ ਦਾ ਲਗਭਗ 10 ਕਿਲੋਮੀਟਰ ਹੈ।

ਇਹ ਐੱਮਐੱਮਐਕਸ ਸਪੇਸਕ੍ਰਾਫਟ ਡੇਮੋਸ ਦਾ ਅਧਿਐਨ ਕਰੇਗਾ ਅਤੇ ਜਿਵੇਂ ਹੀ ਇਹ ਮੰਗਲ ਗ੍ਰਹਿ ਦੇ ਗੁਆਂਢ ਵਿੱਚ ਆਵੇਗਾ ਤਾਂ ਫੋਬੋਸ ਉੱਤੇ ਧਿਆਨ ਦੇਵੇਗਾ। ਇਸ ਦੀ ਯੋਜਨਾ ਹੈ ਕਿ ਇਹ ਧਰਾਤਲ ਦੀ ਘੋਖ ਦੇ ਲਈ ਇੱਕ ਛੋਟਾ ਰੋਵਰ ਭੇਜਣਗੇ ਹਾਲਾਂਕਿ ਇਹ ਸੌਖਾ ਨਹੀਂ ਹੋਵੇਗਾ। ਸਾਰਾ ਰਸਲ ਕਹਿੰਦੇ ਹਨ ਕਿ ਕਿਸੇ ਨੇ ਵੀ ਕਿਸੇ ਇੰਨੇ ਛੋਟੇ ਚੰਨ ਉੱਤੇ ਰੋਵਰ ਨਹੀਂ ਭੇਜਿਆ ਹੈ। ਉਹ ਸਮਝਾਉਂਦੇ ਕਿ ਚੰਨ ਦੇ ਕੋਲ ਆਪਣੇ ਕੋਈ ਗਰੈਵੀਟੀ (ਭਾਵ ਗੁਰੂਤਾਕਰਸ਼ਣ) ਨਹੀਂ ਹਨ। ਪਰ ਇਹ ਉਸ ਗ੍ਰਹਿ ਦੇ ਨੇੜੇ ਹੈ, ਜਿਸ ਕੋਲ ਕਾਫੀ ਗ੍ਰੈਵਿਟੀ ਹੈ ਅਤੇ ਇਹ ਇਸਦੇ ਤਲ ਉੱਤੇ ਰੋਵਰ ਲੈ ਕੇ ਜਾਣਾ ਮੁਸ਼ਕਲ ਬਣਾਉਂਦਾ ਹੈ। ਇਹ ਰੋਵਰ ਉੱਥੇ ਲੈਂਡਿੰਗ ਸਾਈਟ ਦੀ ਭਾਲ ਵੀ ਕਰੇਗਾ ਤਾਂ ਜੋ ਐੱਮਐੱਮਐਕਸ ਸਪੇਸਕ੍ਰਾਫਟ ਬਾਅਦ ਵਿੱਚ ਫੋਬੋਸ ਉੱਤੇ ਆ ਸਕੇ।

ਜਦੋਂ ਇਹ ਤਲ ਉੱਤੇ ਪਹੁੰਚੇਗਾ ਤਾਂ ਇਹ ਇੱਕ ਰੋਬੋਟਿਕ ਆਰਮ ਅਤੇ ਦੋ ਸੈਂਪਲਰਸ ਨੂੰ ਉੱਥੇ ਕਣ ਇਕੱਠੇ ਕਰਨ ਦੇ ਕੰਮ ਉੱਤੇ ਲਾਵੇਗਾ। ਇਹ ਮਟੀਰੀਅਲ ਇੱਕ ਨਿੱਕੇ ਜਿਹੇ ਕੈਪਸੂਲ ਵਿੱਚ ਪੈਕ ਕੀਤਾ ਜਾਵੇਗਾ ਅਤੇ ਇਹ ਧਰਤੀ ਉੱਤੇ 2031 ਵਿੱਚ ਪਰਤੇਗਾ, ਇਸ ਦੀ ਲੈਂਡਿੰਗ ਦੱਖਣੀ ਆਸਟ੍ਰੇਲੀਆ ਦੇ ਵੂਮੇਰਾ ਰੇਗਿਸਤਾਨ ਵਿੱਚ ਹੋਵੇਗੀ। ਪਰ ਇਨ੍ਹਾਂ ਕਣਾਂ ਜਾਂ ਇਸ ਮੂਨ ਡਸਟ ਦਾ ਭਾਰ ਕਿੰਨਾ ਹੋਵੇਗਾ? ਇਹ ਹੋਵੇਗਾ ਮਹਿਜ਼ 10 ਗ੍ਰਾਮ. ਜਪਾਨੀ ਮਿਸ਼ਨ ਨਾਲ ਕੰਮ ਰਹੇ ਲੈਸਟਰ ਯੂਨੀਵਰਸਿਟੀ ਦੀ ਡਾ. ਕਰੀਸਾ ਅਵਡੇਲੀਡਿਊ ਕਹਿੰਦੇ ਹਨ, "ਇਹ ਬਹੁਤ ਘੱਟ ਮਾਤਰਾ ਹੈ।" ਉਹ ਕਹਿੰਦੇ ਹਨ, "ਹਾਲਾਂਕਿ ਅਸੀਂ ਇੱਕ-ਇੱਕ ਕਣ ਉੱਤੇ ਕਈ ਅਧਿਐਨ ਕਰ ਸਕਦੇ ਹਾਂ, ਤੁਹਾਨੂੰ ਵਿਗਿਆਨਕ ਤਜਰਬੇ ਕਰਨ ਲਈ ਉੱਥੋਂ ਕਿੱਲੋਗ੍ਰਾਮਾਂ ਦੀ ਮਾਤਰਾ ਵਿੱਚ ਕਣ ਲਿਆਉਣ ਦੀ ਲੋੜ ਨਹੀਂ ਹੈ, ਹਰ ਕਣ ਅਹਿਮ ਹੈ।" ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਸੈਂਪਲ ਇਸ ਗੱਲ ਨੂੰ ਸਾਹਮਣੇ ਲਿਆਵੇਗਾ ਕਿ ਮੰਗਲ ਦੇ ਚੰਨ ਆਏ ਕਿੱਥੋਂ? ਇਸ ਬਾਰੇ ਦੋ ਵਿਚਾਰ ਹਨ।

ਜਾਂ ਤਾਂ ਇੱਕ ਪੁਲਾੜੀ ਚੱਟਾਨ ਇਤਿਹਾਸ ਵਿੱਚ ਪਹਿਲਾਂ ਮੰਗਲ ਨਾਲ ਜਾ ਟਕਰਾਈ ਅਤੇ ਇਸਦੇ ਮਲਬੇ ਵਿੱਚੋਂ ਫੋਬੋਸ ਤੇ ਡੇਮੋਸ ਬਣੇ ਸਨ। ਅਤੇ ਜਾਂ ਤਾਂ ਚੰਨ ਬਾਹਰੀ ਸੋਲਰ ਸਿਸਟਮ ਵਿੱਚ ਚੱਲ ਰਹੇ ਉਲਕਾ ਪਿੰਡ ਹੋ ਸਕਦੇ ਹਨ ਜਿਹੜੇ ਕਿ ਮੰਗਲ ਗ੍ਰਹਿ ਦੇ ਗੁਰੂਤਾਕ੍ਰਸ਼ਣ ਦੇ ਘੇਰੇ ਵਿੱਚ ਆ ਗਏ। ਸਾਰਾ ਰਸਲ ਕਹਿੰਦੇ ਹਨ, "ਜਦੋਂ ਸਾਨੂੰ ਸੈਂਪਲ ਵਾਪਸ ਮਿਲਦੇ ਹਨ ਤਾਂ ਅਸੀਂ ਕੈਮਿਸਟ੍ਰੀ ਵਿੱਚ ਡੂੰਘਾਈ ਨਾਲ ਦੇਖ ਸਕਦੇ ਹਾਂ ਅਤੇ ਜਾਣ ਸਕਦੇ ਹਾਂ ਕਿ ਇਹ ਕਿਹੜੇ ਤੱਤਾਂ ਨਾਲ ਬਣਿਆ ਹੈ, ਇਹਦੇ ਨਤੀਜੇ ਵੱਖੋ-ਵੱਖਰੇ ਹੋਣਗੇ।" ਸਾਨੂੰ ਇਹ ਬਹੁਤ ਆਰਾਮ ਨਾਲ ਪਤਾ ਲੱਗ ਸਕੇਗਾ ਕਿ ਇਹ ਉਲਕਾ ਪਿੰਡ ਦੇ ਟਕਰਾਉਣ ਕਰਕੇ ਹੋਇਆ ਹੈ ਜਾਂ ਇਹ ਬਾਹਰੋਂ ਆਇਆ ਉਲਕਾ ਪਿੰਡ ਹੈ, ਸਾਨੂੰ ਇਹ ਬਹੁਤ ਜਲਦੀ ਪਤਾ ਲੱਗ ਜਾਵੇਗਾ। ਟੀਮ ਨੂੰ ਹੋਰ ਵੀ ਉਮੀਦਾਂ ਹਨ। ਸਾਰਾ ਕਹਿੰਦੇ ਹਨ, "ਹੋਰ ਖੁਸ਼ੀ ਦੀ ਗੱਲ ਇਹ ਹੈ ਕਿ ਫੋਬੋਸ ਮੰਗਲ ਗ੍ਰਹਿ ਦੇ ਤਲ ਦੇ ਇੰਨੀ ਨੇੜੇ ਹੈ ਕਿ ਜਦੋਂ ਵੀ ਇਸਦੇ ਤਲ ਉੱਤੇ ਕੁਝ ਹੁੰਦਾ ਹੈ ਤਾਂ ਇਸਦੇ ਕਣ ਫੋਬੋਸ ਉੱਤੇ ਵੀ ਆ ਸਕਦੇ ਹਨ। "ਅਤੇ ਇਸ ਦਾ ਮਤਲਬ ਹੈ ਕਿ ਜਿਹੜਾ ਸੈਂਪਲ ਸਾਨੂੰ ਵਾਪਸ ਮਿਲੇਗਾ ਤਾਂ ਉਸ ਵਿੱਚ ਮੰਗਲ ਗ੍ਰਹਿ ਦੇ ਕਣ ਵੀ ਹੋ ਸਕਦੇ ਹਨ, ਇਹ ਸਾਨੂੰ ਮੰਗਲ ਗ੍ਰਹਿ ਦੀ ਬਣਤਰ ਅਤੇ ਇਤਿਹਾਸ ਬਾਰੇ ਸਿੱਧੀ ਜਾਣਕਾਰੀ ਦੇ ਸਕਦਾ ਹੈ।"

ਪੁਲਾੜ ਵਿਗਿਆਨੀਆਂ ਦੀ ਇਹ ਲੰਬੇ ਸਮੇਂ ਤੋਂ ਖ਼ਾਹਿਸ਼ ਰਹੀ ਹੈ ਕਿ ਮੰਗਲ ਗ੍ਰਹਿ ਤੋਂ ਸਮੱਗਰੀ ਧਰਤੀ ਉੱਤੇ ਲਿਆਂਦੀ ਜਾਵੇ। ਨਾਸਾ ਦਾ ਪਰਜ਼ਵਰੈਂਸ ਰੋਵਰ 2021 ਤੋਂ ਮੰਗਲ ਗ੍ਰਹਿ ਦੀ ਘੋਖ ਕਰਦਾ ਰਿਹਾ ਹੈ ਅਤੇ ਇਹ ਮੰਗਲ ਗ੍ਰਹਿ ਤੋਂ ਸੈਂਪਲ ਇਕੱਠੇ ਕਰਕੇ ਇਨ੍ਹਾਂ ਨੂੰ ਕੈਨਿਸਟਰਾਂ ਵਿੱਚ ਭਰਦਾ ਰਿਹਾ ਹੈ। ਇੱਕ ਦੂਜਾ ਨਾਸਾ/ਈਐੱਸਏ ਮਿਸ਼ਨ ਜਿਸਦਾ ਨਾਮ ਮਾਰਸ ਸੈਂਪਲ ਰਿਟਰਨ ਹੈ ਇਨ੍ਹਾਂ ਕੈਨਿਸਟਰਾਂ ਨੂੰ ਵਾਪਸ ਲਿਆ ਚੁੱਕਾ ਹੈ। ਸਾਡੇ ਕੋਲ ਮੰਗਲ ਗ੍ਰਹਿ ਦੇ ਕੁਝ ਕਣ ਹਨ ਜਿਹੜੇ ਕਿ 'ਐਸਟਿਰੋਇਡ ਸਟ੍ਰਾਈਕ' ਕਰਕੇ ਧਰਤੀ ਵੱਲ ਆਏ ਸਨ। ਮੰਗਲ ਗ੍ਰਹਿ ਤੋਂ ਆਉਣ ਵਾਲੇ ਮੀਟੀਓਰ ਕਾਫੀ ਦੁਰਲੱਭ ਹਨ ਪਰ ਹੋਰ ਪੁਲ

ਅਫਸਰਸ਼ਾਹੀ ਹੋਈ ਹਨੀ ਟ੍ਰੈਪ ਦਾ ਸ਼ਿਕਾਰ

ਸੋਸ਼ਲ ਮੀਡੀਆ 'ਤੇ ਕੁੜੀਆਂ ਦੀਆਂ ਤਸਵੀਰਾਂ ਵਾਲੇ ਅਕਾਊਂਟਾਂ ਤੋਂ ਪਹਿਲਾਂ ਫ੍ਰੈਂਡ ਰਿਕਵੈਸਟ ਆਉਂਦੀ। ਫਿਰ ਗੱਲਬਾਤ ਸ਼ੁਰੂ ਹੁੰਦੀ ਅਤੇ ਹੌਲੀ-ਹੌਲੀ ਸੈਕਸ ਚੈਟ ਤੱਕ ਪਹੁੰਚ ਜਾਂਦੀ। ਪੁਲਿਸ ਮੁਤਾਬਕ, ਚੈਟ ਕਰਨ ਵਾਲੇ ਲੋਕਾਂ ਤੋਂ ਉਨ੍ਹਾਂ ਦੀਆਂ ਨਗਨ ਤਸਵੀਰਾਂ ਅਤੇ ਵੀਡੀ ਮੰਗਵਾਈਆਂ ਜਾਂਦੀਆਂ ਸਨ। ਪਰ ਇਸ ਤੋਂ ਬਾਅਦ ਕਹਾਣੀ ਵਿੱਚ ਇੱਕ ਨਵਾਂ ਕਿਰਦਾਰ ਸਾਹਮਣੇ ਆਉਂਦਾ ਸੀ। ਹੁਣ ਤੱਕ ਕੁੜੀ ਬਣ ਕੇ ਚੈਟ ਕਰ ਰਿਹਾ ਵਿਅਕਤੀ ਖ਼ੁਦ ਨੂੰ ਉਸੇ ਕੁੜੀ ਦਾ ਭਰਾ ਦੱਸਦਾ ਅਤੇ ਪੈਸੇ ਮੰਗਣ ਲੱਗਦਾ। ਹੈਦਰਾਬਾਦ ਪੁਲਿਸ ਦਾ ਦਾਅਵਾ ਹੈ ਕਿ ਕੁੜੀ ਅਤੇ ਉਸ ਦਾ ਭਰਾ ਬਣ ਕੇ ਲੋਕਾਂ ਨਾਲ ਗੱਲ ਕਰਨ ਵਾਲਾ ਵਿਅਕਤੀ ਇੱਕ ਹੀ ਸੀ। 23 ਸਾਲਾ ਉਸ ਵਿਅਕਤੀ ਦਾ ਨਾਂ ਪਵਨ ਕੁਮਾਰ ਹੈ।

ਕਿੰਨੇ ਲੋਕਾਂ ਤੋਂ ਨਗਨ ਤਸਵੀਰਾਂ ਮੰਗੀਆਂ?

ਪੁਲਿਸ ਮੁਤਾਬਕ, ਪਵਨ ਨੇ ਡਾਕਟਰਾਂ, ਪੁਲਿਸ ਮੁਲਾਜ਼ਮਾਂ, ਕਾਰੋਬਾਰੀਆਂ, ਸਰਕਾਰੀ ਅਧਿਕਾਰੀਆਂ, ਸਾਫ਼ਟਵੇਅਰ ਇੰਜੀਨੀਅਰਾਂ ਅਤੇ ਲੈਕਚਰਾਰਾਂ ਸਮੇਤ ਵੱਖ-ਵੱਖ ਕਿੱਤਿਆਂ ਨਾਲ ਜੁੜੇ ਕਰੀਬ 1,000 ਲੋਕਾਂ ਨੂੰ ਹਨੀ ਟ੍ਰੈਪ ਵਿੱਚ ਫਸਾਇਆ। ਚਾਰਮਿਨਾਰ ਦੇ ਡੀਸੀਪੀ ਕਿਰਨ ਖਰੇ ਨੇ ਦੱਸਿਆ, "ਉਹ ਚਾਰ ਸਾਲਾਂ ਤੋਂ ਕੋਲਕਾਤਾ ਦੀ ਇੱਕ ਮਾਡਲ ਸਮੇਤ ਕਈ ਕੁੜੀਆਂ ਦੀਆਂ ਤਸਵੀਰਾਂ ਦੀ ਵਰਤੋਂ ਕਰਕੇ ਲੋਕਾਂ ਨੂੰ ਹਨੀ ਟ੍ਰੈਪ ਵਿੱਚ ਫਸਾ ਰਿਹਾ ਸੀ ਅਤੇ ਉਨ੍ਹਾਂ ਤੋਂ ਪੈਸੇ ਵਸੂਲ ਰਿਹਾ ਸੀ।" "ਉਸ ਦੇ ਹੱਥੋਂ ਠੱਗੇ ਗਏ ਲੋਕਾਂ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਨਾਲ-ਨਾਲ ਦੂਜੇ ਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਵੀ ਸ਼ਾਮਿਲ ਹਨ।" ਪੁਲਿਸ ਨੇ ਪਵਨ ਕੋਲੋਂ ਤਿੰਨ ਮੋਬਾਈਲ ਫ਼ੋਨ, ਇੱਕ ਲੈਪਟਾਪ ਅਤੇ 16 ਜੀਬੀ ਦੀ ਪੈਨ ਡਰਾਈਵ ਬਰਾਮਦ ਕੀਤੀ ਹੈ। ਕੋਂਡਾਬੱਤੁਲਾ ਪਵਨ ਕੁਮਾਰ ਤੇਲੰਗਾਨਾ ਦੇ ਭਦਰਾਦਰੀ ਕੋਠਾਗੁਡੇਮ ਜ਼ਿਲ੍ਹੇ ਦੇ ਟੇਕੁਲਪੱਲੀ ਮੰਡਲ ਦਾ ਰਹਿਣ ਵਾਲਾ ਹੈ। ਪੁਲਿਸ ਜਾਂਚ ਵਿੱਚ ਪਤਾ ਲੱਗਾ ਕਿ ਪਵਨ ਨੇ ਹੈਦਰਾਬਾਦ ਦੇ ਬਾਲਾਨਗਰ ਸਥਿਤ ਸੈਂਟਰਲ ਇੰਸਟੀਚਿਊਟ ਆਫ਼ ਟੂਲ ਡਿਜ਼ਾਈਨ (ਸੀਆਈਟੀਡੀ) ਵਿੱਚ ਡਿਪਲੋਮਾ ਦੀ ਪੜ੍ਹਾਈ ਦੂਜੇ ਸਾਲ ਵਿੱਚ ਹੀ ਛੱਡ ਦਿੱਤੀ ਸੀ।

ਡੀਸੀਪੀ ਮੁਤਾਬਕ, ਇਸ ਤੋਂ ਬਾਅਦ ਉਸ ਨੇ ਆਪਣੇ ਪਰਿਵਾਰ ਨੂੰ ਦੱਸਿਆ ਕਿ ਉਹ ਮੱਲਾ ਰੈਂਡੀ ਕਾਲਜ ਵਿੱਚ ਬੀਟੈਕ ਦੀ ਪੜ੍ਹਾਈ ਕਰ ਰਿਹਾ ਹੈ।

ਉਹ ਹੈਦਰਾਬਾਦ ਵਿੱਚ ਰਹਿ ਕੇ ਛੋਟੇ-ਮੋਟੇ ਕੰਮ ਕਰਦਾ ਰਿਹਾ ਅਤੇ ਇਸ ਸਮੇਂ ਬੇਰੁਜ਼ਗਾਰ ਸੀ। ਪੁਲਿਸ ਮੁਤਾਬਕ, ਪਵਨ ਕੁੜੀਆਂ ਦੀਆਂ ਤਸਵੀਰਾਂ ਦੀ ਵਰਤੋਂ ਕਰਕੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਜਾਅਲੀ ਅਕਾਊਂਟ ਬਣਾਉਂਦਾ ਸੀ। ਇਨ੍ਹਾਂ ਅਕਾਊਂਟਾਂ ਤੋਂ ਲੋਕਾਂ ਨੂੰ ਫ੍ਰੈਂਡ ਜਾਂ ਫਾਲੋ ਰਿਕਵੈਸਟ ਭੇਜੀਆਂ ਜਾਂਦੀਆਂ ਸਨ। ਰਿਕਵੈਸਟ ਸਵੀਕਾਰ ਹੋਣ ਤੋਂ ਬਾਅਦ ਉਹ ਕੁੜੀ ਬਣ ਕੇ ਉਨ੍ਹਾਂ ਨਾਲ ਚੈਟਿੰਗ ਸ਼ੁਰੂ ਕਰ ਦਿੰਦਾ ਸੀ। ਡੀਸੀਪੀ ਕਿਰਨ ਖਰੇ ਨੇ ਦੱਸਿਆ, "ਉਹ ਹੌਲੀ-ਹੌਲੀ ਗੱਲਬਾਤ ਨੂੰ ਸੈਕਸ ਚੈਟ ਵੱਲ ਲੈ ਜਾਂਦਾ ਅਤੇ ਯੂਜ਼ਰਜ਼ ਤੋਂ ਉਨ੍ਹਾਂ ਦੀਆਂ ਨਗਨ ਤਸਵੀਰਾਂ ਤੇ ਵੀਡੀ ਲੈ ਕੇ ਉਨ੍ਹਾਂ ਨੂੰ ਸੇਵ ਕਰ ਲੈਂਦਾ ਸੀ।" ਪੁਲਿਸ ਦਾ ਕਹਿਣਾ ਹੈ ਕਿ ਪਵਨ ਖੁਦ ਵੀ ਸਾਹਮਣੇ ਵਾਲੇ ਲੋਕਾਂ ਨੂੰ ਕੁਝ ਮਾਡਲਾਂ ਦੀਆਂ ਅਰਧ-ਨਗਨ ਤਸਵੀਰਾਂ ਭੇਜਦਾ ਸੀ, ਤਾਂ ਜੋ ਕਿਸੇ ਨੂੰ ਉਸ 'ਤੇ ਸ਼ੱਕ ਨਾ ਹੋਵੇ।

ਕੁੜੀ ਤੋਂ ਬਾਅਦ ਸਾਹਮਣੇ ਆਉਂਦਾ ਸੀ ਉਸ ਦਾ 'ਭਰਾ'

ਪੁਲਿਸ ਮੁਤਾਬਕ, ਨਗਨ ਵੀਡੀ ਅਤੇ ਤਸਵੀਰਾਂ ਹਾਸਲ ਕਰਨ ਤੋਂ ਬਾਅਦ ਪਵਨ ਲੋਕਾਂ ਤੋਂ ਪੈਸੇ ਵਸੂਲਣਾ ਸ਼ੁਰੂ ਕਰ ਦਿੰਦਾ ਸੀ। ਜਿਸ ਕੁੜੀ ਨਾਲ ਹੁਣ ਤੱਕ ਚੈਟਿੰਗ ਹੋ ਰਹੀ ਹੁੰਦੀ ਸੀ, ਪਵਨ ਖ਼ੁਦ ਨੂੰ ਉਸੇ ਕੁੜੀ ਦਾ ਭਰਾ ਦੱਸ ਕੇ ਬਾਅਦ 'ਚ ਸਾਹਮਣੇ ਆਉਂਦਾ ਸੀ। ਇਸ ਤੋਂ ਬਾਅਦ ਉਹ ਨਗਨ ਤਸਵੀਰਾਂ ਅਤੇ ਵੀਡੀ ਭੇਜਣ ਵਾਲੇ ਲੋਕਾਂ ਨਾਲ ਫ਼ੋਨ ਕਾਲ, ਵ੍ਹਟਸਐਪ ਅਤੇ ਸੋਸ਼ਲ ਮੀਡੀਆ ਅਕਾਊਂਟਾਂ ਰਾਹੀਂ ਸੰਪਰਕ ਕਰਦਾ ਸੀ। ਡੀਸੀਪੀ ਨੇ ਦੱਸਿਆ, "ਉਹ ਉਨ੍ਹਾਂ ਨੂੰ ਧਮਕਾਉਂਦਾ ਸੀ ਕਿ ਉਸ ਦੀ ਭੈਣ ਨੇ ਖ਼ੁਦਕੁਸ਼ੀ ਕਰ ਲਈ ਹੈ ਜਾਂ ਫਿਰ ਉਹ ਪੁਲਿਸ ਵਿੱਚ ਸ਼ਿਕਾਇਤ ਕਰ ਦੇਵੇਗਾ। ਇਸ ਤਰ੍ਹਾਂ ਉਹ ਉਨ੍ਹਾਂ ਤੋਂ ਪੈਸੇ ਵਸੂਲਦਾ ਸੀ।" ਕਿਰਨ ਖਰੇ ਮੁਤਾਬਕ, ਪਵਨ ਨੇ ਇਸ ਕੰਮ ਲਈ ਕੋਲਕਾਤਾ ਦੀ ਇੱਕ ਮਾਡਲ ਦੀਆਂ ਤਸਵੀਰਾਂ ਦੀ ਸਭ ਤੋਂ ਵੱਧ ਵਰਤੋਂ ਕੀਤੀ। ਪੁਲਿਸ ਨੇ ਉਸ ਮਾਡਲ ਨਾਲ ਸੰਪਰਕ ਕਰਕੇ ਉਸ ਨੂੰ ਵੀ ਇਸ ਬਾਰੇ ਜਾਣਕਾਰੀ ਦਿੱਤੀ ਹੈ।

22 ਤੋਂ 70 ਸਾਲ ਤੱਕ ਦੀ ਉਮਰ ਦੇ ਲੋਕ ਬਣੇ ਸ਼ਿਕਾਰ

ਪੁਲਿਸ ਦਾ ਕਹਿਣਾ ਹੈ ਕਿ ਪਵਨ ਨੇ ਪੁਲਿਸ ਮੁਲਾਜ਼ਮਾਂ, ਲੈਕਚਰਾਰਾਂ, ਸਰਕਾਰੀ ਮੁਲਾਜ਼ਮਾਂ, ਅਧਿਕਾਰੀਆਂ, ਸਾਫ਼ਟਵੇਅਰ ਇੰਜੀਨੀਅਰਾਂ ਅਤੇ ਡਾਕਟਰਾਂ ਸਮੇਤ ਵੱਖ-ਵੱਖ ਕਿੱਤਿਆਂ ਨਾਲ ਜੁੜੇ ਕਰੀਬ 1,000 ਲੋਕਾਂ ਨਾਲ ਸੈਕਸ ਚੈਟ ਕਰਕੇ ਉਨ੍ਹਾਂ ਨੂੰ ਆਪਣੇ ਜਾਲ ਵਿੱਚ ਫਸਾਇਆ। ਕਿਰਨ ਖਰੇ ਨੇ ਦੱਸਿਆ, "ਇਨ੍ਹਾਂ ਲੋਕਾਂ ਦੀ ਉਮਰ 22 ਤੋਂ 70 ਸਾਲ ਦੇ ਵਿਚਕਾਰ ਹੈ। ਸਾਨੂੰ 82 ਲੋਕਾਂ ਦੀਆਂ ਨਗਨ ਤਸਵੀਰਾਂ ਅਤੇ ਵੀਡੀ ਮਿਲੀਆਂ ਹਨ।" ਪੁਲਿਸ ਮੁਤਾਬਕ, ਧੋਖੇ ਦਾ ਸ਼ਿਕਾਰ ਹੋਏ ਲੋਕਾਂ ਵਿੱਚ ਤੇਲੰਗਾਨਾ, ਆਂਧਰਾ ਪ੍ਰਦੇਸ਼, ਕੇਰਲ, ਤਾਮਿਲਨਾਡੂ ਅਤੇ ਪੰਜਾਬ ਦੇ ਨਾਲ-ਨਾਲ ਸਾਊਦੀ ਅਰਬ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਦੇ ਲੋਕ ਵੀ ਸ਼ਾਮਿਲ ਹਨ। ਪੁਲਿਸ ਦਾ ਕਹਿਣਾ ਹੈ ਕਿ ਪਵਨ ਨੇ ਇਨ੍ਹਾਂ ਲੋਕਾਂ ਤੋਂ ਹੁਣ ਤੱਕ 25 ਲੱਖ 16 ਹਜ਼ਾਰ ਰੁਪਏ ਠੱਗੇ ਹਨ।

ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ 27 ਜਾਅਲੀ ਅਕਾਊਂਟ

ਪੁਲਿਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪਵਨ ਨੇ ਇੰਸਟਾਗ੍ਰਾਮ 'ਤੇ 13 ਜਾਅਲੀ ਆਈਡੀ ਅਤੇ ਫੇਸਬੁੱਕ 'ਤੇ 14 ਜਾਅਲੀ ਪੇਜ ਬਣਾਏ ਸਨ।

ਪੁਲਿਸ ਮੁਤਾਬਕ, ਪਵਨ ਕੁਮਾਰ ਨੇ ਆਪਣੇ ਇੱਕ ਦੋਸਤ ਨੂੰ ਵੀ ਧੋਖਾ ਦੇ ਕੇ ਉਸ ਤੋਂ ਚਾਰ ਲੱਖ ਰੁਪਏ ਵਸੂਲੇ। ਇਸ ਤੋਂ ਬਾਅਦ ਹੀ ਇਹ ਪੂਰਾ ਮਾਮਲਾ ਸਾਹਮਣੇ ਆਇਆ। ਧੋਖਾਧੜੀ ਦਾ ਸ਼ਿਕਾਰ ਹੋਏ ਉਸ ਦੇ ਦੋਸਤ ਰਮੇਸ਼ (ਬਦਲਿਆ ਹੋਇਆ ਨਾਂ) ਨੇ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਈ। ਰਮੇਸ਼ ਨੇ ਦੱਸਿਆ ਕਿ ਸੈਂਟਰਲ ਇੰਸਟੀਚਿਊਟ ਆਫ਼ ਟੂਲ ਡਿਜ਼ਾਈਨ ਵਿੱਚ ਡਿਪਲੋਮਾ ਦੀ ਪੜ੍ਹਾਈ ਦੌਰਾਨ ਉਸ ਦੀ ਪਛਾਣ ਪਵਨ ਕੁਮਾਰ ਨਾਲ ਹੋਈ ਸੀ। ਸਤੰਬਰ 2021 ਵਿੱਚ ਰਮੇਸ਼ ਨੂੰ ਇੰਸਟਾਗ੍ਰਾਮ 'ਤੇ 'ਮੂਨ ਬੇਬੀ 5973' ਨਾਂ ਦੀ ਆਈਡੀ ਤੋਂ ਫ੍ਰੈਂਡ ਰਿਕਵੈਸਟ ਮਿਲੀ। ਰਮੇਸ਼ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ, "ਮੈਨੂੰ ਇਸ ਅਕਾਊਂਟ 'ਤੇ ਸ਼ੱਕ ਹੋਇਆ। ਇਸ ਨੂੰ ਦੇਖਣ 'ਤੇ ਲੱਗਿਆ ਕਿ ਇਹ ਪਵਨ ਕੁਮਾਰ ਨੇ ਬਣਾਇਆ ਹੈ।"

"ਮੈਂ ਤੁਰੰਤ ਉਸ ਤੋਂ ਸਵਾਲ ਕੀਤਾ ਤਾਂ ਉਸ ਨੇ ਮੰਨ ਲਿਆ ਕਿ ਜਾਅਲੀ ਅਕਾਊਂਟ ਉਸ ਨੇ ਹੀ ਬਣਾਇਆ ਸੀ। ਇਸ ਤੋਂ ਬਾਅਦ ਮੈਂ ਉਸ ਨਾਲ ਦੋਸਤੀ ਖਤਮ ਕਰਨ ਦਾ ਫ਼ੈਸਲਾ ਕੀਤਾ।" ਰਮੇਸ਼ ਮੁਤਾਬਕ, ਬਾਅਦ ਵਿੱਚ ਉਹ ਦੂਜੇ ਹੋਸਟਲ ਵਿੱਚ ਰਹਿਣ ਲੱਗੇ। ਇਸ ਦੇ ਬਾਵਜੂਦ ਪਵਨ ਉੱਥੇ ਆਇਆ ਅਤੇ ਉਨ੍ਹਾਂ ਨਾਲ ਰਹਿਣ ਦੀ ਗੱਲ ਕਹੀ। ਸ਼ਿਕਾਇਤ ਮੁਤਾਬਕ, ਇਸੇ ਦੌਰਾਨ ਦੋਵਾਂ ਵਿਚਕਾਰ ਸਰੀਰਕ ਸਬੰਧ ਬਣੇ। ਰਮੇਸ਼ ਦਾ ਇਲਜ਼ਾਮ ਹੈ ਕਿ ਪਵਨ ਉਨ੍ਹਾਂ 'ਤੇ ਸਰੀਰਕ ਸਬੰਧ ਬਣਾਉਣ ਲਈ ਕਾਫ਼ੀ ਦਬਾਅ ਪਾਉਂਦਾ ਸੀ ਅਤੇ ਉਨ੍ਹਾਂ ਨੂੰ ਬਲੈਕਮੇਲ ਵੀ ਕਰਦਾ ਸੀ। ਰਮੇਸ਼ ਨੇ ਆਪਣੀ ਸ਼ਿਕਾਇਤ ਵਿੱਚ ਇਲਜ਼ਾਮ ਲਗਾਇਆ ਕਿ ਪਵਨ ਨੇ ਵੀਡੀ ਬਣਾਉਣ ਦਾ ਦਾਅਵਾ ਕਰਕੇ ਉਨ੍ਹਾਂ ਨੂੰ ਧਮਕਾਇਆ। ਉਸ ਨੇ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਉਣ ਦੇ ਨਾਲ-ਨਾਲ ਉਨ੍ਹਾਂ ਤੋਂ ਡੇਢ ਲੱਖ ਰੁਪਏ ਆਨਲਾਈਨ ਅਤੇ ਢਾਈ ਲੱਖ ਰੁਪਏ ਨਕਦ ਲਏ। ਸੈਦਾਬਾਦ ਪੁਲਿਸ ਨੇ 17 ਅਕਤੂਬਰ ਨੂੰ ਇਸ ਮਾਮਲੇ ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ। ਇਸੇ ਜਾਂਚ ਦੌਰਾਨ ਹਨੀ ਟ੍ਰੈਪ ਦਾ ਮਾਮਲਾ ਸਾਹਮਣੇ ਆਇਆ।

ਪੁਲਿਸ ਦੀ ਹਦਾਇਤ - ਨਗਨ ਤਸਵੀਰਾਂ ਕਿਸੇ ਨੂੰ ਨਾ ਭੇਜੋ

ਡੀਸੀਪੀ ਕਿਰਨ ਖਰੇ ਨੇ ਕਿਹਾ, "ਸੋਸ਼ਲ ਮੀਡੀਆ 'ਤੇ ਕਿਸੇ ਅਕਾਊਂਟ ਤੋਂ ਫ੍ਰੈਂਡ ਰਿਕਵੈਸਟ ਆਉਣ 'ਤੇ ਉਸ ਅਕਾਊਂਟ ਦੀ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ। ਖ਼ਾਸ ਤੌਰ 'ਤੇ ਕਿਸੇ ਅਣਜਾਣ ਅਕਾਊਂਟ ਤੋਂ ਸੁਨੇਹਾ ਆਉਣ 'ਤੇ ਸਾਵਧਾਨ ਹੋ ਜਾਣਾ ਚਾਹੀਦਾ ਹੈ।" "ਅਜਿਹੇ ਲੋਕ ਪਹਿਲਾਂ ਦੋਸਤੀ ਦੇ ਅੰਦਾਜ਼ ਵਿੱਚ ਗੱਲ ਕਰਦੇ ਹਨ। ਇਸ ਤੋਂ ਬਾਅਦ ਨਗਨ ਤਸਵੀਰਾਂ ਅਤੇ ਵੀਡੀ ਹਾਸਿਲ ਕਰਕੇ ਲੋਕਾਂ ਨੂੰ ਠੱਗਣਾ ਸ਼ੁਰੂ ਕਰ ਦਿੰਦੇ ਹਨ। ਪੀੜਤਾਂ ਨੂੰ ਤੁਰੰਤ ਪੁਲਿਸ ਵਿੱਚ ਸ਼ਿਕਾਇਤ ਕਰਨੀ ਚਾਹੀਦੀ ਹੈ।"

ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਦੇ ਐਲਾਨ ਤਾਂ ਬਹੁਤ ਹੁੰਦੇ ਨੇ, ਪਰ...




ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਦੌਰਾ ਸਿਆਸੀ ਬਿਆਨਬਾਜ਼ੀ, ਨਸ਼ਿਆਂ ਦੇ ਮੁੱਦੇ ਤੇ ਕਾਨੂੰਨ-ਵਿਵਸਥਾ ਬਾਰੇ ਕਈ ਗੰਭੀਰ ਸਵਾਲ ਖੜ੍ਹੇ ਕਰ ਗਿਆ ਹੈ। ਲੁਧਿਆਣਾ 'ਚ ਪ੍ਰੈੱਸ ਕਾਨਫਰੰਸ ਦੌਰਾਨ ਸ਼ਾਹ ਨੇ ਪੰਜਾਬ 'ਚ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਅਤੇ ਦਾਅਵਾ ਕੀਤਾ ਕਿ 31 ਦਸੰਬਰ 2029 ਤੱਕ ਪੰਜਾਬ 'ਚੋਂ ਨਸ਼ਿਆਂ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਉਨ੍ਹਾਂ ਦੇ ਬਿਆਨਾਂ 'ਚ ਸਿਆਸੀ ਹਮਲਾਵਰ ਰੁਖ਼ ਸਪੱਸ਼ਟ ਸੀ ਪਰ ਸਵਾਲ ਇਹ ਹੈ ਕਿ ਕੀ ਇਨ੍ਹਾਂ ਬਿਆਨਾਂ ਨਾਲ ਪੰਜਾਬ ਦੀ ਜ਼ਮੀਨੀ ਹਕੀਕਤ ਬਦਲੇਗੀ? ਪੰਜਾਬ ਅੱਜ ਨਸ਼ਿਆਂ ਦੀ ਮਾਰ ਹੇਠ ਹੈ। ਘਰਾਂ ਦੇ ਚਿਰਾਗ ਬੁਝ ਰਹੇ ਹਨ, ਮਾਪਿਆਂ ਦੀਆਂ ਆਸਾਂ ਟੁੱਟ ਰਹੀਆਂ ਹਨ ਤੇ ਨੌਜਵਾਨੀ ਦਾ ਵੱਡਾ ਹਿੱਸਾ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ। ਅਜਿਹੇ 'ਚ ਨਸ਼ਿਆਂ ਵਿਰੁੱਧ ਲੜਾਈ ਨੂੰ ਸਿਆਸੀ ਇਲਜ਼ਾਮਾਂ ਤੱਕ ਸੀਮਤ ਕਰਨਾ ਲੋਕਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ। ਸ਼ਾਹ ਨੇ ਸੂਬਾ ਸਰਕਾਰ ਤੋਂ ਜਵਾਬ ਮੰਗਿਆ ਕਿ ਪੰਜਾਬ 'ਚ ਨਸ਼ਾ ਕਿਵੇਂ ਪਹੁੰਚ ਰਿਹਾ ਹੈ ਪਰ ਇਹ ਸਵਾਲ ਕੇਂਦਰ ਸਰਕਾਰ ਦੀ ਜਵਾਬਦੇਹੀ ਨਾਲ ਵੀ ਜੁੜਦਾ ਹੈ। ਜੇ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ ਤਾਂ ਸਰਹੱਦਾਂ ਦੀ ਨਿਗਰਾਨੀ ਤੇ ਤਸਕਰੀ ਦੇ ਨੈੱਟਵਰਕ ਨੂੰ ਤੋੜਨ ਦੀ ਜ਼ਿੰਮੇਵਾਰੀ ਕੇਂਦਰੀ ਏਜੰਸੀਆਂ ਦੀ ਵੀ ਹੈ। ਇਸ ਲਈ ਗੇਂਦ ਸਿਰਫ਼ ਪੰਜਾਬ ਸਰਕਾਰ ਦੇ ਪਾਲੇ 'ਚ ਸੁੱਟ ਕੇ ਕੇਂਦਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦਾ। ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਨਸ਼ਿਆਂ ਦੇ ਵੱਡੇ ਸੌਦਾਗਰਾਂ ਵਿਰੁੱਧ ਕਿੰਨੀ ਕਾਰਵਾਈ ਹੋਈ ਤੇ ਉਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਦੇਣ ਵਾਲਿਆਂ ਦਾ ਕੀ ਬਣਿਆ? ਇਸ ਦੌਰੇ ਦੌਰਾਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਦਾ ਮਾਮਲਾ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵਾਲੇ ਝੋਟਾ ਦੇ ਕਤਲ ਨੇ ਲੋਕਾਂ 'ਚ ਰੋਸ ਪੈਦਾ ਕੀਤਾ ਤੇ ਪਰਿਵਾਰ ਨੇ ਇਨਸਾਫ਼ ਲਈ ਸੀਬੀਆਈ ਜਾਂਚ ਮੰਗੀ। ਅੱਜ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੀ ਗੱਲ ਕਰਨਾ ਇਕ ਅਹਿਮ ਘਟਨਾਕ੍ਰਮ ਹੈ ਪਰ ਇੱਥੇ ਸਵਾਲ ਉੱਠਦਾ ਹੈ ਕਿ ਪਰਿਵਾਰ ਨੂੰ ਆਪਣੀ ਮੰਗ ਮਨਵਾਉਣ ਲਈ ਇੰਨੀ ਜੱਦੋ-ਜਹਿਦ ਕਿਉਂ ਕਰਨੀ ਪਈ? ਕੀ ਸਰਕਾਰ ਪਹਿਲਾਂ ਹੀ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਪਰਿਵਾਰ ਦੀ ਤਸੱਲੀ ਲਈ ਢੁੱਕਵਾਂ ਕਦਮ ਨਹੀਂ ਚੁੱਕ ਸਕਦੀ ਸੀ? ਜਦੋਂ ਕਿਸੇ ਵਿਅਕਤੀ ਦੀ ਹੱਤਿਆ ਹੁੰਦੀ ਹੈ ਤਾਂ ਇਨਸਾਫ਼ ਸਿਰਫ਼ ਪਰਿਵਾਰ ਦੀ ਮੰਗ ਨਹੀਂ, ਸਗੋਂ ਕਾਨੂੰਨ ਦੇ ਰਾਜ ਦੀ ਬੁਨਿਆਦੀ ਲੋੜ ਹੁੰਦਾ ਹੈ। ਸੀਬੀਆਈ ਜਾਂਚ ਦਾ ਐਲਾਨ ਆਪਣੇ ਆਪ 'ਚ ਇਨਸਾਫ਼ ਦੀ ਗਾਰੰਟੀ ਨਹੀਂ। ਅਸਲ ਗੱਲ ਇਹ ਹੈ ਕਿ ਜਾਂਚ ਨਿਰਪੱਖ ਹੋਵੇ, ਸਬੂਤਾਂ ਦੀਆਂ ਕੜੀਆਂ ਜੋੜੀਆਂ ਜਾਣ ਅਤੇ ਜੇ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲੇ। ਕਿਸੇ ਵੀ ਸਿਆਸੀ ਦਬਾਅ ਜਾਂ ਪ੍ਰਭਾਵ ਤੋਂ ਉੱਪਰ ਉੱਠ ਕੇ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਪਰਵਿੰਦਰ ਝੋਟਾ ਦੇ ਪਰਿਵਾਰ ਨੂੰ ਸਿਰਫ਼ ਭਰੋਸੇ ਨਹੀਂ, ਇਨਸਾਫ਼ ਮਿਲਣਾ ਚਾਹੀਦਾ ਹੈ। ਅਮਿਤ ਸ਼ਾਹ ਵੱਲੋਂ 2029 ਤੱਕ ਨਸ਼ਾ-ਮੁਕਤ ਪੰਜਾਬ ਦਾ ਟੀਚਾ ਮਿੱਥਣਾ ਚੰਗੀ ਗੱਲ ਹੈ ਪਰ ਇਸ ਟੀਚੇ ਤੱਕ ਪਹੁੰਚਣ ਲਈ ਠੋਸ ਕਾਰਜ ਯੋਜਨਾ ਵੀ ਸਾਹਮਣੇ ਆਉਣੀ ਚਾਹੀਦੀ ਹੈ। ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ, ਨਸ਼ੇ ਦੇ ਆਦੀ ਨੌਜਵਾਨਾਂ ਦੇ ਇਲਾਜ, ਮੁੜ ਵਸੇਬੇ ਤੇ ਰੁਜ਼ਗਾਰ ਦੇ ਮੌਕਿਆਂ ਲਈ ਕੇਂਦਰ ਤੇ ਸੂਬਾ ਸਰਕਾਰ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਸਿਰਫ਼ ਛੋਟੇ ਤਸਕਰਾਂ ਨੂੰ ਫੜ ਕੇ ਆਪਣੀ ਪਿੱਠ ਥਾਪੜਨ ਨਾਲ ਇਹ ਜੰਗ ਨਹੀਂ ਜਿੱਤੀ ਜਾ ਸਕਦੀ। ਅਮਿਤ ਸ਼ਾਹ ਦੀ ਪ੍ਰੈੱਸ ਕਾਨਫਰੰਸ ਨੇ ਨਸ਼ਿਆਂ ਦੇ ਮੁੱਦੇ ਨੂੰ ਮੁੜ ਸਿਆਸੀ ਬਹਿਸ ਦੇ ਕੇਂਦਰ 'ਚ ਲਿਆਂਦਾ ਹੈ ਪਰ ਪੰਜਾਬ ਦੇ ਲੋਕ

ਪੰਜਾਬ ਦੀਆਂ ਤਕਲੀਫਾਂ ਅਤੇ ਸਮੇਂ ਦੀ ਪੁਕਾਰ

ਇੰਦਰਪ੍ਰੀਤ ਸਿੰਘ

ਪੰਜਾਬ ਦੀ ਧਰਤੀ ਦਾ ਸੁਭਾਅ ਹੀ ਕੁਝ ਅਜਿਹਾ ਹੈ ਕਿ ਇਹ ਵੰਡੀਆਂ ਨੂੰ ਸਵੀਕਾਰ ਤਾਂ ਕਰ ਲੈਂਦੀ ਹੈ ਪਰ ਦਿਲਾਂ 'ਚ ਖਿੱਚੀਆਂ ਲਕੀਰਾਂ ਨੂੰ ਕਦੇ ਮਨੋਂ ਨਹੀਂ ਮੰਨਦੀ। ਰਾਵੀ, ਚਨਾਬ, ਝਨਾਂ ਤੇ ਸਤਲੁਜ ਦੇ ਪਾਣੀਆਂ 'ਚ ਪਤਾ ਨਹੀਂ ਕਿੰਨੀਆਂ ਸਾਂਝੀਆਂ ਯਾਦਾਂ ਵਹਿੰਦੀਆਂ ਹਨ। ਇਸ ਧਰਤੀ ਦੀ ਬੋਲੀ ਇਕ, ਗੀਤਾਂ ਦੀ ਤੜਪ ਇਕ, ਖੇਤਾਂ ਦੀ ਮਹਿਕ ਇਕ ਤੇ ਵਿਛੋੜੇ ਦੀ ਪੀੜ ਵੀ ਇਕੋ ਜਿਹੀ ਹੈ ਪਰ ਸਿਆਸਤ ਨੇ ਨਕਸ਼ੇ 'ਤੇ ਅਜਿਹੀ ਲਕੀਰ ਵਾਹੀ ਕਿ ਭਰਾਵਾਂ ਦੇ ਘਰਾਂ ਵਿਚਕਾਰ ਸਰਹੱਦ ਖੜ੍ਹੀ ਹੋ ਗਈ। ਪੰਜਾਬ ਵਿਧਾਨ ਸਭਾ 'ਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਹੌਰ 'ਚ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਸੱਦਾ ਮਿਲਣ ਦੀ ਗੱਲ ਨੇ ਇਕ ਵਾਰ ਫਿਰ ਇਸ ਸਵਾਲ ਨੂੰ ਸਾਡੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਪਾਕਿਸਤਾਨ ਦੇ ਨਾਮਵਰ ਸ਼ਾਇਰ ਬਾਬਾ ਬਸ਼ੀਰ ਹੁਸੈਨ ਨਜ਼ਮੀ ਨੇ ਉਨ੍ਹਾਂ ਨੂੰ 27 ਨਵੰਬਰ ਤੋਂ ਲਾਹੌਰ 'ਚ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ 'ਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਮੁੱਖ ਮੰਤਰੀ ਨੇ ਤਨਜ਼ ਕੀਤਾ ਕਿ ਜਿਹੜੀ ਕੇਂਦਰ ਸਰਕਾਰ ਉਨ੍ਹਾਂ ਨੂੰ ਫਰਾਂਸ ਜਾਣ ਦੀ ਇਜਾਜ਼ਤ ਨਹੀਂ ਦਿੰਦੀ, ਉਹ ਪਾਕਿਸਤਾਨ ਜਾਣ ਦੀ ਮਨਜ਼ੂਰੀ ਕਿੱਥੋਂ ਦੇਵੇਗੀ? ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਕਹਿ ਦਿੱਤਾ ਕਿ ਜੇ ਤੁਸੀਂ ਗਏ ਤਾਂ ਸਾਨੂੰ ਵੀ ਨਾਲ ਲੈ ਚੱਲਣਾ। ਇਸ ਮਗਰੋਂ ਹੋਰ ਵਿਧਾਇਕਾਂ ਨੇ ਕਰਤਾਰਪੁਰ ਸਾਹਿਬ ਤੇ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਜ਼ਾਹਰ ਕੀਤੀ। ਗੱਲ ਹਾਸੇ-ਮਜ਼ਾਕ 'ਚ ਸ਼ੁਰੂ ਹੋਈ ਪਰ ਇਸ ਦੇ ਪਿੱਛੇ ਇਕ ਪੂਰੀ ਕੌਮ ਦੀ ਹੂਕ ਲੁਕੀ ਹੋਈ ਹੈ। ਜਿਹੜੇ ਲੋਕ ਆਪਣੇ ਹੀ ਵੱਡੇ-ਵਡੇਰਿਆਂ ਦੀ ਧਰਤੀ ਉੱਤੇ ਜਾਣਾ ਚਾਹੁੰਦੇ ਹਨ, ਉਹ ਕੋਈ ਸਰਹੱਦਾਂ ਢਾਹੁਣ ਦੀ ਸਾਜ਼ਿਸ਼ ਨਹੀਂ ਕਰ ਰਹੇ। ਉਹ ਤਾਂ ਆਪਣੀ ਮਿੱਟੀ ਦੀ ਖੁਸ਼ਬੂ ਲੈਣੀ ਚਾਹੁੰਦੇ ਹਨ, ਵਿਛੜੇ ਗੁਰਧਾਮਾਂ 'ਚ ਮੱਥਾ ਟੇਕਣਾ ਚਾਹੁੰਦੇ ਹਨ ਤੇ ਆਪਣੀ ਬੋਲੀ ਦੇ ਲੋਕਾਂ ਨੂੰ ਗਲ਼ੇ ਮਿਲਣਾ ਚਾਹੁੰਦੇ ਹਨ ਪਰ ਅਫ਼ਸੋਸ, ਸਿਆਸਤ ਨੇ ਇਨ੍ਹਾਂ ਸਧਾਰਨ ਮਨੁੱਖੀ ਇੱਛਾਵਾਂ ਨੂੰ ਵੀ ਇਜਾਜ਼ਤਾਂ, ਸ਼ੱਕਾਂ ਤੇ ਸੁਰੱਖਿਆ ਦੀਆਂ ਫਾਈਲਾਂ 'ਚ ਬੰਦ ਕਰ ਦਿੱਤਾ ਹੈ। ਦੋਵੇਂ ਪਾਸੇ ਦੇ ਹੁਕਮਰਾਨਾਂ ਦੀ ਸਿਆਸਤ ਭਾਵੇਂ ਜਿਹੋ ਜਿਹੀ ਵੀ ਰਹੀ ਹੋਵੇ, ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਵਸਦੀ ਸਾਂਝ ਨੂੰ ਮੁੜ ਜਗਾਉਣ ਲਈ ਯਤਨ ਹੁੰਦੇ ਰਹੇ ਹਨ। ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਸਰਹੱਦ ਦੇ ਆਰ-ਪਾਰ ਨਫ਼ਰਤ ਦੀਆਂ ਕੰਧਾਂ ਉੱਚੀਆਂ ਹੁੰਦੀਆਂ ਰਹੀਆਂ ਪਰ ਪੰਜਾਬ ਦੀਆਂ ਸਿਆਸੀ ਹਸਤੀਆਂ 'ਚੋਂ ਕਈਆਂ ਨੇ ਇਨ੍ਹਾਂ ਕੰਧਾਂ 'ਚ ਮੋਹ ਦੀਆਂ ਤਾਕੀਆਂ ਖੋਲ੍ਹਣ ਦੀ ਕੋਸ਼ਿਸ਼ ਵੀ ਕੀਤੀ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਵਜੋਂ ਪਹਿਲੇ ਕਾਰਜਕਾਲ ਦੌਰਾਨ ਦੋਹਾਂ ਪੰਜਾਬਾਂ ਦੀਆਂ ਸਾਂਝੀਆਂ ਖੇਡਾਂ ਕਰਵਾਈਆਂ ਗਈਆਂ। ਦਸੰਬਰ 2004 'ਚ ਪਟਿਆਲਾ ਵਿਖੇ ਹੋਈਆਂ ਵਿਸ਼ਵ ਪੰਜਾਬ ਖੇਡਾਂ 'ਚ ਸ਼ਾਮਲ ਹੋਣ ਲਈ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਵੀ ਆਏ। ਮਾਰਚ 2005 'ਚ ਕੈਪਟਨ ਅਮਰਿੰਦਰ ਸਿੰਘ ਖ਼ੁਦ ਪਾਕਿਸਤਾਨ ਗਏ ਤੇ ਦੋਹਾਂ ਪੰਜਾਬਾਂ ਵਿਚਕਾਰ ਸੱਭਿਆਚਾਰਕ, ਖੇਡ ਤੇ ਵਪਾਰਕ ਸਾਂਝ ਵਧਾਉਣ ਦੇ ਯਤਨ ਕੀਤੇ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਵੀ ਨਵੰਬਰ 2012 'ਚ ਪੰਜਾਬ ਦੇ ਉਪ ਮੁੱਖ ਮੰਤਰੀ ਵਜੋਂ ਪਾਕਿਸਤਾਨ ਗਏ। ਉਨ੍ਹਾਂ ਨਾਲ ਮੰਤਰੀਆਂ, ਵਪਾਰੀਆਂ ਤੇ ਹੋਰ ਨੁਮਾਇੰਦਿਆਂ ਦਾ ਵਫ਼ਦ ਵੀ ਸੀ। ਲਾਹੌਰ 'ਚ ਏਸ਼ੀਆ ਕਬੱਡੀ ਕੱਪ ਦੇ ਮੌਕੇ ਉਨ੍ਹਾਂ ਨੇ ਦੋਹਾਂ ਪੰਜਾਬਾਂ ਵਿਚਕਾਰ ਖੇਡਾਂ ਦੇ ਹੋਰ ਮੁਕਾਬਲੇ ਕਰਵਾਉਣ ਤੇ ਵਪਾਰਕ ਰਿਸ਼ਤੇ ਮਜ਼ਬੂਤ ਕਰਨ ਦੀ ਵਕਾਲਤ ਕੀਤੀ। ਇਸ ਸਾਂਝ ਨੂੰ ਅੱਗੇ ਵਧਾਉਣ 'ਚ ਨਵਜੋਤ ਸਿੰਘ ਸਿੱਧੂ ਤੇ ਇਮਰਾਨ ਖ਼ਾਨ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਕ੍ਰਿਕਟ ਦੇ ਮੈਦਾਨ 'ਚ ਕਦੇ ਇਕ-ਦੂਜੇ ਦੇ ਮੁਕਾਬਲੇ ਖੇਡਣ ਵਾਲੇ ਇਹ ਦੋਵੇਂ ਚਿਹਰੇ ਬਾਅਦ 'ਚ ਸਿਆਸਤ 'ਚ ਆਏ। ਅਗਸਤ 2018 'ਚ ਇਮਰਾਨ ਖ਼ਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣ ਲਈ ਸਿੱਧੂ ਪਾਕਿਸਤਾਨ ਗਏ। ਇਸ ਦੌਰੇ ਦੌਰਾਨ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਸੰਭਾਵਨਾ ਬਾਰੇ ਗੱਲ ਅੱਗੇ ਵਧੀ। ਨਵੰਬਰ 2018 'ਚ ਦੋਵੇਂ ਪਾਸਿਆਂ 'ਤੇ ਲਾਂਘੇ ਦੇ ਨੀਂਹ-ਪੱਥਰ ਰੱਖੇ ਗਏ। ਭਾਰਤ ਸਰਕਾਰ ਨੇ ਵੀ ਲਾਂਘੇ ਦੀ ਉਸਾਰੀ ਤੇ ਯਾਤਰਾ ਦੇ ਪ੍ਰਬੰਧਾਂ ਨੂੰ ਮਨਜ਼ੂਰੀ ਦਿੱਤੀ। ਆਖ਼ਰਕਾਰ 9 ਨਵੰਬਰ 2019 ਨੂੰ ਲਾਂਘਾ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ। ਉਸ ਦਿਨ ਸਿਰਫ਼ ਇਕ ਰਸਤਾ ਨਹੀਂ ਖੁੱਲ੍ਹਿਆ ਸੀ; ਲੱਖਾਂ ਨਾਨਕ ਨਾਮ ਲੇਵਾ ਦੀਆਂ ਅੱਖਾਂ 'ਚ ਵਰ੍ਹਿਆਂ ਤੋਂ ਅਟਕੀ ਉਡੀਕ ਨੂੰ ਰਾਹ ਮਿਲਿਆ ਸੀ। ਜਿਹੜੇ ਲੋਕ ਦੂਰਬੀਨਾਂ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਸਨ, ਉਹ ਹੁਣ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਧਰਤੀ 'ਤੇ ਜਾ ਸਕਦੇ ਸਨ ਪਰ ਅੱਜ ਉਹੀ ਲਾਂਘਾ ਮੁੜ ਬੰਦ ਹੈ। 7 ਮਈ 2025 ਤੋਂ ਭਾਰਤ ਵਾਲੇ ਪਾਸੇ ਇਸ ਦੀਆਂ ਸੇਵਾਵਾਂ ਸੁਰੱਖਿਆ ਹਾਲਾਤ ਦੇ ਹਵਾਲੇ ਨਾਲ ਮੁਅੱਤਲ ਹਨ ਤੇ ਅਗਸਤ 2026 ਤੱਕ ਕੇਂਦਰ ਸਰਕਾਰ ਨੇ ਇਸ ਨੂੰ ਮੁੜ ਖੋਲ੍ਹਣ ਬਾਰੇ ਕੋਈ ਸਮਾਂ-ਸੀਮਾ ਨਹੀਂ ਦਿੱਤੀ। ਸੁਰੱਖਿਆ ਦੀਆਂ ਚਿੰਤਾਵਾਂ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ ਪਰ ਇਸ ਬੰਦਸ਼ ਦਾ ਦਰਦ ਉਨ੍ਹਾਂ ਸ਼ਰਧਾਲੂਆਂ ਤੋਂ ਪੁੱਛਿਆ ਜਾਵੇ ਜਿਨ੍ਹਾਂ ਲਈ ਕਰਤਾਰਪੁਰ ਸਿਰਫ਼ ਇਕ ਗੁਰਦੁਆਰਾ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਜੁੜੀ ਰੂਹਾਨੀ ਤਾਂਘ ਹੈ।



ਇਹੋ ਤਾਂ ਪੰਜਾਬ ਦਾ ਦੁਖਾਂਤ ਹੈ। ਜਦੋਂ ਰਿਸ਼ਤੇ ਸੁਧਰਨ ਦੀ ਆਸ ਬੱਝਦੀ ਹੈ, ਕੋਈ ਘਟਨਾ ਜਾਂ ਤਣਾਅ ਉਨ੍ਹਾਂ ਨੂੰ ਮੁੜ ਪਿੱਛੇ ਧੱਕ ਦਿੰਦਾ ਹੈ। ਨਫ਼ਰਤ ਦੀ ਅੱਗ ਕਿੱਥੇ ਲੱਗਦੀ ਹੈ, ਇਸ ਦਾ ਫ਼ੈਸਲਾ ਅਕਸਰ ਹੁਕਮਰਾਨ ਕਰਦੇ ਹਨ ਪਰ ਇਸ ਦੀਆਂ ਲਪਟਾਂ ਸਭ ਤੋਂ ਪਹਿਲਾਂ ਆਮ ਲੋਕਾਂ ਦੇ ਘਰਾਂ, ਰੋਜ਼ਗਾਰ ਤੇ ਦਿਲਾਂ ਤੱਕ ਪਹੁੰਚਦੀਆਂ ਹਨ। ਇਸੇ ਪਿਛੋਕੜ 'ਚ ਭਗਵੰਤ ਮਾਨ ਨੂੰ ਲਾਹੌਰ ਦੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਸੱਦਾ ਮਿਲਣ ਦੀ ਗੱਲ ਮਹਿਜ਼ ਇਕ ਸਿਆਸੀ ਖ਼ਬਰ ਨਹੀਂ ਰਹਿ ਜਾਂਦੀ। ਇਹ ਉਸ ਸਾਂਝ ਦੀ ਯਾਦ ਦਿਵਾਉਂਦੀ ਹੈ, ਜਿਸ ਨੂੰ ਸਿਆਸਤ ਵਾਰ-ਵਾਰ ਦਬਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਲੋਕਾਂ ਦੇ ਦਿਲਾਂ 'ਚੋਂ ਮਿਟਾ ਨਹੀਂ ਸਕਦੀ। ਸਵਾਲ ਇਹ ਨਹੀਂ ਕਿ ਦੋਹਾਂ ਦੇਸ਼ਾਂ ਵਿਚਕਾਰ ਸਾਰੇ ਮਸਲੇ ਇੱਕੋ ਦਿਨ ਹੱਲ ਹੋ ਜਾਣਗੇ। ਸਵਾਲ ਇਹ ਹੈ ਕਿ ਕੀ ਮਸਲੇ ਹੱਲ ਕਰਨ ਦੇ ਨਾਲ-ਨਾਲ ਲੋਕਾਂ ਦੇ ਰਿਸ਼ਤਿਆਂ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਵੀ ਜਾਰੀ ਰਹੇਗੀ? ਸਿਆਸਤ ਦਾ ਪਰਛਾਵਾਂ ਖੇਡਾਂ 'ਤੇ ਵੀ ਪੈ ਰਿਹਾ ਹੈ। ਪੰਜਾਬ 'ਚ ਹੋਣ ਵਾਲੀ ਮਰਦਾਂ ਦੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਹਾਕੀ 'ਚ ਪਾਕਿਸਤਾਨ ਦੀ ਟੀਮ ਇਸ ਵਾਰ ਸ਼ਾਮਲ ਨਹੀਂ ਹੋ ਰਹੀ। ਪਾਕਿਸਤਾਨ ਨੇ ਨਿਰਪੱਖ ਥਾਂ 'ਤੇ ਮੈਚ ਕਰਵਾਉਣ ਦੀ ਮੰਗ ਮਨਜ਼ੂਰ ਨਾ ਹੋਣ ਮਗਰੋਂ ਟੂਰਨਾਮੈਂਟ 'ਚੋਂ ਹਟਣ ਦਾ ਫ਼ੈਸਲਾ ਕੀਤਾ ਤੇ ਉਸ ਦੀ ਥਾਂ ਬੰਗਲਾਦੇਸ਼ ਨੂੰ ਸ਼ਾਮਲ ਕੀਤਾ ਗਿਆ। ਇਸ ਨਾਲ ਭਾਰਤ-ਪਾਕਿਸਤਾਨ ਦੇ ਰਵਾਇਤੀ ਹਾਕੀ ਮੁਕਾਬਲੇ ਦੀ ਉਡੀਕ ਕਰ ਰਹੇ ਖੇਡ ਪ੍ਰੇਮੀਆਂ ਨੂੰ ਨਿਰਾਸ਼ਾ ਹੋਈ ਹੈ। ਭਾਰਤ ਤੇ ਪਾਕਿਸਤਾਨ ਵਿਚਕਾਰ ਵਪਾਰਕ ਰਿਸ਼ਤਿਆਂ 'ਤੇ ਪਾਬੰਦੀਆਂ ਤੇ ਸਰਹੱਦ ਪਾਰ ਆਵਾਜਾਈ 'ਚ ਰੁਕਾਵਟਾਂ ਦਾ ਅਸਰ ਵੀ ਪੰਜਾਬ 'ਤੇ ਖ਼ਾਸ ਤੌਰ 'ਤੇ ਪੈਂਦਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਇਸ ਨੂੰ ਦੱਖਣੀ ਏਸ਼ੀਆ ਦੇ ਵਪਾਰ ਲਈ ਇਕ ਕੁਦਰਤੀ ਪੁਲ ਬਣਾ ਸਕਦੀ ਸੀ। ਖੇਤੀਬਾੜੀ ਉਤਪਾਦ, ਉਦਯੋਗਿਕ ਸਾਮਾਨ, ਦਵਾਈਆਂ ਤੇ ਹੋਰ ਵਸਤਾਂ ਦਾ ਵਪਾਰ ਦੋਹਾਂ ਪਾਸਿਆਂ ਦੇ ਲੋਕਾਂ ਲਈ ਲਾਹੇਵੰਦ ਹੋ ਸਕਦਾ ਸੀ ਪਰ ਜਦੋਂ ਰਾਜਨੀਤਕ ਤਣਾਅ ਵਧਦਾ ਹੈ ਤਾਂ ਸਰਹੱਦੀ ਇਲਾਕਿਆਂ ਦੇ ਵਪਾਰੀ, ਟਰਾਂਸਪੋਰਟਰ, ਮਜ਼ਦੂਰ ਤੇ ਛੋਟੇ ਕਾਰੋਬਾਰੀ ਸਭ ਤੋਂ ਪਹਿਲਾਂ ਇਸ ਦੀ ਮਾਰ ਹੇਠ ਆਉਂਦੇ ਹਨ। ਸੁਰੱਖਿਆ ਦੇ ਮਸਲੇ ਨੂੰ ਹਲਕੇ 'ਚ ਲੈਣ ਦੀ ਗੱਲ ਕੋਈ ਨਹੀਂ ਕਰਦਾ। ਦੇਸ਼ ਦੀ ਅਖੰਡਤਾ ਤੇ ਲੋਕਾਂ ਦੀ ਜਾਨ ਦੀ ਰਾਖੀ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਇਕ ਸਵਾਲ ਪੰਜਾਬ ਵੱਲੋਂ ਵੀ ਪੁੱਛਿਆ ਜਾਣਾ ਚਾਹੀਦਾ ਹੈ: ਜੇ ਕੌਮੀ ਸੁਰੱਖਿਆ ਦੇ ਨਾਂ 'ਤੇ ਸਰਹੱਦੀ ਵਪਾਰ, ਸੱਭਿਆਚਾਰਕ ਸਾਂਝ ਤੇ ਲੋਕਾਂ ਦੇ ਆਪਸੀ ਸੰਪਰਕ 'ਤੇ ਲੰਮੇ ਸਮੇਂ ਤੱਕ ਰੋਕਾਂ ਲੱਗਦੀਆਂ ਹਨ, ਤਾਂ ਇਸ ਦੀ ਆਰਥਿਕ ਤੇ ਸਮਾਜਿਕ ਕੀਮਤ ਕੌਣ ਭਰਦਾ ਹੈ? ਕੀ ਪੰਜਾਬ ਦੇ ਕਿਸਾਨਾਂ, ਵਪਾਰੀਆਂ ਤੇ ਸਰਹੱਦੀ ਪਿੰਡਾਂ ਲਈ ਕੋਈ ਖ਼ਾਸ ਰਾਹਤ ਜਾਂ ਮੁਆਵਜ਼ੇ ਦੀ ਨੀਤੀ ਹੈ? ਕੀ ਉਨ੍ਹਾਂ ਦੇ ਨੁਕਸਾਨ ਦਾ ਕਦੇ ਪੂਰਾ ਹਿਸਾਬ ਲਾਇਆ ਜਾਂਦਾ ਹੈ? ਪੰਜਾਬ ਨੂੰ ਸਿਰਫ਼ ਸਰਹੱਦ ਦੀ ਰਾਖੀ ਕਰਨ ਵਾਲੀ ਚੌਕੀ ਸਮਝਣਾ ਬੇਇਨਸਾਫ਼ੀ ਹੈ। ਇਹ ਇਕ ਜੀਉਂਦਾ-ਜਾਗਦਾ ਸੂਬਾ ਹੈ, ਜਿਸ ਦੇ ਲੋਕਾਂ ਨੂੰ ਰੋਜ਼ਗਾਰ, ਵਪਾਰ, ਸਿੱਖਿਆ, ਸਿਹਤ ਤੇ ਤਰੱਕੀ ਦੇ ਬਰਾਬਰ ਮੌਕੇ ਚਾਹੀਦੇ ਹਨ। ਜੇ ਦੇਸ਼ ਦੀ ਸੁਰੱਖਿਆ ਲਈ ਪੰਜਾਬ ਕੋਈ ਵਾਧੂ ਬੋਝ ਝੱਲਦਾ ਹੈ ਤਾਂ ਉਸ ਦੀ ਆਰਥਿਕ ਮਜ਼ਬੂਤੀ ਲਈ ਵੀ ਕੇਂਦਰ ਦੀ ਖ਼ਾਸ ਜ਼ਿੰਮੇਵਾਰੀ ਬਣਦੀ ਹੈ।

ਅਮਰੀਕਾ ਦੇ ਸਾਹਮਣੇ ਟਿਕਿਆ ਰਿਹਾ ਭਾਰਤ



ਸੰਜੇ ਗੁਪਤ


ਹਾਲ ਹੀ 'ਚ ਪਹਿਲਾਂ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀ ਤੇ ਫਿਰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਪ੍ਰਤੀ ਜੋ ਨਰਮੀ ਦਿਖਾਈ, ਉਹ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਕੌਮਾਂਤਰੀ ਸਬੰਧਾਂ 'ਚ ਕੌਮੀ ਹਿੱਤ ਸਭ ਤੋਂ ਵੱਧ ਮਹੱਤਵ ਰੱਖਦੇ ਹਨ। ਟਰੰਪ ਦਾ ਇਹ ਕਹਿਣਾ ਜ਼ਿਕਰਯੋਗ ਹੈ ਕਿ ਉਹ ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ ਕਾਫ਼ੀ ਨੇੜੇ ਹਨ ਤੇ ਇਹ ਸਮਝੌਤਾ ਵੱਖਰੀ ਕਿਸਮ ਦਾ ਹੋਵੇਗਾ ਪਰ ਆਖ਼ਰ ਉਨ੍ਹਾਂ 'ਤੇ ਕਿੰਨਾ ਭਰੋਸਾ ਕੀਤਾ ਜਾਵੇ, ਕਿਉਂਕਿ ਉਹ ਪਹਿਲਾਂ ਵੀ ਅਜਿਹਾ ਕਹਿ ਚੁੱਕੇ ਹਨ। ਟਰੰਪ ਦੀਆਂ ਨੀਤੀਆਂ ਬੇਭਰੋਸਗੀ ਦੀਆਂ ਪ੍ਰਤੀਕ ਹਨ। ਉਹ ਕਦੇ ਕਿਸੇ ਦੇਸ਼, ਇੱਥੋਂ ਤੱਕ ਕਿ ਆਪਣੇ ਸਹਿਯੋਗੀ ਦੇਸ਼ਾਂ 'ਤੇ ਵੀ ਭਾਰੀ ਟੈਰਿਫ ਲਗਾਉਣ ਜਾਂ ਪਾਬੰਦੀਆਂ ਆਇਦ ਕਰਨ ਦੀਆਂ ਧਮਕੀਆਂ ਦਿੰਦੇ ਹਨ ਤੇ ਫਿਰ ਆਪਣੀ ਗੱਲ ਤੇ ਫ਼ੈਸਲਿਆਂ ਤੋਂ ਪਿੱਛੇ ਹਟ ਜਾਂਦੇ ਹਨ। ਉਨ੍ਹਾਂ ਦੇ ਇਸ ਅਸਥਿਰ ਰਵੱਈਏ ਦਾ ਸਾਹਮਣਾ ਭਾਰਤ ਵੀ ਕਰਦਾ ਆ ਰਿਹਾ ਹੈ ਪਰ ਭਾਰਤ ਨੇ ਉਨ੍ਹਾਂ ਦੀਆਂ ਬੇਤੁਕੀਆਂ ਬਿਆਨਬਾਜ਼ੀਆਂ ਦਾ ਜਵਾਬ ਹਮੇਸ਼ਾ ਸੰਜਮ ਤੇ ਦ੍ਰਿੜ੍ਹਤਾ ਨਾਲ ਦਿੱਤਾ ਹੈ ਤੇ ਉਨ੍ਹਾਂ ਦੇ ਦਬਾਅ ਅੱਗੇ ਝੁਕਣ ਤੋਂ ਇਨਕਾਰ ਕੀਤਾ ਹੈ। ਅਜਿਹਾ ਕਰ ਕੇ ਉਸ ਨੇ ਅਮਰੀਕਾ ਤੇ ਦੁਨੀਆ ਨੂੰ ਇਹੀ ਸੰਦੇਸ਼ ਦਿੱਤਾ ਹੈ ਕਿ ਉਹ ਆਪਣੇ ਕੌਮੀ ਹਿੱਤਾਂ ਦੀ ਰੱਖਿਆ ਲਈ ਕਿਸੇ ਦੇ ਦਬਾਅ ਹੇਠ ਆਉਣ ਵਾਲਾ ਨਹੀਂ ਹੈ। ਇਸ ਦਾ ਵੱਡਾ ਸਬੂਤ ਇਹ ਹੈ ਕਿ ਭਾਰਤ ਨੇ ਅਮਰੀਕਾ ਦੇ ਇਸ ਦਬਾਅ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਰੂਸ ਤੋਂ ਤੇਲ ਨਾ ਖ਼ਰੀਦੇ। ਇਸ ਮਾਮਲੇ 'ਚ ਭਾਰਤ ਨੇ ਅਮਰੀਕੀ ਧਮਕੀਆਂ ਦੇ ਜਵਾਬ 'ਚ ਇਹੀ ਦੁਹਰਾਇਆ ਕਿ ਉਹ ਆਪਣੇ ਊਰਜਾ ਹਿੱਤਾਂ ਦੀ ਪੂਰਤੀ ਲਈ ਜੋ ਵੀ ਸੰਭਵ ਹੋਵੇਗਾ, ਉਹ ਕਰੇਗਾ। ਇਸ ਦੇ ਬਾਵਜੂਦ ਸਾਡੇ ਕੁਝ ਵਿਰੋਧੀ ਆਗੂਆਂ, ਖ਼ਾਸ ਕਰ ਰਾਹੁਲ ਗਾਂਧੀ ਨੇ ਇਹ ਰੌਲਾ ਪਾਉਣਾ ਬੰਦ ਨਹੀਂ ਕੀਤਾ ਕਿ ਮੋਦੀ ਸਰਕਾਰ ਟਰੰਪ ਅੱਗੇ ਨਤਮਸਤਕ ਹੈ ਜਾਂ ਉਨ੍ਹਾਂ ਦੇ ਦਬਾਅ ਹੇਠ ਹੈ। ਪਤਾ ਨਹੀਂ ਹੁਣ ਉਹ ਕੀ ਕਹਿਣਗੇ? ਟਰੰਪ ਦਾ ਇਹ ਕਹਿਣਾ ਸਕਾਰਾਤਮਕ ਜ਼ਰੂਰ ਹੈ ਕਿ ਉਹ ਭਾਰਤ ਨਾਲ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਜਾ ਰਹੇ ਹਨ। ਉਨ੍ਹਾਂ ਦੇ ਵਿਦੇਸ਼ ਮੰਤਰੀ ਦਾ ਇਹ ਕਹਿਣਾ ਵੀ ਮਹੱਤਵਪੂਰਨ ਹੈ ਕਿ ਭਾਰਤ ਤੇਲ ਸੋਧਣ ਦੇ ਖੇਤਰ 'ਚ ਇਕ ਮਹਾਸ਼ਕਤੀ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਅਮਰੀਕਾ ਅਚਾਨਕ ਭਾਰਤ ਪ੍ਰਤੀ ਉਦਾਰ ਹੋ ਗਿਆ ਹੈ, ਸਗੋਂ ਅਸਲ ਕਾਰਨ ਇਹ ਹੈ ਕਿ ਉਹ ਊਰਜਾ ਸੰਕਟ ਨਾਲ ਘਿਰ ਗਿਆ ਹੈ ਤੇ ਇਸ ਦੇ ਹੱਲ 'ਚ ਭਾਰਤ ਉਸ ਦੀ ਮਦਦ ਕਰ ਸਕਦਾ ਹੈ। ਕੁਝ ਦਿਨ ਪਹਿਲਾਂ ਤੱਕ ਜਿਹੜਾ ਅਮਰੀਕਾ ਇਕ ਵਿਸ਼ੇਸ਼ ਕਾਨੂੰਨ ਬਣਾ ਕੇ ਰੂਸ ਤੋਂ ਤੇਲ ਖ਼ਰੀਦਣ ਦੇ ਮਾਮਲੇ 'ਚ ਭਾਰਤ ਸਮੇਤ ਪੰਜ ਦੇਸ਼ਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਜਾ ਰਿਹਾ ਸੀ, ਉਸ ਨੇ ਅਚਾਨਕ ਆਪਣੇ ਕਦਮ ਪਿੱਛੇ ਖਿੱਚ ਲਏ। ਇਸ ਦਾ ਕਾਰਨ ਕੌਮਾਂਤਰੀ ਪੱਧਰ 'ਤੇ ਡੂੰਘਾ ਹੋ ਰਿਹਾ ਊਰਜਾ ਸੰਕਟ ਹੈ। ਈਰਾਨ ਨਾਲ ਅਮਰੀਕਾ ਦੇ ਟਕਰਾਅ ਤੇ ਯੂਕਰੇਨ ਵੱਲੋਂ ਰੂਸ ਦੇ ਤੇਲ ਸਰੋਤਾਂ 'ਤੇ ਕ

ਸਾਡੀ ਰਸੋਈ ਦੇ ਬਿਹਤਰੀਨ ਖਾਣੇ

ਸਿਆਣੇ ਕਹਿੰਦੇ ਨੇ ਕਿ ਜੇ ਅੱਜ ਦੇ ਦੌਰ ਵਿਚ ਤੰਦਰੁਸਤ ਰਹਿਣਾ ਹੈ, ਤਾਂ ਸਾਨੂੰ ਆਪਣੀਆਂ ਜੜ੍ਹਾਂ ਵੱਲ ਮੁੜਨਾ ਪਵੇਗਾ। ਕੀ ਤੁਸੀਂ ਕਦੇ ਸੋਚਿਆ ਹੈ ਕਿ ਸਾਡੇ ਬਜ਼ੁਰਗਾਂ ਦੀ ਜ਼ਿੰਦਗੀ ਵਿਚ ਸਹੂਲਤਾਂ ਭਾਵੇਂ ਘੱਟ ਸਨ, ਪਰ ਉਹ

ਗੁਰਬਾਜ਼ ਸਿੰਘ

ਸਰੀਰਕ ਤੌਰ 'ਤੇ ਮਿਹਨਤੀ ਅਤੇ ਖੁਰਾਕ ਦੇ ਮਾਮਲੇ ਵਿਚ ਕਿੰਨੇ ਸਿਆਣੇ ਸਨ? ਉਨ੍ਹਾਂ ਦੀ ਰਸੋਈ ਵਿਚ ਬਾਜਰੇ ਦੀ ਰੋਟੀ, ਮੱਕੀ, ਜਵਾਰ, ਸਰ੍ਹੋਂ ਦਾ ਸਾਗ, ਦਾਲਾਂ, ਦੁੱਧ, ਦਹੀਂ ਅਤੇ ਲੱਸੀ ਵਰਗੀਆਂ ਸਾਦੀਆਂ ਤੇ ਕੁਦਰਤੀ ਚੀਜ਼ਾਂ



ਹੁੰਦੀਆਂ ਸਨ।

ਅੱਜ ਜਿਨ੍ਹਾਂ ਨੂੰ ਅਸੀਂ ਮਿਲਟਸ ਜਾਂ 'ਸੁਪਰਫੂਡ' ਕਹਿ ਕੇ ਬਾਜ਼ਾਰਾਂ ਵਿਚ ਦੁਬਾਰਾ ਲੱਭ ਰਹੇ ਹਾਂ, ਉਹ ਸਾਡੇ ਬਜ਼ੁਰਗਾਂ ਦੀ ਰਸੋਈ ਦਾ ਪਹਿਲਾਂ ਹੀ ਅਹਿਮ ਹਿੱਸਾ ਸਨ। ਬਾਜਰਾ ਸਿਰਫ਼ ਇਕ ਸਾਧਾਰਨ ਅਨਾਜ ਨਹੀਂ, ਬਲਕਿ ਪੋਸ਼ਕ ਤੱਤਾਂ ਦਾ ਖ਼ਜ਼ਾਨਾ ਹੈ। ਇਸ ਵਿਚ ਮੈਗਨੀਸ਼ੀਅਮ, ਕੈਲਸ਼ੀਅਮ, ਮੈਗਨੀਜ਼, ਫਾਸਫੋਰਸ, ਫਾਈਬਰ, ਵਿਟਾਮਿਨ-ਬੀ ਅਤੇ ਐਂਟੀ-ਆਕਸੀਡੈਂਟ ਭਰਪੂਰ ਮਾਤਰਾ ਵਿਚ ਮਿਲਦੇ ਹਨ।

ਇਹ ਤੱਤ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ ਅਤੇ ਇਸ ਵਿਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਦਰੁਸਤ ਰੱਖਦਾ ਹੈ। ਵਿਗਿਆਨਕ ਅਧਿਐਨਾਂ ਵਿਚ ਵੀ ਸਾਹਮਣੇ ਆਇਆ ਹੈ ਕਿ ਮਿਲਟਸ ਬਲੱਡ ਸ਼ੂਗਰ ਦੇ ਪ੍ਰਬੰਧਨ ਅਤੇ ਦਿਲ ਦੀ ਸਿਹਤ ਲਈ ਬੇਹੱਦ ਲਾਭਦਾਇਕ ਹਨ। ਸਾਡੇ ਬਜ਼ੁਰਗ ਇਹ ਸਭ ਕੁਝ ਕਿਤਾਬਾਂ ਵਿਚ ਪੜ੍ਹ ਕੇ ਨਹੀਂ, ਬਲਕਿ ਆਪਣੇ ਸਦੀਆਂ ਪੁਰਾਣੇ ਤਜਰਬੇ ਤੋਂ ਜਾਣਦੇ ਸਨ। ਪਰ ਅਫ਼ਸੋਸ! ਅੱਜ ਸਾਡੀ ਰਸੋਈ ਦੀ ਥਾਂ ਫਾਸਟਫੂਡ, ਵੱਧ ਨਮਕ-ਚੀਨੀ, ਤਲੀਆਂ ਹੋਈਆਂ ਅਤੇ ਬਹੁਤ ਜ਼ਿਆਦਾ ਪ੍ਰੋਸੈਸ ਕੀਤੀਆਂ ਚੀਜ਼ਾਂ ਨੇ ਲੈ ਲਈ ਹੈ।

ਜੀਭ ਦਾ ਸੁਆਦ ਕੁਝ ਪਲਾਂ ਦਾ ਹੁੰਦਾ ਹੈ ਪਰ ਅਜਿਹੀ ਖੁਰਾਕ ਨੂੰ ਰੋਜ਼ਾਨਾ ਦੀ ਆਦਤ ਬਣਾਉਣਾ ਸਿਹਤ ਲਈ ਵੱਡਾ ਖ਼ਤਰਾ ਹੈ। ਇਸ ਦੇ ਨਾਲ ਹੀ, ਸਾਨੂੰ ਖੇਤੀ ਵਿਚ ਵੀ ਬੇਲੋੜੇ ਕੀਟਨਾਸ਼ਕਾਂ ਅਤੇ ਰਸਾਇਣਾਂ ਦੀ ਵਰਤੋਂ ਤੋਂ ਬਚ ਕੇ ਸੁਰੱਖਿਅਤ ਖੇਤੀ ਅਤੇ ਸਾਫ਼-ਸੁਥਰੇ ਭੋਜਨ ਵੱਲ ਧਿਆਨ ਦੇਣ ਦੀ ਸਖ਼ਤ ਲੋੜ ਹੈ।

ਮੈਂ ਆਪਣੀ ਇਕ ਪੁਸਤਕ 'ਚ ਵੀ ਉਸ ਪੁਰਾਣੇ ਪੰਜਾਬ ਨੂੰ ਯਾਦ ਕੀਤਾ ਹੈ-ਜਿੱਥੇ ਸਹੂਲਤਾਂ ਘੱਟ ਸਨ ਪਰ ਖਾਣਾ ਸਾਦਾ, ਜੀਵਨ ਮਿਹਨਤੀ ਤੇ ਰਿਸ਼ਤਿਆਂ ਵਿਚ ਸੱਚੀ ਗਰਮਜੋਸ਼ੀ ਸੀ।

ਆ , ਉਨ੍ਹਾਂ ਚੰਗੀਆਂ ਗੱਲਾਂ ਨੂੰ ਆਪਣੀ ਜ਼ਿੰਦਗੀ ਵਿਚ ਵਾਪਸ ਲੈ ਕੇ ਆਈਏ। ਬਾਜਰੇ ਦੀ ਰੋਟੀ ਅਤੇ ਹੋਰ ਮਿਲਟਸ ਨੂੰ ਆਪਣੀ ਰਸੋਈ ਵਿਚ ਮੁੜ ਥਾਂ ਦੇ ਕੇ ਆਪਣੇ ਵਿਰਸੇ ਦੇ ਇਸ ਸਿਹਤਮੰਦ ਸਵਾਦ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਈਏ।

ਸਮੇਂ ਦੇ ਨਾਲ ਕੀ ਵਧਦਾ ਜਾ ਰਿਹਾ ਹੈ ਮਨੁੱਖ ਦਾ ਕੱਦ?

ਜੇਕਰ ਤੁਸੀਂ ਆਪਣੇ ਪੁਰਖਿਆਂ ਨਾਲ ਆਪਣੇ ਕੱਦ ਦੀ ਤੁਲਨਾ ਕਰੋ, ਤਾਂ ਬਹੁਤ ਸੰਭਾਵਨਾ ਹੈ ਕਿ ਤੁਸੀਂ ਉਨ੍ਹਾਂ ਨਾਲੋਂ ਵੱਧ ਲੰਬੇ ਹੋਵੋਗੇ। ਖੋਜ ਨਾਲ ਜੁੜੀ ਵੈੱਬਸਾਈਟ 'ਆਵਰ ਵਰਲਡ ਇਨ ਡੇਟਾ' ਦੇ ਮੁਤਾਬਕ, ਅੱਜ ਦੁਨੀਆ ਭਰ ਦੇ ਨੌਜਵਾਨਾਂ ਦਾ ਔਸਤ ਕੱਦ 100 ਸਾਲ ਪਹਿਲਾਂ ਦੇ ਉਨ੍ਹਾਂ ਦੇ ਪੁਰਖਿਆਂ ਨਾਲੋਂ ਲਗਭਗ 10 ਸੈਂਟੀਮੀਟਰ ਵੱਧ ਹੈ। ਸਾਲ 2016 ਵਿੱਚ ਹੋਏ ਇੱਕ ਅਧਿਐਨ ਵਿੱਚ 1896 ਅਤੇ 1996 ਵਿੱਚ ਪੈਦਾ ਹੋਏ ਲੋਕਾਂ ਦੀ ਤੁਲਨਾ ਕੀਤੀ ਗਈ ਸੀ। ਇਸ ਅਧਿਐਨ ਵਿੱਚ ਪਤਾ ਲੱਗਾ ਕਿ ਦੱਖਣੀ ਕੋਰੀਆ ਦੀਆਂ ਔਰਤਾਂ ਅਤੇ ਈਰਾਨ ਦੇ ਮਰਦਾਂ ਦੇ ਕੱਦ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ। ਦੱਖਣੀ ਕੋਰੀਆ ਦੀਆਂ ਔਰਤਾਂ ਦਾ ਕੱਦ ਔਸਤਨ 20 ਸੈਂਟੀਮੀਟਰ ਅਤੇ ਈਰਾਨੀ ਮਰਦਾਂ ਦਾ ਕੱਦ 17 ਸੈਂਟੀਮੀਟਰ ਵਧਿਆ ਹੈ। ਸਕਾਟਲੈਂਡ ਦੀ ਯੂਨੀਵਰਸਿਟੀ ਆਫ਼ ਏਬਰਡੀਨ ਵਿੱਚ ਗਲੋਬਲ ਹੈਲਥ ਦੀ ਸੀਨੀਅਰ ਲੈਕਚਰਾਰ ਡਾ। ਅਰਵਿੰਦਾ ਗੁੰਟੁਪੱਲੀ ਕਹਿੰਦੀ ਹੈ ਕਿ ਇਸ ਦੇ ਪਿੱਛੇ ਬਿਹਤਰ ਖੁਰਾਕ, ਬਿਮਾਰੀਆਂ ਨਾਲ ਜੁੜੇ ਹਾਲਾਤ ਵਿੱਚ ਸੁਧਾਰ, ਟੀਕਾਕਰਨ ਅਤੇ ਕਈ ਹੋਰ ਕਾਰਨ ਹਨ। ਪਰ ਇਨਸਾਨਾਂ ਦਾ ਕੱਦ ਹਮੇਸ਼ਾ ਵਧਦਾ ਹੀ ਨਹੀਂ ਰਿਹਾ ਹੈ। ਹਜ਼ਾਰਾਂ ਸਾਲਾਂ ਦੌਰਾਨ ਖੁਰਾਕ, ਜੰਗਾਂ, ਬਿਮਾਰੀਆਂ ਅਤੇ ਸਮਾਜ ਵਿੱਚ ਆਏ ਹੋਰ ਵੱਡੇ ਬਦਲਾਵਾਂ ਕਾਰਨ ਕਦੇ ਇਨਸਾਨਾਂ ਦਾ ਕੱਦ ਵਧਿਆ, ਤਾਂ ਕਦੇ ਘਟ ਗਿਆ।

ਇਤਿਹਾਸ ਬਾਰੇ ਕੱਦ ਤੋਂ ਕੀ ਪਤਾ ਲੱਗਦਾ ਹੈ?


ਖੋਜਕਾਰਾਂ ਦਾ ਕਹਿਣਾ ਹੈ ਕਿ ਜਦੋਂ ਇਤਿਹਾਸ ਜਾਂ ਅੰਕੜਿਆਂ ਨਾਲ ਜੁੜੀਆਂ ਹੋਰ ਜਾਣਕਾਰੀਆਂ ਉਪਲਬਧ ਨਹੀਂ ਹੁੰਦੀਆਂ, ਤਾਂ ਲੋਕਾਂ ਦੇ ਕੱਦ ਤੋਂ ਉਨ੍ਹਾਂ ਦੇ ਜੀਵਨ ਪੱਧਰ ਬਾਰੇ ਇੱਕ ਵੱਡੀ ਤਸਵੀਰ ਸਮਝੀ ਜਾ ਸਕਦੀ ਹੈ। ਆਰਥਿਕ ਇਤਿਹਾਸਕਾਰ ਅਤੇ ਕਵੀਨਜ਼ ਯੂਨੀਵਰਸਿਟੀ ਬੇਲਫਾਸਟ ਦੇ ਪ੍ਰੋਫੈਸਰ ਡਾਕਟਰ ਮੈਥਿਆਸ ਬਲਮ ਕਹਿੰਦੇ ਹਨ, "ਲੰਬਾਈ ਲੋਕਾਂ ਦੀ ਖੁਸ਼ਹਾਲੀ ਮਾਪਣ ਦਾ ਇੱਕ ਚੰਗਾ ਪੈਮਾਨਾ ਹੈ।" ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਵਿਅਕਤੀ ਦੀ ਲੰਬਾਈ ਦਾ 80 ਜਾਂ ਇੱਥੋਂ ਤੱਕ ਕਿ 90 ਫ਼ੀਸਦੀ ਹਿੱਸਾ ਉਸ ਦੇ ਜੀਨਾਂ ਦੁਆਰਾ ਤੈਅ ਹੁੰਦਾ ਹੈ। ਬਾਕੀ ਹਿੱਸਾ ਭਾਵੇਂ ਘੱਟ ਹੋਵੇ, ਪਰ ਉਸ ਉੱਤੇ ਖਾਣ-ਪੀਣ, ਬਿਮਾਰੀਆਂ ਦੇ ਸੰਪਰਕ ਵਿੱਚ ਆਉਣ, ਬਚਪਨ ਦੇ ਮਾਹੌਲ ਅਤੇ ਇਲਾਜ ਦੀ ਸਹੂਲਤ ਮਿਲਣ ਵਰਗੇ ਕਾਰਨਾਂ ਦਾ ਅਸਰ ਪੈਂਦਾ ਹੈ। ਬਲਮ ਕਹਿੰਦੇ ਹਨ, "ਜ਼ਿਆਦਾ ਲੰਬਾ ਕੱਦ ਬਿਹਤਰ ਜੀਵਨ ਪੱਧਰ ਦੀ ਨਿਸ਼ਾਨੀ ਹੈ।" ਉਨ੍ਹਾਂ ਦਾ ਕਹਿਣਾ ਹੈ ਕਿ ਜੀਨਾਂ ਵਿੱਚ ਮੌਜੂਦ ਅੰਤਰ ਦੇ ਅਸਰ ਨੂੰ ਘੱਟ ਕਰਨ ਲਈ ਖੋਜਕਾਰ ਵੱਡੀ ਆਬਾਦੀ ਦੇ ਔਸਤ ਕੱਦ ਦਾ ਅਧਿਐਨ ਕਰਦੇ ਹਨ। ਇਸ ਨਾਲ ਉਹ ਅਜਿਹੇ ਬਦਲਾਵਾਂ ਅਤੇ ਅਸਮਾਨਤਾਵਾਂ ਦਾ ਪਤਾ ਲਗਾ ਸਕਦੇ ਹਨ, ਜੋ ਕੁੱਲ ਘਰੇਲੂ ਉਤਪਾਦ ਭਾਵ ਜੀਡੀਪੀ ਵਰਗੇ ਪੈਮਾਨਿਆਂ ਵਿੱਚ ਦਿਖਾਈ ਨਹੀਂ ਦਿੰਦੇ।

ਕੀ ਖੇਤੀ ਸ਼ੁਰੂ ਕਰਨ ਨਾਲ ਇਨਸਾਨਾਂ ਦਾ ਕੱਦ ਘਟ ਗਿਆ?

ਬਲਮ ਦੇ ਮੁਤਾਬਕ, ਇਨਸਾਨਾਂ ਦੇ ਕੱਦ ਦੇ ਇਤਿਹਾਸ ਵਿੱਚ ਦੋ ਵੱਡੇ ਮੋੜ ਆਏ। ਪਹਿਲਾ ਬਦਲਾਅ ਨਵਪਾਸ਼ਾਣ ਕ੍ਰਾਂਤੀ ਦੇ ਸਮੇਂ ਆਇਆ। ਇਹ ਉਹ ਦੌਰ ਸੀ, ਜਦੋਂ ਲਗਭਗ 10 ਤੋਂ 12 ਹਜ਼ਾਰ ਸਾਲ ਪਹਿਲਾਂ ਇਨਸਾਨਾਂ ਨੇ ਸ਼ਿਕਾਰ ਕਰਨ ਅਤੇ ਜੰਗਲਾਂ ਤੋਂ ਭੋਜਨ ਇਕੱਠਾ ਕਰਨ ਦੀ ਬਜਾਏ ਖੇਤੀ ਕਰਨੀ ਸ਼ੁਰੂ ਕੀਤੀ। ਇੰਨੇ ਪੁਰਾਣੇ ਸਮੇਂ ਵਿੱਚ ਇਨਸਾਨਾਂ ਦੇ ਕੱਦ ਵਿੱਚ ਹੋਏ ਬਦਲਾਵਾਂ ਨੂੰ ਸਮਝਣ ਲਈ ਖੋਜਕਾਰਾਂ ਨੂੰ ਪਿੰਜਰਾਂ ਤੋਂ ਮਿਲੀ ਜਾਣਕਾਰੀ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਹਾਲਾਂਕਿ, ਇਸ ਤਰ੍ਹਾਂ ਮਿਲਣ ਵਾਲੀ ਜਾਣਕਾਰੀ ਦੀਆਂ ਆਪਣੀਆਂ ਸੀਮਾਵਾਂ ਹਨ। ਫਿਰ ਵੀ ਜ਼ਿਆਦਾਤਰ ਖੋਜਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਖੇਤੀ ਦੀ ਸ਼ੁਰੂਆਤ ਤੋਂ ਬਾਅਦ ਇਨਸਾਨਾਂ ਦਾ ਕੱਦ ਘਟਿਆ ਸੀ। ਸਾਲ 2022 ਵਿੱਚ ਹੋਏ ਇੱਕ ਅਧਿਐਨ ਤੋਂ ਪਤਾ ਲੱਗਾ ਕਿ ਜੇ ਜੀਨਾਂ ਵਿੱਚ ਮੌਜੂਦ ਅੰਤਰ ਦੇ ਅਸਰ ਨੂੰ ਹਟਾ ਦਿੱਤਾ ਜਾਵੇ, ਤਾਂ ਨਵਪਾਸ਼ਾਣ ਯੁੱਗ ਦੇ ਲੋਕਾਂ ਦਾ ਔਸਤ ਕੱਦ ਉਨ੍ਹਾਂ ਤੋਂ ਪਹਿਲਾਂ ਰਹਿਣ ਵਾਲੇ ਲੋਕਾਂ ਦੇ ਮੁਕਾਬਲੇ 2.8 ਸੈਂਟੀਮੀਟਰ ਘੱਟ ਸੀ। ਖੇਤੀ ਸ਼ੁਰੂ ਹੋਣ ਨਾਲ ਭੋਜਨ ਦਾ ਵਧੇਰੇ ਸਥਾਈ ਪ੍ਰਬੰਧ ਤਾਂ ਹੋ ਗਿਆ, ਪਰ ਇਸ ਦਾ ਇਹ ਮਤਲਬ ਨਹੀਂ ਸੀ ਕਿ ਲੋਕਾਂ ਨੂੰ ਪਹਿਲਾਂ ਨਾਲੋਂ ਬਿਹਤਰ ਖਾਣਾ ਮਿਲਣ ਲੱਗ ਪਿਆ ਸੀ। ਸ਼ਿਕਾਰ ਕਰ ਕੇ ਅਤੇ ਜੰਗਲਾਂ ਤੋਂ ਭੋਜਨ ਇਕੱਠਾ ਕਰ ਕੇ ਰਹਿਣ ਵਾਲੇ ਲੋਕਾਂ ਦੀ ਖੁਰਾਕ ਵਿੱਚ ਪਸ਼ੂਆਂ ਤੋਂ ਮਿਲਣ ਵਾਲੀਆਂ ਚੀਜ਼ਾਂ ਵਧੇਰੇ ਸ਼ਾਮਲ ਹੁੰਦੀਆਂ ਸਨ।

ਲੋਕਾਂ ਦਾ ਕੱਦ ਕਦੇ ਵਧਿਆ ਅਤੇ ਕਦੇ ਘਟਿਆ

ਬਲਮ ਕਹਿੰਦੇ ਹਨ ਕਿ ਇਹੀ ਗੱਲ ਸਭ ਤੋਂ ਅਹਿਮ ਹੈ। ਉਨ੍ਹਾਂ ਦੇ ਮੁਤਾਬਕ, "ਇਹ ਗੱਲ ਭੁੱਖੇ ਜਾਂ ਪੇਟ ਭਰੇ ਹੋਣ ਨਾਲ ਜੁੜੀ ਹੈ। ਇਸ ਲਿਹਾਜ਼ ਨਾਲ ਪਸ਼ੂਆਂ ਤੋਂ ਮਿਲਣ ਵਾਲਾ ਭੋਜਨ ਚੰਗਾ ਸੀ, ਕਿਉਂਕਿ ਇਸ ਵਿੱਚ ਪਾਏ ਜਾਣ ਵਾਲੇ ਐਮੀਨੋ ਐਸਿਡ ਸਰੀਰ ਲਈ ਅਸਲ ਵਿੱਚ ਜ਼ਰੂਰੀ ਹੁੰਦੇ ਹਨ।" ਬਿਹਤਰ ਖੁਰਾਕ ਤੋਂ ਇਲਾਵਾ, ਸ਼ਿਕਾਰ ਕਰ ਕੇ ਅਤੇ ਭੋਜਨ ਇਕੱਠਾ ਕਰ ਕੇ ਰਹਿਣ ਵਾਲੇ ਲੋਕ ਇੱਕ ਥਾਂ ਤੋਂ ਦੂਜੀ ਥਾਂ ਜਾ ਸਕਦੇ ਸਨ। ਉਹ ਆਪਣਾ ਕੂੜਾ ਪਿੱਛੇ ਛੱਡ ਕੇ ਅੱਗੇ ਵਧ ਜਾਂਦੇ ਸਨ। ਪਰ ਖੇਤੀ ਕਰਨ ਵਾਲੇ ਲੋਕਾਂ ਲਈ ਅਜਿਹਾ ਕਰਨਾ ਸੰਭਵ ਨਹੀਂ ਸੀ। ਉਹ ਛੂਤ ਦੀਆਂ ਬਿਮਾਰੀਆਂ ਨਾਲ ਜੂਝਦੇ ਸਨ। ਉਨ੍ਹਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ, ਆਪਣੇ ਘਰਾਂ ਅਤੇ ਪਸ਼ੂਆਂ ਦੀ ਦੇਖਭਾਲ ਕਰਨੀ ਹੁੰਦੀ ਸੀ ਅਤੇ ਜਾਨਵਰਾਂ ਦੇ ਨਾਲ ਹੀ ਰਹਿਣਾ ਪੈਂਦਾ ਸੀ। ਬਲਮ ਦੇ ਮੁਤਾਬਕ, ਇਸ ਤੋਂ ਬਾਅਦ ਦੇ ਹਜ਼ਾਰਾਂ ਸਾਲਾਂ ਦੌਰਾਨ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਦਾ ਕੱਦ ਕਦੇ



ਵਧਿਆ ਅਤੇ ਕਦੇ ਘਟਿਆ। ਪਰ ਅਕਸਰ ਇਹ ਬਦਲਾਅ ਲੰਬੇ ਸਮੇਂ ਤੱਕ ਨਹੀਂ ਟਿਕੇ। ਉਹ ਕਹਿੰਦੇ ਹਨ, "ਲੰਬੇ ਸਮੇਂ ਤੱਕ ਕੱਦ ਦੇ ਲਗਾਤਾਰ ਵਧਣ ਜਾਂ ਘਟਣ ਦਾ ਕੋਈ ਸਪੱਸ਼ਟ ਰੁਝਾਨ ਦਿਖਾਈ ਨਹੀਂ ਦਿੰਦਾ। ਕਾਲ ਪੈਂਦੇ ਹਨ, ਜੰਗਾਂ ਹੁੰਦੀਆਂ ਹਨ, ਪਰ ਉਨ੍ਹਾਂ ਤੋਂ ਬਾਅਦ ਆਬਾਦੀ ਮੁੜ ਸੰਭਲ ਜਾਂਦੀ ਹੈ।" ਕੁਝ ਸੰਕਟਾਂ ਦੇ ਅਜਿਹੇ ਨਤੀਜੇ ਵੀ ਸਾਹਮਣੇ ਆਏ, ਜਿਨ੍ਹਾਂ ਦੀ ਉਮੀਦ ਨਹੀਂ ਸੀ। 14ਵੀਂ ਸਦੀ ਦੇ ਮੱਧ ਵਿੱਚ ਯੂਰਪ ਵਿੱਚ ਪਲੇਗ ਦੀ ਮਹਾਮਾਰੀ ਫੈਲੀ ਸੀ, ਜਿਸ ਨੂੰ 'ਬਲੈਕ ਡੈੱਥ' ਕਿਹਾ ਜਾਂਦਾ ਹੈ। ਇਸ ਵਿੱਚ ਯੂਰਪ ਦੀ ਅੱਧੀ ਆਬਾਦੀ ਤੱਕ ਦੇ ਮਾਰੇ ਜਾਣ ਦਾ ਅਨੁਮਾਨ ਹੈ।

ਪਰ ਇਸ ਮਹਾਮਾਰੀ ਤੋਂ ਬਾਅਦ ਦੇ ਲੋਕਾਂ ਦੇ ਕੱਦ ਦੇ ਅਨੁਮਾਨ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਔਸਤ ਲੰਬਾਈ ਵਧ ਗਈ ਸੀ। ਡਾ. ਗੁੰਟੁਪੱਲੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਇੰਗਲੈਂਡ ਵਿੱਚ ਮਿਲੇ ਪਿੰਜਰਾਂ ਉੱਤੇ ਇੱਕ ਅਧਿਐਨ ਕੀਤਾ। ਇਸ ਤੋਂ ਪਤਾ ਲੱਗਾ ਕਿ 14ਵੀਂ ਸਦੀ ਦੀ ਸ਼ੁਰੂਆਤ ਵਿੱਚ ਲੋਕਾਂ ਦਾ ਔਸਤ ਕੱਦ ਲਗਭਗ 170 ਸੈਂਟੀਮੀਟਰ ਸੀ। 15ਵੀਂ ਸਦੀ ਦੀ ਸ਼ੁਰੂਆਤ ਤੱਕ ਇਹ ਵਧ ਕੇ ਲਗਭਗ 174 ਸੈਂਟੀਮੀਟਰ ਹੋ ਗਿਆ ਸੀ। ਗੁੰਟੁਪੱਲੀ ਕਹਿੰਦੀ ਹੈ ਕਿ ਇਸ ਬਾਰੇ ਬਹੁਤ ਜ਼ਿਆਦਾ ਅੰਕੜੇ ਉਪਲਬਧ ਨਹੀਂ ਹਨ। ਫਿਰ ਵੀ ਉਨ੍ਹਾਂ ਦਾ ਅਨੁਮਾਨ ਹੈ ਕਿ ਕੱਦ ਵਧਣ ਦਾ ਇੱਕ ਕਾਰਨ ਮਜ਼ਦੂਰੀ ਵਿੱਚ ਵਾਧਾ ਹੋ ਸਕਦਾ ਹੈ। ਕੰਮ ਕਰਨ ਵਾਲੇ ਲੋਕਾਂ ਦੀ ਕਮੀ ਹੋ ਗਈ ਸੀ। ਇਸ ਨਾਲ ਮਜ਼ਦੂਰਾਂ ਦੀ ਸੌਦੇਬਾਜ਼ੀ ਕਰਨ ਦੀ ਤਾਕਤ ਵਧੀ ਹੋਵੇਗੀ ਅਤੇ ਸ਼ਾਇਦ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਵੀ ਸੁਧਾਰ ਹੋਇਆ ਹੋਵੇਗਾ।

'ਕਈ ਬਦਲਾਵਾਂ ਨੇ ਮਿਲ ਕੇ ਅਸਰ ਪਾਇਆ'

ਬਲਮ ਦੇ ਮੁਤਾਬਕ, ਇਨਸਾਨਾਂ ਦੀ ਲੰਬਾਈ ਵਿੱਚ ਦੂਜਾ ਵੱਡਾ ਬਦਲਾਅ ਉਦਯੋਗਿਕ ਕ੍ਰਾਂਤੀ ਦੇ ਨਾਲ ਆਇਆ। ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ 18ਵੀਂ ਸਦੀ ਵਿੱਚ ਬ੍ਰਿਟੇਨ ਤੋਂ ਹੋਈ ਅਤੇ ਇਸ ਤੋਂ ਬਾਅਦ ਇਹ ਦੁਨੀਆ ਦੇ ਦੂਜੇ ਹਿੱਸਿਆਂ ਵਿੱਚ ਫੈਲ ਗਈ। ਉਦਯੋਗੀਕਰਨ ਦੌਰਾਨ ਅਰਥਵਿਵਸਥਾਵਾਂ ਖੇਤੀਬਾੜੀ ਤੋਂ ਉਦਯੋਗਾਂ ਵੱਲ ਵਧੀਆਂ। ਵੱਡੇ ਪੱਧਰ ਉੱਤੇ ਸ਼ਹਿਰ ਵਸੇ, ਨਵੀਆਂ ਤਕਨੀਕਾਂ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣੀਆਂ ਅਤੇ ਕੌਮਾਂਤਰੀ ਵਪਾਰ ਦੇ ਨੈੱਟਵਰਕ ਦਾ ਵਿਸਥਾਰ ਹੋਇਆ। ਇਨ੍ਹਾਂ ਬਦਲਾਵਾਂ ਨਾਲ ਲੋਕਾਂ ਦੀ ਲੰਬਾਈ ਵਧੀ, ਪਰ ਅਜਿਹਾ ਤੁਰੰਤ ਨਹੀਂ ਹੋਇਆ। ਗੁੰਟੁਪੱਲੀ ਕਹਿੰਦੀ ਹੈ ਕਿ ਉਦਯੋਗਿਕ ਕ੍ਰਾਂਤੀ ਦੇ ਸ਼ੁਰੂਆਤੀ ਦੌਰ ਦਾ ਮਾਹੌਲ "ਸਿਹਤ ਲਈ ਚੰਗਾ ਨਹੀਂ ਸੀ।" ਸਫ਼ਾਈ ਦੇ ਮਾੜੇ ਪ੍ਰਬੰਧ, ਤੰਗ ਘਰਾਂ ਅਤੇ ਕਾਰਖਾਨਿਆਂ ਵਿੱਚ ਬਹੁਤ ਔਖੇ ਕੰਮ ਕਾਰਨ ਸ਼ੁਰੂਆਤੀ ਦਹਾਕਿਆਂ ਵਿੱਚ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੀ ਲੰਬਾਈ ਘਟ ਗਈ। ਉਨ੍ਹਾਂ ਦੇ ਮੁਤਾਬਕ, ਵੱਡੇ ਉਦਯੋਗਿਕ ਸ਼ਹਿਰਾਂ ਵਿੱਚ ਹਾਲਾਤ ਅਜਿਹੇ ਸਨ ਕਿ ਲੋਕ ਇੱਕੋ ਬਿਸਤਰੇ ਉੱਤੇ ਵੱਖ-ਵੱਖ ਸ਼ਿਫ਼ਟਾਂ ਵਿੱਚ ਵਾਰੀ-ਵਾਰੀ ਸੌਂਦੇ ਸਨ। ਲੋਕਾਂ ਦੀ ਆਮਦਨ ਵਧਣ ਅਤੇ ਜਨਤਕ ਸਿਹਤ ਨਾਲ ਜੁੜੇ ਕਦਮ ਚੁੱਕੇ ਜਾਣ ਤੋਂ ਬਾਅਦ ਹੀ ਉਨ੍ਹਾਂ ਦੇ ਕੱਦ ਵਿੱਚ ਸਪੱਸ਼ਟ ਵਾਧਾ ਦਿਖਾਈ ਦਿੱਤਾ। ਬਲਮ ਇਸ ਨੂੰ ਸਫ਼ਾਈ, ਰਹਿਣ ਦੀ ਥਾਂ ਅਤੇ ਭੋਜਨ ਵਿੱਚ ਸੁਧਾਰ ਦੇ ਨਾਲ-ਨਾਲ ਇਲਾਜ ਦੀਆਂ ਨਵੀਆਂ ਤਕਨੀਕਾਂ ਦੀ ਖੋਜ ਦਾ ਨਤੀਜਾ ਮੰਨਦੇ ਹਨ। ਉਹ ਕਹਿੰਦੇ ਹਨ, "ਇਹ ਕਈ ਬਦਲਾਵਾਂ ਦਾ ਇੱਕ ਵੱਡਾ ਸਮੂਹ ਸੀ, ਜਿਨ੍ਹਾਂ ਨੇ ਮਿਲ ਕੇ ਅਸਰ ਪਾਇਆ।" ਦੱਖਣੀ ਕੋਰੀਆ ਵਿੱਚ ਉਦਯੋਗੀਕਰਨ ਦੇਰ ਨਾਲ ਸ਼ੁਰੂ ਹੋਇਆ। ਪਰ ਸਾਲ 2016 ਦੇ ਵਿਸ਼ਲੇਸ਼ਣ ਮੁਤਾਬਕ, ਦੇਸ਼ ਦੇ ਤੇਜ਼ ਆਰਥਿਕ ਵਿਕਾਸ ਦੇ ਨਾਲ ਪਿਛਲੀ ਇੱਕ ਸਦੀ ਦੌਰਾਨ ਲੋਕਾਂ ਦੀ ਔਸਤ ਲੰਬਾਈ ਵਿੱਚ ਸਭ ਤੋਂ ਤੇਜ਼ ਵਾਧਿਆਂ ਵਿੱਚੋਂ ਇੱਕ ਦਰਜ ਕੀਤਾ ਗਿਆ। ਦੱਖਣੀ ਕੋਰੀਆ ਦੇ ਮਰਦਾਂ ਦਾ ਔਸਤ ਕੱਦ 15 ਸੈਂਟੀਮੀਟਰ ਅਤੇ ਔਰਤਾਂ ਦਾ 20 ਸੈਂਟੀਮੀਟਰ ਵਧਿਆ। ਕੀ ਇਨਸਾਨਾਂ ਦਾ ਕੱਦ ਆਪਣੀ ਸਭ ਤੋਂ ਉੱਚੀ ਹੱਦ ਤੱਕ ਪਹੁੰਚ ਗਿਆ ਹੈ?

'ਆਵਰ ਵਰਲਡ ਇਨ ਡੇਟਾ' ਦੇ ਮੁਤਾਬਕ, ਸਾਲ 1996 ਵਿੱਚ ਪੈਦਾ ਹੋਏ ਮਰਦਾਂ ਦਾ ਦੁਨੀਆ ਭਰ ਵਿੱਚ ਔਸਤ ਕੱਦ 171 ਸੈਂਟੀਮੀਟਰ ਅਤੇ ਔਰਤਾਂ ਦਾ ਔਸਤ ਕੱਦ 159 ਸੈਂਟ

ਪਹਿਲੀ ਵਾਰ ਮਿਲਣ ਦਾ ਪ੍ਰਭਾਵ ਅਖੀਰ ਤੱਕ ਰਹਿੰਦਾ ਹੈ- ਇਹ ਕਿੰਨਾ ਕੁ ਸਹੀ ਹੈ?

ਅੰਗਰੇਜ਼ੀ ਵਿੱਚ ਇੱਕ ਕਹਾਵਤ ਹੈ, "ਫਰਸਟ ਇੰਪ੍ਰੈਸ਼ਨ ਇਜ਼ ਦਿ ਲਾਸਟ ਇੰਪ੍ਰੈਸ਼ਨ' ਇਸ ਦਾ ਮਤਲਬ ਹੈ ਕਿ ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਪਹਿਲੀ ਵਾਰ ਮਿਲਦੇ ਹੋ ਤਾਂ ਤੁਹਾਡਾ ਉਸ 'ਤੇ ਜੋ ਇੰਪ੍ਰੈਸ਼ਨ ਜਾਂ ਪ੍ਰਭਾਵ ਪੈਂਦਾ ਹੈ, ਉਹ ਲੰਬੇ ਸਮੇਂ ਲਈ ਯਾਦ ਰਹਿ ਜਾਂਦਾ ਹੈ। ਤੁਸੀਂ ਕਿਵੇਂ ਨਜ਼ਰ ਆਉਂਦੇ ਹੋ, ਹੋ ਸਕਦਾ ਹੈ ਇਹ ਪਹਿਲੀ ਮੁਲਾਕਾਤ ਵਿੱਚ ਮਾਇਨੇ ਰੱਖਦਾ ਹੋਵੇ, ਪਰ ਕਿਸੇ ਦੀ ਸ਼ਖਸੀਅਤ ਦੇ ਉਹ ਹੋਰ ਪਹਿਲੂ ਕੀ ਹਨ ਜੋ ਲੋਕਾਂ ਦੇ ਦਿਲਾਂ ਨੂੰ ਛੂਹ ਲੈਂਦੇ ਹਨ। ਆਮ ਧਾਰਨਾ ਹੈ ਕਿ ਕਿਸੇ ਵੀ ਰੋਮਾਂਟਿਕ ਰਿਸ਼ਤੇ ਦੀ ਸ਼ੁਰੂਆਤ ਇਸ ਤੋਂ ਹੁੰਦੀ ਹੈ ਕਿ ਤੁਸੀਂ ਪਹਿਲੀ ਨਜ਼ਰ ਵਿੱਚ ਕਿਵੇਂ ਪੇਸ਼ ਆਏ। ਪਰ ਸਰੀਰਕ ਖਿੱਚ ਮਨੁੱਖ ਦੇ ਹੋਰ ਕਈ ਗੁਣਾਂ ਕਾਰਨ ਵੀ ਹੋ ਸਕਦੀ ਹੈ। ਕੀ ਲੋਕ ਬਿਨਾਂ ਝਿਜਕੇ ਤੁਹਾਡੇ ਕੋਲ ਆ ਸਕਦੇ ਹਨ? ਤੁਸੀਂ ਕਿਵੇਂ ਗੱਲ ਕਰਦੇ ਹੋ? ਤੁਹਾਡਾ ਵਿਹਾਰ ਕਿਹੋ ਜਿਹਾ ਹੈ? ਅਮਰੀਕਾ ਵਿੱਚ ਕੀਤੇ ਗਏ ਇੱਕ ਸਰਵੇਖਣ ਵਿੱਚ ਜੋੜਿਆਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਲੋਕਾਂ ਦੀ ਦਿੱਖ (ਲੁਕਸ) ਤੋਂ ਇਲਾਵਾ ਹੋਰ ਕਿਹੜੇ ਗੁਣ ਪਸੰਦ ਆਉਂਦੇ ਹਨ। ਸਰਵੇਖਣ ਦੇ ਸਵਾਲਾਂ ਦੇ ਜਵਾਬ ਵਿੱਚ, ਲੋਕਾਂ ਨੇ ਕਿਹਾ ਕਿ ਭੌਤਿਕ ਸਫ਼ਲਤਾ, ਜਿਵੇਂ ਕਿ ਵਿੱਤੀ ਸੁਰੱਖਿਆ ਅਤੇ ਇੱਕ ਵਧੀਆ ਘਰ ਹੋਣਾ, ਉਨ੍ਹਾਂ ਲਈ ਆਕਰਸ਼ਕ ਗੁਣਾਂ ਵਿੱਚ ਸਭ ਤੋਂ ਹੇਠਲੇ ਪਾਇਦਾਨ 'ਤੇ ਆਉਂਦਾ ਹੈ। ਦੂਜੇ ਪਾਸੇ, ਆਪਣੇ ਸਾਥੀ ਨਾਲ ਸਹਿਮਤ ਹੋਣਾ, ਅੰਤਰਮੁਖੀ ਜਾਂ ਬਾਹਰਮੁਖੀ ਹੋਣਾ, ਬੁੱਧੀ ਨੂੰ ਸਰੀਰਕ ਖਿੱਚ ਤੋਂ ਬਹੁਤ ਉੱਪਰ ਰੱਖਦੇ ਹਨ।

'ਦਿੱਖ' ਕਿੰਨੀ ਮਹੱਤਵਪੂਰਨ ਹੈ?

ਇਸ ਸਰਵੇਖਣ 'ਤੇ ਅਮਰੀਕਾ ਦੀ ਫਲੋਰਿਡਾ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਗ੍ਰੇਗ ਵੈਬਸਟਰ ਕਹਿੰਦੇ ਹਨ, "ਇਸ ਤਰ੍ਹਾਂ ਦੇ ਸਰਵੇਖਣਾਂ 'ਚ ਲੋਕ ਅਜਿਹੇ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਨ ਜੋ ਦੂਜਿਆਂ ਦੀਆਂ ਨਜ਼ਰਾਂ 'ਚ ਉਨ੍ਹਾਂ ਨੂੰ ਚੰਗਾ ਬਣਾਏ ਰੱਖਣ।" "ਜਿਸਦਾ ਮਤਲਬ ਇਹ ਹੋ ਸਕਦਾ ਹੈ ਕਿ ਅਜਿਹੇ ਸਰਵੇਖਣ ਡੇਟਾ ਪੂਰੀ ਤਰ੍ਹਾਂ ਸਪੱਸ਼ਟ ਤਸਵੀਰ ਪੇਸ਼ ਨਾ ਕਰ ਸਕਣ।" ਪਰ ਸਵਾਲ ਇਹ ਹੈ ਕਿ ਜਦੋਂ ਅਸੀਂ ਅਸਲ ਜ਼ਿੰਦਗੀ ਦੀ ਗੱਲ ਕਰਦੇ ਹਾਂ ਤਾਂ ਕੀ ਕਿਸੇ ਵਿਅਕਤੀ ਦੀ ਸ਼ਖਸੀਅਤ ਨੂੰ ਦਿੱਖ ਨਾਲੋਂ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ? ਮਨੋਵਿਗਿਆਨੀ ਡਾਕਟਰ ਪੂਜਾ ਸ਼ਿਵਮ ਜੇਤਲੀ ਦਾ ਕਹਿਣਾ ਹੈ, "ਸ਼ੁਰੂਆਤੀ ਆਕਰਸ਼ਣ ਸ਼ੁਰੂ 'ਚ ਦਿੱਖ 'ਤੇ ਆਧਾਰਿਤ ਹੁੰਦਾ ਹੈ। ਪਰ ਇਹ ਮਨੁੱਖ-ਮਨੁਖ 'ਤੇ ਵੀ ਨਿਰਭਰ ਕਰਦਾ ਹੈ।" "ਤੁਸੀਂ ਕਿਵੇਂ ਨਜ਼ਰ ਆਉਂਦੇ ਹੋ ਇਹ ਮਹੱਤਵਪੂਰਨ ਹੈ ਅਤੇ ਕਿਤੇ ਨਾ ਕਿਤੇ ਇਹ ਇੱਕ ਸ਼ੁਰੂਆਤੀ ਬਿੰਦੂ ਵੀ ਹੈ। ਪਰ ਕਿਸੇ ਦੀ ਸੁੰਦਰਤਾ ਜਾਂ ਦਿੱਖ ਲੰਬੇ ਸਮੇਂ ਤੱਕ ਆਕਰਸ਼ਿਤ ਨਹੀਂ ਕਰ ਸਕਦੀ।"

ਡਾ. ਪੂਜਾ ਸ਼ਿਵਮ ਜੇਤਲੀ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਲੰਬੇ ਸਮੇਂ ਤੱਕ ਰਿਸ਼ਤੇ ਨੂੰ ਕਾਇਮ ਰੱਖਣ ਬਾਰੇ ਪੁੱਛਦੇ ਹੋ ਤਾਂ ਤੁਹਾਡੀ ਸ਼ਖਸੀਅਤ, ਤੁਹਾਡੀਆਂ ਜ਼ਰੂਰਤਾਂ ਅਤੇ ਤੁਸੀਂ ਦੁਨੀਆਂ ਨੂੰ ਕਿਸ ਨਜ਼ਰੀਏ ਨਾਲ ਦੇਖਦੇ ਹੋ, ਇਹ ਸਭ ਕੁਝ ਵੀ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਉਨ੍ਹਾਂ ਮੁਤਾਬਕ, "ਜ਼ਿਆਦਾਤਰ ਰਿਸ਼ਤਿਆਂ ਵਿੱਚ, ਜਦੋਂ ਇਨ੍ਹਾਂ ਪਹਿਲੂਆਂ 'ਤੇ ਚਰਚਾ ਨਹੀਂ ਹੁੰਦੀ ਤਾਂ ਅੱਗੇ ਚੱਲ ਕੇ ਮਤਭੇਦ ਪੈਦਾ ਹੋ ਸਕਦੇ ਹਨ। ਆਪਣੇ ਸਾਥੀ ਦੀ ਗੱਲ ਸੁਣਨਾ ਅਤੇ ਆਪਸੀ ਸਹਿਮਤੀ ਬਣਾਈ ਰੱਖਣਾ ਕਿਸੇ ਵੀ ਰਿਸ਼ਤੇ ਲਈ ਬਹੁਤ ਜ਼ਰੂਰੀ ਹੈ।" ਉਹ ਕਹਿੰਦੀ ਹੈ, "ਕੀ ਕੋਈ ਅਜਿਹੇ ਵਿਅਕਤੀ 'ਤੇ ਭਰੋਸਾ ਕਰ ਸਕਦਾ ਹੈ ਜੋ ਉਨ੍ਹਾਂ ਦੀਆਂ ਗੱਲਾਂ ਨੂੰ ਮਹੱਤਵ ਨਹੀਂ ਦਿੰਦਾ ਹੈ?" ਕਿਸੇ ਵੀ ਇਨਸਾਨ ਦੀ ਸ਼ਖਸੀਅਤ ਨੂੰ ਮਾਪਣਾ ਮੁਸ਼ਕਲ ਕੰਮ ਹੁੰਦਾ ਹੈ। ਦਹਾਕਿਆਂ ਤੋਂ ਸਾਈਕੋਮੈਟ੍ਰਿਕ ਟੈਸਟ ਵਿੱਚ ਲੋਕਾਂ ਤੋਂ ਕਈ ਸਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਜੋ ਉਨ੍ਹਾਂ ਦੀ ਸ਼ਖਸੀਅਤ ਬਾਰੇ ਹੋਰ ਜਾਣਕਾਰੀ ਮਿਲ ਸਕੇ।



ਕਿਸੇ ਦੀ ਸ਼ਖ਼ਸੀਅਤ ਕਿਸ ਤਰ੍ਹਾਂ ਪਰਖੀ ਜਾਵੇ?

ਪਰ ਆਮ ਜੀਵਨ ਵਿੱਚ ਕੀ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਨੂੰ ਪਰਖਿਆ ਜਾ ਸਕਦਾ ਹੈ? ਇਸ ਸਵਾਲ 'ਤੇ ਬਿਹੇਵੀਅਰ ਐਕਸਪਰਟ ਅਤੇ ਲਾਈਫ ਕੋਚ ਆਸਥਾ ਦੀਵਾਨ ਦਾ ਕਹਿਣਾ ਹੈ, "ਇੱਕ ਵਿਅਕਤੀ ਦੀ ਸ਼ਖ਼ਸੀਅਤ ਬਹੁਤ ਸਾਰੀਆਂ ਚੀਜ਼ਾਂ ਨਾਲ ਬਣੀ ਹੁੰਦੀ ਹੈ। ਇਹ ਬਹੁਤ ਮਾਇਨੇ ਰੱਖਦਾ ਹੈ ਕਿ ਤੁਹਾਡੇ ਨਾਲ ਆਸਾਨੀ ਨਾਲ ਗੱਲ ਕੀਤੀ ਜਾ ਸਕਦੀ ਹੈ।" "ਕੀ ਤੁਸੀਂ ਗੱਲ ਕਰਦੇ ਸਮੇਂ ਦੂਜਿਆਂ ਨੂੰ ਬੋਲਣ ਦਾ ਮੌਕਾ ਦਿੰਦੇ ਹੋ? ਤੁਹਾਡੀ ਪਸੰਦ ਕੀ ਹੈ? ਤੁਹਾਡੇ ਵਿਚਾਰ ਕਿਹੋ-ਜਿਹੇ ਹਨ? ਤੁਹਾਡੇ ਜੀਵਨ ਦੀਆਂ ਕਦਰਾਂ-ਕੀਮਤਾਂ ਕੀ ਹਨ, ਤੁਹਾਡਾ ਆਤਮ-ਵਿਸ਼ਵਾਸ ਕਿਵੇਂ ਹੈ। ਇਹ ਸਾਰੀਆਂ ਚੀਜ਼ਾਂ ਤੁਹਾਡੀ ਸ਼ਖ਼ਸੀਅਤ ਦਾ ਅਹਿਮ ਹਿੱਸਾ ਹਨ।" ਇਸ ਦੇ ਨਾਲ ਹੀ ਤੁਸੀਂ ਇਹ ਵੀ ਸੁਣਿਆ ਹੋਵੇਗਾ ਕਿ 'ਆਪੋਜ਼ਿਟਸ ਅਟ੍ਰੈਕਟ'। ਇਸ ਦਾ ਅਰਥ ਹੈ ਦੋ ਵਿਅਕਤੀ ਜੋ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਹੁੰਦੇ ਹਨ ਅਤੇ ਇੱਕ ਦੂਜੇ ਵੱਲ ਆਕਰਸ਼ਿਤ ਹੁੰਦੇ ਹਨ ਕਿਉਂਕਿ ਸ਼ਖ਼ਸੀਅਤ ਵਿੱਚ ਅੰਤਰ ਵੀ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ।

ਰੋਚੈਸਟਰ ਯੂਨੀਵਰਸਿਟੀ ਦੇ ਹੈਰੀ ਰੀਡ ਅਤੇ ਮਿਨੇਸੋਟਾ ਯੂਨੀਵਰਸਿਟੀ ਦੇ ਐਲਨ ਬਰਸ਼ਾਰਡ ਦੱਸਦੇ ਹਨ ਕਿ ਇੱਕ ਵਿਅਕਤੀ ਇੱਕ ਅਜਿਹੇ ਸਾਥੀ ਦੀ ਭਾਲ ਕਰਦਾ ਹੈ ਜਿਸਨੂੰ ਉਹ ਪਹਿਲਾਂ ਤੋਂ ਜਾਣਦਾ-ਪਛਾਣਦਾ ਹੋਵੇ, ਜਿਸ ਦੀ ਸ਼ਖਸੀਅਤ, ਜੀਵਨ ਸ਼ੈਲੀ ਅਤੇ ਸਮਾਜਿਕ ਗਰੁੱਪ ਮੇਲ ਖਾਂਦੇ ਹਨ। ਇਹ ਖਿੱਚ ਦਾ ਮੂਲ ਸਿਧਾਂਤ ਹੈ। ਇਸ 'ਤੇ ਡਾਕਟਰ ਆਸਥਾ ਦੀਵਾਨ ਕਹਿੰਦੀ ਹੈ, "ਕਈ ਵਾਰ ਲੋਕ ਆਪਸ ਵਿੱਚ ਸਮਾਨਤਾ ਤਲਾਸ਼ਦੇ ਹਨ, ਕਈ ਵਾਰ ਆਪਣੇ ਤੋਂ ਵੱਖਰਾ ਇਨਸਾਨ ਵੀ ਚੁਣਦੇ ਹਨ। ਇਹ ਇਨਸਾਨੀ ਪ੍ਰਵਿਰਤੀ ਹੈ ਕਿ ਉਹ ਸਮਾਨਤਾ ਦੀ ਤਲਾਸ਼ ਕਰਦਾ ਹੈ।" "ਇਹ ਚੀਜ਼ ਬਹੁਤ ਸੁਰੱਖਿਅਤ ਮਹਿਸੂਸ ਕਰਵਾਉਂਦੀ ਹੈ। ਜਦੋਂ ਤੁਹਾਡੇ ਵਿਚਾਰਾਂ ਵਿੱਚ, ਗੁਣਾਂ ਵਿੱਚ ਪਸੰਦਾਂ ਵਿੱਚ ਸਮਾਨਤਾ ਹੁੰਦੀ ਹੈ, ਤਾਂ ਇੱਕ ਤੁਰੰਤ ਚੰਗਿਆੜੀ, ਇੱਕ ਇੰਸਟੈਂਟ ਬੌਂਡਿੰਗ ਆਉਂਦੀ ਹੈ।"

ਉਹ ਕਹਿੰਦੀ ਹੈ, "ਕਿਸੇ ਵੀ ਰਿਸ਼ਤੇ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਇਕੱਠੇ ਰਹਿ ਕੇ ਵੀ ਜੀਵਨ ਵਿੱਚ ਵੱਖੋ-ਵੱਖ ਅੱਗੇ ਵਧਣ ਦੀ ਗੁੰਜਾਇਸ਼ ਹੋਵੇ।" "ਅਜਿਹਾ ਨਹੀਂ ਹੈ ਕਿ ਲੋਕ ਹਮੇਸ਼ਾ ਸਮਾਨਤਾ ਹੀ ਭਾਲਦੇ ਹਨ, ਪਰ ਕਈ ਵਾਰ ਤੁਹਾਡੇ ਤੋਂ ਬਿਲਕੁਲ ਵੱਖਰੇ ਲੋਕ ਵੀ ਪਸੰਦ ਆ ਸਕਦੇ ਹਨ, ਬਸ਼ਰਤੇ ਦੋਵੇਂ ਇੱਕ ਦੂਜੇ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਯੋਗ ਹੋਣ।" ਡਾ. ਆਸਥਾ ਦੀਵਾਨ ਮੁਤਾਬਕ, ਦੋਸਤੀ ਨਾਲੋਂ ਜ਼ਿਆਦਾ ਜੋ ਅਟ੍ਰੈਕਸ਼ਨ ਹੈ ਉਹ ਜ਼ਿਆਦਾਤਰ ਆਪੋਜ਼ਿਟ ਲੋਕਾਂ ਦੇ ਨਾਲ ਹੀ ਹੁੰਦਾ ਹੈ। ਦੋ ਬਲਿਕੁਲ ਵੱਖਰੇ ਲੋਕਾਂ ਵਿੱਚ ਦੋਸਤੀ ਵੀ ਛੇਤੀ ਹੁੰਦੀ ਹੈ।

ਉਹ ਕਹਿੰਦੀ ਹੈ, "ਕਈ ਵਾਰ ਇਨਸਾਨ ਦੇ ਖ਼ੁਦ ਵਿੱਚ ਜੋ ਕਮੀ ਹੁੰਦੀ ਹੈ ਉਹ ਆਪਣੇ ਸਾਥੀ ਵਿੱਚ ਭਾਲਦਾ ਹੈ ਅਤੇ ਉਹ ਦੋਵੇਂ ਮਿਲ ਕੇ ਇੱਕ-ਦੂਜੇ ਨੂੰ ਪੂਰਾ ਕਰਦੇ ਹਨ।"

ਮੀਡੀਆ ਨੂੰ ਗ੍ਰੇਗ ਵੈਬਸਟਰ ਕਹਿੰਦੇ ਹਨ, "ਰਿਸ਼ਤੇ ਵਿੱਚ ਦੂਜੇ ਦੇ ਆਕਰਸ਼ਕ ਗੁਣਾਂ ਦੇ ਨਾਲ ਸਹਿਮਤੀ ਰੱਖਣਾ, ਰਿਸ਼ਤੇ ਵਿੱਚ ਦੋਵਾਂ ਦੀ ਸ਼ਖਸੀਅਤ ਦੇ ਬਿਹਤਰੀਨ ਪਹਿਲੂਆਂ ਨੂੰ ਹੋਰ ਉਭਾਰ ਸਕਦਾ ਹੈ।" ਗ੍ਰੇਗ ਵੈਬਸਟਰ ਨੇ ਸਮਾਜਿਕ ਮਨੋਵਿਗਿਆਨੀ ਏਂਗੇਲਾ ਬ੍ਰਾਇਨ ਅਤੇ ਅਮੈਂਡਾ ਮਹਾਫੀ ਦੇ ਨਾਲ ਮਿਲ ਕੇ ਕਿਸੇ ਇਨਸਾਨ ਦੇ ਸ਼ਖਸੀਅਤ ਦੇ ਤਿੰਨ ਗੁਣਾਂ 'ਤੇ ਖੋਜ ਕੀਤੀ। ਇਹ ਤਿੰਨ ਗੁਣ ਸਨ ਵਿਅਕਤੀ ਦਾ ਸਰੀਰਕ ਤੌਰ 'ਤੇ ਆਕਰਸ਼ਕ ਹੋਣਾ, ਆਰਥਿਕ ਤੌਰ 'ਤੇ ਪ੍ਰਭਾਵਸ਼ਾਲੀ ਹੋਣਾ ਅਤੇ ਦੂਜਿਆਂ ਨਾਲ ਸਹਿਮਤੀ ਕਾਇਮ ਰੱਖਣ ਦਾ ਸੁਭਾਵਕ ਹੋਣਾ। ਇਸ ਅਧਿਐਨ ਵਿੱਚ ਦੇਖਿਆ ਗਿਆ ਕਿ ਇਹ ਤਿੰਨੇਂ ਗੁਣ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਕਿਉਂਕਿ ਹਰ ਗੁਣ ਕਿਸੇ ਨਾ ਕਿਸੇ ਰੂਪ ਵਿੱਚ ਸੁਰੱਖਿਆ ਅਤੇ ਭੋਜਨ ਤੇ ਆਸਰਾ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਾ ਹੈ। ਪਰ ਦਬਦਬਾ ਚੰਗਾ ਵੀ ਹੋ ਸਕਦਾ ਹੈ ਅਤੇ ਬੁਰਾ ਵੀ। ਵੈਬਸਟਰ ਕਹਿੰਦੇ ਹਨ, "ਜਦੋਂ ਦਬਦਬੇ ਦੀ ਗੱਲ ਆਉਂਦੀ ਹੈ ਤਾਂ ਇਹ ਖ਼ਿਆਲ ਆ ਸਕਦਾ ਹੈ ਕਿ ਉਹ ਰਿਸ਼ਤੇ 'ਚ ਹੋਵੇ ਜਾਂ ਰਿਸ਼ਤੇ ਤੋਂ ਬਾਹਰ ਕਿਉਂਕਿ ਲੋਕ ਯਕੀਨੀ ਤੌਰ 'ਤੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਪਾਰਟਨਰ ਸਮਾਜਿਕ, ਸਰੀਰਕ ਜਾਂ ਵਿੱਤੀ ਤੌਰ 'ਤੇ ਪ੍ਰਭਾਵਸ਼ਾਲੀ ਹੋਵੇ ਪਰ ਜ਼ਿਆਦਾਤਰ ਲੋਕ ਅਜਿਹਾ ਪਸੰਦ ਨਹੀਂ ਕਰਦੇ ਕਿ ਦਬਦਬਾ ਉਨ੍ਹਾਂ ਦੇ ਰਿਸ਼ਤੇ ਨੂੰ ਵੀ ਪਵੇ।"

'ਇੱਕ ਸ਼ਖ਼ਸ ਵਿੱਚ ਜੇਕਰ ਦਬਦਬਾ ਸਥਾਪਿਤ ਕਰਨ ਦੇ ਨਾਲ-ਨਾਲ ਆਪਸੀ ਸਹਿਮਤੀ ਬਣਾਉਣ ਦੇ ਵੀ ਗੁਣ ਹਨ ਤਾਂ ਉਹ ਵਿਅਕਤੀ ਹੋਰ ਆਕਰਸ਼ਕ ਲੱਗਣ ਲੱਗਦਾ ਹੈ।" ਆਖ਼ਰ ਵਿੱਚ ਵੈਬਸਟਰ ਕਹਿੰਦੇ ਹਨ ਕਿ ਸਭ ਦੇ ਨਾਲ ਸਹਿਮਤੀ ਰੱਖਣ ਦਾ ਸਾਡਾ ਗੁਣ ਸਾਡੀ ਸ਼ਖਸ਼ੀਅਤ ਦੇ ਹੋਰਨਾਂ ਗੁਣਾਂ ਦੀ ਤੁਲਨਾ ਵਿੱਚ ਬਹੁਤ ਅੱਗੇ ਹੈ।

ਸਿੱਖਿਆ ਦਾ ਵੱਡਾ ਵਪਾਰ ਕਿਵੇਂ ਬਣੇ ਕੋਚਿੰਗ ਸੈਂਟਰ

ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਨਿੱਜੀ ਕੋਚਿੰਗ ਸੈਂਟਰਾਂ ਵਿੱਚ ਕਲਾਸਾਂ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਹਦਾਇਤਾਂ ਇਨ੍ਹਾਂ ਕਲਾਸਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਵਿੱਚ ਵਧਦੀਆਂ ਖੁਦਕੁਸ਼ੀ ਦੀਆਂ ਘਟਨਾਵਾਂ, ਕੋਚਿੰਗ ਸੈਂਟਰਾਂ ਵਿੱਚ ਵਾਪਰਦੀਆਂ ਅੱਗ ਲੱਗਣ ਦੀਆਂ ਘਟਨਾਵਾਂ, ਸਹੂਲਤਾਂ ਦੀ ਕਮੀ ਵਰਗੇ ਮੁੱਦਿਆਂ ਦਾ ਵੀ ਇਨ੍ਹਾਂ ਹਦਾਇਤਾਂ ਵਿੱਚ ਧਿਆਨ ਰੱਖਿਆ ਗਿਆ ਹੈ। ਪੱਤਰ ਵਿੱਚ ਭਾਰਤ ਸਰਕਾਰ ਨੇ ਗੈਰ ਕਨੂੰਨੀ ਢੰਗ ਨਾਲ ਵਧਦੇ ਕੋਚਿੰਗ ਸੈਂਟਰਾਂ ਵੱਲ ਵੀ ਧਿਆਨ ਦਿੱਤਾ ਹੈ।

ਨਿਯਮਾਂ ਵਿੱਚ ਕੀ ਕਿਹਾ ਗਿਆ ਹੈ?

ਨਿਯਮਾਂ ਵਿੱਚ ਕੋਚਿੰਗ ਕਲਾਸਾਂ ਦੀ ਫੀਸ, ਜਮਾਤ ਕਮਰਿਆਂ, ਅਧਿਆਪਨ ਵਿਧੀਆਂ, ਅਧਿਆਪਕਾਂ, ਕਲਾਸਾਂ ਦੀ ਇਸ਼ਿਤਿਹਾਰਬਾਜ਼ੀ ਵਰਗੇ ਮਸਲਿਆਂ ਬਾਰੇ ਵਿਸਥਾਰ ਵਿੱਚ ਨਿਯਮ ਜਾਰੀ ਕੀਤੇ ਗਏ ਹਨ। ਪ੍ਰੋਸਪੈਕਟਸ(ਦਾਖ਼ਲਾ ਦਸਤਾਵੇਜ਼) ਵਿੱਚ ਕਿਸੇ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ ਸਹੀ-ਸਹੀ ਲਿਖੀ ਜਾਵੇਗੀ। ਕੋਚਿੰਗ ਸੈਂਟਰਾਂ ਤੋਂ ਉਮੀਦ ਕੀਤੀ ਗਈ ਹੈ ਕਿ ਉਹ ਇਹ ਜਾਣਕਾਰੀ ਆਪਣੀ ਵੈਬਸਾਈਟ ਉੱਤੇ ਪ੍ਰਕਾਸ਼ਿਤ ਕਰਨਗੇ। ਕੋਚਿੰਗ ਕਲਾਸਾਂ ਸ਼ੁਰੂ ਹੋਣ ਤੋਂ ਬਾਅਦ ਇਨ੍ਹਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾ ਸਕੇਗਾ। ਕੋਚਿੰਗ ਸੈਂਟਰਾਂ ਦੀ ਵੈਬਸਾਈਟ ਹੋਣੀ ਚਾਹੀਦੀ ਹੈ ਜਿਸ ਉੱਪਰ ਟਿਊਟਰ (ਅਧਿਆਪਕ) ਦੀ ਯੋਗਤਾ, ਸਿਲੇਬਸ, ਕੋਰਸ ਪੂਰਾ ਹੋਣ ਵਿੱਚ ਲੱਗਣ ਵਾਲਾ ਸਮਾਂ, ਹੋਸਟਲ ਦੀ ਸਹੂਲਤ ਅਤੇ ਫੀਸ ਦਾ ਵੇਰਵਾ ਹੋਣਾ ਚਾਹੀਦਾ ਹੈ। 16 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ ਕੋਚਿੰਗ ਸੈਂਟਰਾਂ ਵਿੱਚ ਦਾਖਲਾ ਨਹੀਂ ਲੈ ਸਕਣਗੇ ਜਾਂ 12ਵੀਂ ਦੀ ਪ੍ਰੀਖਿਆ ਤੋਂ ਬਾਅਦ ਹੀ ਵਿਦਿਆਰਥੀ ਕੋਚਿੰਗ ਸੈਂਟਰਾਂ ਵਿੱਚ ਦਾਖਲਾ ਲੈ ਸਕਣਗੇ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਔਖਿਆਈ ਦੇ ਪੱਧਰ, ਸਿਲੇਬਸ, ਤਿਆਰੀ ਵਿੱਚ ਲੱਗਣ ਵਾਲੀ ਮਿਹਨਤ ਅਤੇ ਯਤਨਾਂ ਤੋਂ ਜਾਣੂ ਕਰਵਾਇਆ ਜਾਵੇਗਾ। ਵਿਦਿਆਰਥੀਆਂ ਨੂੰ ਵਿੱਦਿਅਕ ਮਾਹੌਲ, ਸੱਭਿਆਚਾਰਕ ਰਹਿਣ-ਸਹਿਣ, ਸੱਚਾਈ, ਸਕੂਲੀ ਪ੍ਰੀਖਿਆਵਾਂ ਦੀ ਤਿਆਰੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਬਾਰੇ ਜਾਗਰੂਕ ਕੀਤਾ ਜਾਵੇਗਾ।

ਵਿਦਿਆਰਥੀਆਂ ਨੂੰ ਚੁਣਨ ਲਈ ਬਦਲਵੇਂ ਕਰੀਅਰ ਬਦਲ ਵੀ ਮੁੱਹਈਆ ਕਰਵਾਏ ਜਾਣਗੇ, ਤਾਂ ਜੋ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਬੇਲੋੜੇ ਬੋਝ ਤੋਂ ਬਚਾਇਆ ਜਾ ਸਕੇ ਅਤੇ ਉਹ ਬਦਲਵੇਂ ਰਾਹਾਂ ਨੂੰ ਵੀ ਚੁਣ ਸਕਣ। ਵਿਦਿਆਰਥੀਆਂ ਦੀ ਤਿਆਰੀ ਨੂੰ ਜਾਂਚਣ ਲਈ ਮੌਕ(ਨਕਲੀ)-ਪ੍ਰੀਖਿਆਵਾਂ ਲਈਆਂ ਜਾ ਸਕਦੀਆਂ ਹਨ। ਕੋਚਿੰਗ ਸੈਂਟਰ ਬੱਚਿਆਂ ਦੇ ਮਾਪਿਆਂ ਨੂੰ ਬੱਚੇ ਤੋਂ ਲਾਈਆਂ ਗਈਆਂ ਉਮੀਦਾਂ ਬਾਰੇ ਜਾਣੂ ਕਰਵਾ ਸਕਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਕੇਂਦਰ ਉਨ੍ਹਾਂ ਨੂੰ ਆਉਣ ਵਾਲੇ ਬਦਲਾਂ ਅਤੇ ਰਸਤਿਆਂ ਬਾਰੇ ਵੀ ਦੱਸਣਗੇ। ਕੋਚਿੰਗ ਸੈਂਟਰਾਂ ਵਿੱਚ ਦਾਖਲੇ ਦਾ ਮਤਲਬ ਮੈਡੀਕਲ, ਇੰਜੀਨੀਅਰਿੰਗ, ਕਾਨੂੰਨ, ਮੈਨੇਜਮੈਂਟ ਦੇ ਕਾਲਜਾਂ ਵਿੱਚ ਦਾਖਲੇ ਦੀ ਗਾਰੰਟੀ ਨਹੀਂ ਹੈ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਸ ਤੋਂ ਜਾਣੂ ਕਰਵਾਇਆ ਜਾਵੇ।

ਕੋਚਿੰਗ ਸੈਂਟਰ ਸਮੇਂ-ਸਮੇਂ ਸਿਰ ਮਨੋਵਿਗਿਆਨੀਆਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਵਰਕਸ਼ਾਪ ਅਤੇ ਲੈਕਚਰਾਂ ਦਾ ਪ੍ਰਬੰਧ ਕਰਨਗੇ। ਕੋਚਿੰਗ ਸੈਂਟਰ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਪੜ੍ਹਾਉਣ

ਪੰਜਾਬ ਦੀ ਸਿਆਸਤ ਅਤੇ ਅਰਥਚਾਰਾ



ਮਨੀਸ਼ ਤਿਵਾੜੀ

ਪੰਜਾਬ ਇਸ ਵੇਲੇ ਗੰਭੀਰ ਆਰਥਿਕ ਸੰਕਟ ਵਿੱਚ ਘਿਰਿਆ ਹੋਇਆ ਹੈ। ਆਉਣ ਵਾਲੀਆਂ ਪੀੜ੍ਹੀਆਂ ਉੱਤੇ ਕਰਜ਼ੇ ਦਾ ਅਜਿਹਾ ਪਹਾੜ ਖੜ੍ਹਾ ਕਰ ਦਿੱਤਾ ਗਿਆ ਹੈ, ਜਿਸ ਨਾਲ ਉਨ੍ਹਾਂ ਦੇ ਹੱਕਾਂ ਦਾ ਘਾਣ ਹੋਇਆ ਹੈ ਅਤੇ ਸੂਬੇ ਦੀ ਆਰਥਿਕ ਖ਼ੁਦਮੁਖ਼ਤਿਆਰੀ ਕਮਜ਼ੋਰ ਹੋਈ ਹੈ। ਇਹ ਪਿਛਲੇ 30 ਸਾਲਾਂ ਦੌਰਾਨ ਸਿਆਸੀ ਆਗੂਆਂ ਵੱਲੋਂ ਜਾਣ-ਬੁੱਝ ਕੇ ਲਏ ਗਏ ਵਿਨਾਸ਼ਕਾਰੀ ਫ਼ੈਸਲਿਆਂ ਦਾ ਨਤੀਜਾ ਹੈ। ਸੂਬਾ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਪਣੀ ਹੈਸੀਅਤ ਤੋਂ ਵੱਧ ਖ਼ਰਚ ਕਰ ਰਿਹਾ ਹੈ। ਮਾਰਚ 2027 ਤੱਕ ਸੂਬੇ ਦੀਆਂ ਕੁੱਲ ਦੇਣਦਾਰੀਆਂ 4,47,754 ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ ਐੱਸ ਡੀ ਪੀ) ਦਾ ਲਗਪਗ 45 ਫ਼ੀਸਦੀ ਹੈ। ਜੀ ਐੱਸ ਡੀ ਪੀ ਵਿੱਚ ਨਾਂ-ਮਾਤਰ ਵਾਧਾ ਹੋਣ ਦੇ ਬਾਵਜੂਦ ਇਹ ਅਨੁਪਾਤ ਲਗਾਤਾਰ 43 ਤੋਂ 48 ਫ਼ੀਸਦੀ ਦੇ ਵਿਚਕਾਰ ਹੀ ਬਣਿਆ ਹੋਇਆ ਹੈ।

ਕੰਪਟਰੋਲਰ ਅਤੇ ਆਡਿਟਰ ਜਨਰਲ (ਕੈਗ) ਨੇ ਮਾਰਚ 2024 ਤੱਕ ਸਰਕਾਰੀ ਅਦਾਰਿਆਂ ਅਤੇ ਅਧਿਕਾਰ ਖੇਤਰ ਵਾਲੀਆਂ ਸੰਸਥਾਵਾਂ ਰਾਹੀਂ 4,092.78 ਕਰੋੜ ਰੁਪਏ ਦੇ ਬਜਟ ਤੋਂ ਬਾਹਰਲੇ ਕਰਜ਼ਿਆਂ (ਆਫ-ਬਜਟ ਬੌਰੋਇੰਗਜ਼) ਵੱਲ ਇਸ਼ਾਰਾ ਕੀਤਾ ਸੀ। ਇਹ ਅਜਿਹੀਆਂ ਦੇਣਦਾਰੀਆਂ ਹਨ ਜੋ ਸਰਕਾਰੀ ਖ਼ਜ਼ਾਨੇ ਰਾਹੀਂ ਨਹੀਂ ਅਦਾ ਹੁੰਦੀਆਂ, ਫਿਰ ਵੀ ਇਨ੍ਹਾਂ ਦਾ ਭੁਗਤਾਨ ਬਜਟ ਵਿੱਚੋਂ ਹੀ ਕਰਨਾ ਪੈਂਦਾ ਹੈ। ਅੱਜ ਇਹ ਅੰਕੜਾ ਵਧ ਕੇ 23,654 ਕਰੋੜ ਰੁਪਏ ਹੋ ਗਿਆ ਹੈ। ਸਾਲ 2026-27 ਵਿੱਚ ਇਕੱਲੇ ਕਰਜ਼ੇ ਦਾ ਵਿਆਜ ਅਤੇ ਮੂਲ-ਭੁਗਤਾਨ 42,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ ਮਹਿਜ਼ ਵਿਆਜ ਦੇਣ ਵਿੱਚ ਹੀ ਮਾਲੀਆ ਪ੍ਰਾਪਤੀਆਂ ਦਾ 20 ਤੋਂ 25 ਫ਼ੀਸਦੀ ਹਿੱਸਾ ਖ਼ਪਤ ਹੋ ਰਿਹਾ ਹੈ। ਪੂੰਜੀਗਤ ਖ਼ਰਚ (ਕੈਪੀਟਲ ਐਕਸਪੈਂਡੀਚਰ) ਘਟ ਕੇ ਕੁੱਲ ਖ਼ਰਚੇ ਦੇ 5 ਫ਼ੀਸਦੀ ਤੋਂ ਵੀ ਹੇਠਾਂ ਆ ਗਿਆ ਹੈ, ਸਾਲ 2023-24 ਵਿੱਚ ਇਹ ਕੁੱਲ ਖ਼ਰਚੇ ਦਾ ਸਿਰਫ਼ 3.88 ਫ਼ੀਸਦੀ ਸੀ ਅਤੇ ਕਰਜ਼ਿਆਂ ਦਾ ਮਹਿਜ਼ 4.4 ਫ਼ੀਸਦੀ ਹਿੱਸਾ ਹੀ ਨਵੇਂ ਸਰੋਤਾਂ ਦੀ ਸਿਰਜਣਾ ਲਈ ਵਰਤਿਆ ਗਿਆ।

ਸਾਲ 2019 ਤੋਂ 2024 ਦੇ ਵਿਚਕਾਰ ਵਚਨਬੱਧ ਖ਼ਰਚੇ (ਤਨਖ਼ਾਹਾਂ, ਪੈਨਸ਼ਨਾਂ ਅਤੇ ਵਿਆਜ) ਮਾਲੀਆ ਪ੍ਰਾਪਤੀਆਂ ਦਾ ਔਸਤਨ 78 ਫ਼ੀਸਦੀ ਰਹੇ, ਜੋ ਕਿ 2023-24 ਵਿੱਚ ਵਧ ਕੇ 80 ਫ਼ੀਸਦੀ ਤੱਕ ਪਹੁੰਚ ਗਏ। ਜਿਹੜਾ ਸੂਬਾ ਕਿਸੇ ਵੀ ਨਵੇਂ ਸਕੂਲ, ਹਸਪਤਾਲ ਜਾਂ ਸੜਕ ਲਈ ਫੰਡ ਦੇਣ ਤੋਂ ਪਹਿਲਾਂ ਹੀ ਆਪਣੀ ਨਿਯਮਤ ਆਮਦਨ ਦਾ ਵੱਡਾ ਹਿੱਸਾ ਖ਼ਰਚ ਚੁੱਕਾ ਹੋਵੇ, ਉਸ ਨੇ ਵਿੱਤੀ ਨੀਤੀ ਤਹਿਤ ਫ਼ੈਸਲੇ ਲੈਣ ਦੇ ਆਪਣੇ ਅਧਿਕਾਰ ਪਹਿਲਾਂ ਹੀ ਤਿਆਗ ਦਿੱਤੇ ਹੁੰਦੇ ਹਨ। ਮਾਲੀ ਘਾਟਾ ਸਾਲ 2016-17 ਦੇ 7,311 ਕਰੋੜ ਰੁਪਏ ਤੋਂ ਵਧ ਕੇ ਸਾਲ 2025-26 ਵਿੱਚ (ਸੋਧੇ ਹੋਏ ਅਨੁਮਾਨਾਂ ਮੁਤਾਬਿਕ) 27,007 ਕਰੋੜ ਰੁਪਏ ਹੋ ਗਿਆ ਹੈ ਅਤੇ ਸਾਲ 2026-27 ਲਈ ਵਿੱਤੀ ਘਾਟਾ 39,971 ਕਰੋੜ ਰੁਪਏ (ਜੀ ਐੱਸ ਡੀ ਪੀ ਦਾ 4.1 ਫ਼ੀਸਦੀ) ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ। ਇਸ ਲਈ ਉਹ ਸਾਰੀਆਂ ਵੱਖ-ਵੱਖ ਪਾਰਟੀਆਂ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਚੋਣਾਂ ਵਿੱਚ ਲਾਹਾ ਲੈਣ ਲਈ ਵਚਨਬੱਧ ਖ਼ਰਚਿਆਂ ਅਤੇ ਬਜਟ ਤੋਂ ਬਾਹਰਲੀਆਂ ਦੇਣਦਾਰੀਆਂ ਨੂੰ ਵਧਾਉਣਾ ਫ਼ਾਇਦੇਮੰਦ ਸਮਝਿਆ ਜਦੋਂਕਿ ਇਸ ਦੇ ਸੁਧਾਰ ਦਾ ਸਾਰਾ ਆਰਥਿਕ ਬੋਝ ਆਉਣ ਵਾਲੀਆਂ ਸਰਕਾਰਾਂ ਉੱਤੇ ਛੱਡ ਦਿੱਤਾ। ਮੁਫ਼ਤ ਸਹੂਲਤਾਂ, ਖ਼ਾਸਕਰ ਬਿਜਲੀ ਦੀਆਂ ਸਬਸਿਡੀਆਂ, ਜੋ ਮਾਲੀਆ ਪ੍ਰਾਪਤੀਆਂ ਦਾ ਲਗਪਗ 20 ਫ਼ੀਸਦੀ ਹਿੱਸਾ ਨਿਗਲ ਜਾਂਦੀਆਂ ਹਨ (ਜਿਸ ਨਾਲ ਇਹ ਦੇਸ਼ ਦੇ ਸਾਰੇ ਸੂਬਿਆਂ ਵਿੱਚੋਂ ਸਭ ਤੋਂ ਵੱਧ ਸਬਸਿਡੀ ਤੇ ਮਾਲੀਏ ਦਾ ਅਨੁਪਾਤ ਬਣ ਜਾਂਦਾ ਹੈ), ਰਾਜ ਦੇ ਉਸ ਮਾਡਲ ਦੀ ਪਛਾਣ ਬਣ ਗਈਆਂ ਹਨ ਜੋ ਸਰਕਾਰੀ ਖ਼ਜ਼ਾਨੇ ਨੂੰ ਵਿਕਾਸ ਦੇ ਸਾਧਨ ਵਜੋਂ ਨਹੀਂ ਸਗੋਂ ਸਿਆਸੀ ਰਿਆਇਤਾਂ ਵੰਡਣ ਦੇ ਸੰਦ ਵਜੋਂ ਵਰਤਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਅਜਿਹੇ ਬਜਟ ਵਿੱਚ ਅਨੁਮਾਨਿਤ ਮਾਲੀਆ ਪ੍ਰਾਪਤੀਆਂ ਦਾ 90 ਫ਼ੀਸਦੀ ਤੋਂ ਵੱਧ ਹਿੱਸਾ ਵਿਆਜ, ਤਨਖ਼ਾਹਾਂ, ਪੈਨਸ਼ਨਾਂ ਅਤੇ ਬਿਜਲੀ ਦੀ ਸਬਸਿਡੀ ਵਿੱਚ ਹੀ ਖ਼ਪਤ ਹੋ ਜਾਂਦਾ ਹੈ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਪ੍ਰਮੁੱਖ ਸਕੀਮਾਂ ਲਈ ਮਹਿਜ਼ 11,000 ਕਰੋੜ ਰੁਪਏ ਬਚਦੇ ਹਨ।

ਮਾਰਚ 2027 ਵਿੱਚ ਸੱਤਾ ਵਿੱਚ ਆਉਣ ਵਾਲੀ ਨਵੀਂ ਸਰਕਾਰ ਨੂੰ ਅਜਿਹਾ ਬਜਟ ਵਿਰਸੇ ਵਿੱਚ ਮਿਲੇਗਾ, ਜਿਸ ਵਿੱਚ ਮਾਲੀਏ ਉੱਤੇ ਪਹਿਲਾ ਹੱਕ ਉਸ ਦੇ ਆਪਣੇ ਚੋਣ ਮਨੋਰਥ ਪੱਤਰ ਦਾ ਨਹੀਂ ਸਗੋਂ ਪਿਛਲੀਆਂ ਸਰਕਾਰਾਂ ਦੌਰਾਨ ਸਿਰ ਚੜ੍ਹੇ ਕਰਜ਼ਿਆਂ ਅਤੇ ਦੇਣਦਾਰੀਆਂ ਦਾ ਹੋਵੇਗਾ। ਸੂਬਾਈ ਵਿੱਤ ਕਮਿਸ਼ਨ ਦਾ ਅਨੁਮਾਨ ਹੈ ਕਿ ਜੇਕਰ ਮੌਜੂਦਾ ਰੁਝਾਨ ਇਸੇ ਤਰ੍ਹਾਂ ਜਾਰੀ ਰਹੇ ਤਾਂ ਸਾਲ 2030-31 ਤੱਕ ਕਰਜ਼ੇ ਅਤੇ ਜੀ ਐੱਸ ਡੀ ਪੀ ਦਾ ਅਨੁਪਾਤ ਵਧ ਕੇ 62 ਫ਼ੀਸਦੀ ਤੱਕ ਪਹੁੰਚ ਸਕਦਾ ਹੈ। ਕਿਸੇ ਵੀ ਸੁਧਾਰਵਾਦੀ ਕਦਮ ਦੀ ਸ਼ੁਰੂਆਤ ਲਈ ਥੋੜ੍ਹੇ ਸਮੇਂ ਦੇ ਸਿਆਸੀ ਚੋਣ ਲਾਭਾਂ ਵਾਲੀ ਸੌੜੀ ਸੋਚ ਦਾ ਟਾਕਰਾ ਕਰਨ ਵਾਸਤੇ ਸਿਆਸੀ ਇੱਛਾ ਸ਼ਕਤੀ ਅਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਮੁਫ਼ਤ ਸਹੂਲਤਾਂ ਉੱਤੇ ਕੀਤੇ ਜਾ ਰਹੇ ਬੇਲੋੜੇ ਸਮਾਜਿਕ ਭਲਾਈ ਖ਼ਰਚਿਆਂ ਵਿੱਚ ਵੱਡੇ ਪੱਧਰ ਉੱਤੇ ਸੁਧਾਰ ਕਰਨ ਦੀ ਸਖ਼ਤ ਲੋੜ ਹੈ। ਸਰਕਾਰ ਦਾ ਫ਼ਰਜ਼ ਹਰ ਕਿਸੇ ਨੂੰ ਬੇਲੋੜੀ ਖ਼ੈਰਾਤ ਦੇਣਾ ਜਾਂ ਖ਼ਪਤ ਲਈ ਸਬਸਿਡੀਆਂ ਦੇਣਾ ਨਹੀਂ ਹੈ। ਇਸ ਦਾ ਮੁੱਢਲਾ ਫ਼ਰਜ਼ ਸਮਾਜਿਕ ਉਪ-ਪੂੰਜੀ (ਸੋਸ਼ਲ ਵਰਹੈਂਡ ਕੈਪੀਟਲ) ਦੀ ਸਿਰਜਣਾ ਅਤੇ ਅਜਿਹੇ ਸਮਰੱਥ ਭਾਈਚਾਰਕ ਸਾਧਨ ਪੈਦਾ ਕਰਨਾ ਹੈ ਜੋ ਨਾਗਰਿਕਾਂ ਨੂੰ ਆਰਥਿਕ ਵਿਕਾਸ ਵਿੱਚ ਉਤਪਾਦਕ ਹਿੱਸੇਦਾਰ ਬਣਨ ਦੇ ਸਮਰੱਥ ਬਣਾਉਣ।



ਹੁਣ ਪੰਜਾਬੀਆਂ ਨੂੰ 'ਆਮਦਨੀ ਅਠਿਆਨੀ, ਖ਼ਰਚਾ ਰੁਪੱਈਆ' ਵਾਲੀ ਹਕੀਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਚਾਈ ਨੂੰ ਸੂਬੇ ਦੇ ਸਿਆਸੀ ਵਰਗ ਨੇ ਲੰਮੇ ਸਮੇਂ ਤੋਂ ਮੰਨਣ ਤੋਂ ਇਨਕਾਰ ਕੀਤਾ ਹੈ। ਆਰਥਿਕ ਅਨੁਸ਼ਾਸਨ ਦੀ ਪ੍ਰਾਪਤੀ ਵਿਕਾਸ ਲਈ ਪਹਿਲੀ ਸ਼ਰਤ ਹੈ।

ਸੁਧਾਰਵਾਦੀ ਕਦਮ ਦਾ ਦੂਜਾ ਅਤੇ ਵਧੇਰੇ ਆਸ਼ਾਵਾਦੀ ਪੱਖ ਇਹ ਹੈ ਕਿ ਅਸੀਂ ਅਤੀਤ ਦੀਆਂ ਬੌਧਿਕ ਅਤੇ ਆਰਥਿਕ ਜ਼ੰਜੀਰਾਂ ਤੋਂ ਆਜ਼ਾਦ ਹੋਈਏ। ਪੰਜਾਬ ਨੂੰ ਖ਼ੁਦ ਨੂੰ ਮਹਿਜ਼ ਇੱਕ ਅਜਿਹੇ ਖੇਤੀ ਪ੍ਰਧਾਨ ਸੂਬੇ ਵਜੋਂ ਦੇਖਣਾ ਬੰਦ ਕਰ ਦੇਣਾ ਚਾਹੀਦਾ ਹੈ ਜਿਸ ਨੂੰ ਸਨਅਤ ਦੀ ਲੋੜ ਹੈ ਸਗੋਂ ਇਸ ਦੀ ਬਜਾਏ ਉੱਨਤ ਖੇਤੀ-ਸਨਅਤੀ (ਐਗਰੀ-ਇੰਡਸਟਰੀਅਲ) ਸੂਬੇ ਵਜੋਂ ਸੁਰਜੀਤ ਕਰਨਾ ਚਾਹੀਦਾ ਹੈ, ਜਿੱਥੇ ਇਸ ਦੇ ਖੇਤ ਇਸ ਦੀਆਂ ਫੈਕਟਰੀਆਂ ਨੂੰ ਕੱਚਾ ਮਾਲ ਮੁਹੱਈਆ ਕਰਵਾਉਣ। ਇਸ ਲਈ ਘੱਟ ਮੁੱਲ ਵਾਲੇ ਤੇ ਧਰਤੀ ਹੇਠਲੇ ਪਾਣੀ ਨੂੰ ਨਿਗਲਣ ਵਾਲੇ ਝੋਨੇ-ਕਣਕ ਦੇ ਚੱਕਰ ਤੋਂ ਸੋਚ-ਸਮਝ ਕੇ ਕਿਨਾਰਾ ਕਰਨਾ ਪਵੇਗਾ ਅਤੇ ਉੱਚ-ਮੁੱਲ ਵਾਲੇ ਬਾਗ਼ਬਾਨੀ, ਫੂਡ ਪ੍ਰੋਸੈਸਿੰਗ ਅਤੇ ਖੇਤੀ ਨਿਰਯਾਤ ਵੱਲ ਪਰਤਣਾ ਪਵੇਗਾ।

ਵਿਸ਼ੇਸ਼ ਸਨਅਤੀ ਕੇਂਦਰਾਂ ਨਾਲ ਜੁੜੇ ਆਰਥਿਕ ਖਿੱਤੇ ਸੂਬੇ ਦੀਆਂ ਮੌਜੂਦਾ ਸਮਰੱਥਾਵਾਂ ਨੂੰ ਹੋਰ ਬੁਲੰਦ ਕਰਨਗੇ। ਉੱਤਰੀ ਖਿੱਤਾ (ਪਠਾਨਕੋਟ ਅਤੇ ਗੁਰਦਾਸਪੁਰ) ਵੱਡੇ ਫ਼ੌਜੀ ਟਿਕਾਣਿਆਂ ਦੀ ਨੇੜਤਾ ਦਾ ਲਾਹਾ ਲੈਂਦਿਆਂ ਰੱਖਿਆ ਅਤੇ ਏਅਰੋਸਪੇਸ ਪੁਰਜ਼ਿਆਂ, ਹਵਾਈ ਜਹਾਜ਼ਾਂ ਦੇ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਅਤੇ ਬਾਰੀਕ ਤੇ ਸਟੀਕ ਮਸ਼ੀਨੀ ਪੁਰਜ਼ਿਆਂ ਦੇ ਨਿਰਮਾਣ ਲਈ ਵਿਕਸਤ ਕੀਤਾ ਜਾ ਸਕਦਾ ਹੈ। ਇਹ ਫ਼ੌਜੀ ਅਤੇ ਆਮ ਦੋਹਾਂ ਵਰਤੋਂ ਵਾਲਾ ਹਾਈ-ਟੈੱਕ ਕੇਂਦਰ ਬਣ ਸਕਦਾ ਹੈ, ਜਿੱਥੇ ਬਾਗ਼ਬਾਨੀ ਨੂੰ ਵਿਸ਼ੇਸ਼ ਤੌਰ 'ਤੇ ਉੱਚ-ਮੁੱਲ ਵਾਲੀਆਂ ਅਤੇ ਛੇਤੀ ਖ਼ਰਾਬ ਹੋਣ ਵਾਲੀਆਂ ਫ਼ਸਲਾਂ ਲਈ ਤਿਆਰ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਨੂੰ ਹਵਾਈ ਮਾਰਗ ਰਾਹੀਂ ਬਾਹਰ ਭੇਜਿਆ ਜਾ ਸਕੇ। ਮੱਧ-ਪੱਛਮੀ ਖਿੱਤਾ (ਅੰਮ੍ਰਿਤਸਰ ਅਤੇ ਤਰਨ ਤਾਰਨ) ਹਵਾਈ ਅੱਡੇ ਦੀ ਕਾਰਗੋ ਸਹੂਲਤ ਦੀ ਵਰਤੋਂ ਕਰਦਿਆਂ ਪ੍ਰੋਸੈੱਸਡ ਸਬਜ਼ੀਆਂ, ਫਲਾਂ, ਡੇਅਰੀ ਉਤਪਾਦਾਂ, ਮਸਾਲਿਆਂ ਅਤੇ ਤਿਆਰ ਖ਼ੁਰਾਕੀ ਵਸਤਾਂ 'ਤੇ ਧਿਆਨ ਕੇਂਦਰਿਤ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਕੱਪੜਾ ਉਦਯੋਗ, ਖੇਡਾਂ ਦੇ ਸਾਮਾਨ ਅਤੇ ਹਲਕੀ ਇੰਜੀਨੀਅਰਿੰਗ ਵੱਲ ਵੀ ਪੈਰ ਪਸਾਰ ਸਕਦਾ ਹੈ। ਮੱਧ ਖਿੱਤਾ (ਲੁਧਿਆਣਾ, ਜਲੰਧਰ ਅਤੇ ਕਪੂਰਥਲਾ) ਨੂੰ ਸਾਈਕਲਾਂ ਤੋਂ ਈ-ਸਾਈਕਲਾਂ, ਮੋਟਰਾਂ ਤੇ ਬਰਾਮਦ ਵੱਲ ਕਦਮ ਵਧਾਉਣ ਅਤੇ ਕਪੂਰਥਲਾ ਦੀ ਰੇਲ ਕੋਚ ਫੈਕਟਰੀ ਦੇ ਆਧਾਰ 'ਤੇ ਸਾਧਾਰਨ ਮਸ਼ੀਨ ਟੂਲਜ਼ ਤੋਂ ਅੱਗੇ ਨਿਕਲ ਕੇ ਉੱਨਤ ਨਿਰਮਾਣ (ਐਡਵਾਂਸਡ ਮੈਨੂਫੈਕਚਰਿੰਗ) ਅਤੇ ਰੇਲਵੇ ਉਪਕਰਨਾਂ ਤੱਕ ਦਾ ਸਫ਼ਰ ਤੈਅ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਦੱਖਣ-ਪੱਛਮੀ ਖਿੱਤਾ (ਬਠਿੰਡਾ, ਮਾਨਸਾ ਅਤੇ ਫ਼ਿਰੋਜ਼ਪੁਰ) ਖੇਤੀਬਾੜੀ ਮਸ਼ੀਨਰੀ, ਬੀਜ ਪ੍ਰੋਸੈਸਿੰਗ ਅਤੇ ਸੌਰ ਤੇ ਬਿਜਲੀ ਉਪਕਰਨਾਂ ਵਿੱਚ ਮੋਹਰੀ ਹੋ ਕੇ ਖੇਤੀ-ਆਧਾਰਿਤ ਉਦਯੋਗਾਂ (ਐਗਰੋ-ਪ੍ਰੋਸੈਸਿੰਗ) ਦੀ ਰਾਜਧਾਨੀ ਬਣ ਸਕਦਾ ਹੈ। ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਬੱਦੀ ਦੇ ਫਾਰਮਾ ਸਨਅਤੀ ਮਾਹੌਲ ਦਾ ਵਿਸਥਾਰ ਬਣ ਸਕਦੇ ਹਨ। ਅਖ਼ੀਰ ਵਿੱਚ ਪੂਰਬੀ ਖਿੱਤਾ (ਮੁਹਾਲੀ, ਪਟਿਆਲਾ ਅਤੇ ਸੰਗਰੂਰ) ਮਸਨੂਈ ਬੁੱਧੀ ਯਾਨੀ ਆਰਟੀਫੀਸ਼ੀਅਲ ਇੰਟੈਲੀਜੈਂਸ, ਸੌਫਟਵੇਅਰ, ਬਾਇਓ ਟੈਕਨਾਲੋਜੀ, ਮੈਡੀਕਲ ਤਕਨਾਲੋਜੀ ਅਤੇ ਸੈਮੀਕੰਡਕਟਰ ਡਿਜ਼ਾਈਨ ਲਈ ਇੱਕ ਨਿਵੇਕਲਾ ਕੇਂਦਰ ਹੋਣਾ ਚਾਹੀਦਾ ਹੈ ਤਾਂ ਜੋ ਯੂਨੀਵਰਸਿਟੀਆਂ ਤੋਂ ਲੈ ਕੇ ਪ੍ਰਯੋਗਸ਼ਾਲਾਵਾਂ, ਸਟਾਰਟ-ਅੱਪਸ ਅਤੇ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਤੱਕ ਇੱਕ ਨਿਰਵਿਘਨ ਲੜੀ ਕਾਇਮ ਹੋ ਸਕੇ। ਇਨ੍ਹਾਂ ਖਿੱਤਿਆਂ ਨੂੰ ਦੁਨੀਆ ਨਾਲ ਜੋੜਨ ਲਈ ਹਵਾਈ ਅੱਡਿਆਂ 'ਤੇ ਆਧਾਰਿਤ ਬਰਾਮਦ ਕੇਂਦਰਾਂ ਦਾ ਜਾਲ ਵਿਛਾਉਣਾ ਬਹੁਤ ਜ਼ਰੂਰੀ ਹੈ। ਅੰਮ੍ਰਿਤਸਰ, ਮੁਹਾਲੀ, ਹਲਵਾਰਾ, ਆਦਮਪੁਰ, ਬਠਿੰਡਾ ਅਤੇ ਪਠਾਨਕੋਟ ਦੇ ਹਵਾਈ ਅੱਡਿਆਂ ਨੂੰ ਵਿਸ਼ੇਸ਼ ਕਾਰਗੋ ਟਰਮੀਨਲਾਂ ਵਿੱਚ ਬਦਲਿਆ ਜਾਣਾ ਚਾਹੀਦਾ ਹੈ, ਜਿੱਥੋਂ ਉੱਚ-ਮੁੱਲ ਅਤੇ ਘੱਟ ਵਜ਼ਨ ਵਾਲੀਆਂ ਵਸਤਾਂ ਹਵਾਈ ਰਸਤੇ ਭੇਜੀਆਂ ਜਾ ਸਕਣ। ਇਸ ਖਾਕੇ ਵਿੱਚ ਅਜਿਹੀ ਊਰਜਾ ਨੀਤੀ ਵੀ ਸ਼ਾਮਲ ਹੋਣੀ ਚਾਹੀਦੀ ਹੈ, ਜੋ ਸੂਰਜੀ ਊਰਜਾ, ਪਰਾਲੀ/ਬਾਇਓ ਮਾਸ ਅਤੇ ਊਰਜਾ ਭੰਡਾਰਨ ਦੇ ਤਰੀਕੇ 'ਤੇ ਧਿਆਨ ਕੇਂਦਰਿਤ ਕਰੇ ਅਤੇ ਨਾਲ ਹੀ ਸਨਅਤਾਂ ਨੂੰ ਭਰੋਸੇਯੋਗ ਤੇ ਸਾਫ਼-ਸੁਥਰੀ ਬਿਜਲੀ ਦੇਣ ਲਈ ਸਾਲ 2040 ਤੱਕ 1,400 ਮੈਗਾਵਾਟ ਪਰਮਾਣੂ ਊਰਜਾ ਸਮਰੱਥਾ ਤਿਆਰ ਕਰਨ ਦੀ ਲੰਮੇ ਸਮੇਂ ਦੀ ਯੋਜਨਾ ਵੀ ਤਿਆਰ ਕਰੇ।

ਹੁਨਰ ਮੰਦ ਕਾਰਜਸ਼ੀਲ ਤਾਕਤ ਲਈ ਹਰ ਖਿੱਤੇ ਵਿੱਚ ਸਨਅਤਾਂ ਵੱਲੋਂ ਚਲਾਏ ਜਾਂਦੇ ਹੁਨਰ ਸਿਖਲਾਈ ਕੇਂਦਰ ਅਤੇ ਮੁਹਾਲੀ, ਪਟਿਆਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਖੇ ਯੂਨੀਵਰਸਿਟੀ ਰਿਸਰਚ ਪਾਰਕ ਹੋਣੇ ਅਤਿ-ਲਾਜ਼ਮੀ ਹਨ। ਸਮੁੰਦਰੀ ਕੰਢੇ ਅਤੇ ਸਨਅਤੀ ਲਾਭਾਂ ਵਾਲੇ ਗੁਜਰਾਤ ਜਾਂ ਮਹਾਰਾਸ਼ਟਰ ਵਾਂਗ ਪੰਜਾਬ ਨੂੰ ਵੀ ਆਪਣੀ ਨਿਵੇਕਲੀ ਪਛਾਣ ਬਣਾਉਣੀ ਪਵੇਗੀ ਅਤੇ ਭਾਰਤ ਦਾ ਪਹਿਲਾ ਵੱਡੇ ਪੱਧਰ ਦਾ ਅਜਿਹਾ ਸੂਬਾ ਬਣਨਾ ਪਵੇਗਾ, ਜਿੱਥੇ ਖੇਤੀ-ਸਨਅਤ, ਇੰਜੀਨੀਅਰਿੰਗ, ਡਿਜੀਟਲ ਤਕਨਾਲੋਜੀ ਅਤੇ ਉੱਚ-ਮੁੱਲ ਵਾਲੀ ਬਾਗ਼ਬਾਨੀ ਦਾ ਸੁਮੇਲ ਹੋਵੇ। ਸਿਆਸੀ ਚੁਣੌਤੀ ਬਹੁਤ ਵੱਡੀ ਹੈ ਕਿਉਂਕਿ ਵਿੱਤੀ ਅਨੁਸ਼ਾਸਨ ਕਾਰਨ ਸੰਗਠਿਤ ਹਿੱਤਾਂ ਨੂੰ ਤੁਰੰਤ ਮਾਰ ਪੈਂਦੀ ਹੈ ਜਦੋਂਕਿ ਇਸ ਦੇ ਲਾਭ ਲੰਮੇ ਸਮੇਂ ਬਾਅਦ ਵਿਆਪਕ ਰੂਪ ਵਿੱਚ ਸਾਹਮਣੇ ਆਉਂਦੇ ਹਨ। ਇਸ ਲਈ ਇਹ ਕਿਸੇ ਇੱਕ ਪਾਰਟੀ ਜਾਂ ਸਰਕਾਰ ਦਾ ਇਕੱਲੇ ਦਾ ਪ੍ਰੋਜੈਕਟ ਨਹੀਂ ਹੋ ਸਕਦਾ। ਬਦਕਿਸਮਤੀ ਨਾਲ, ਪੰਜਾਬ ਦਾ ਸਿਆਸੀ ਵਰਗ 1966 ਵਿੱਚ ਸੂਬੇ ਦੀ ਤਿੰਨ ਹਿੱਸਿਆਂ 'ਚ ਵੰਡ ਤੋਂ ਲੈ ਕੇ ਅਤੇ ਖ਼ਾਸ ਕਰਕੇ 1995 ਵਿੱਚ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਦੇ ਖ਼ਾਤਮੇ ਮਗਰੋਂ ਚੋਣ ਲਾਭਾਂ ਤੋਂ ਅੱਗੇ ਦੇਖਣ ਵਿੱਚ ਅਸਫ਼ਲ ਹੀ ਰਿਹਾ ਹੈ। ਪੰਜਾਬ ਨੂੰ ਇੱਕ ਸਰਬ-ਪਾਰਟੀ ਵਿੱਤੀ ਸਹਿਮਤੀ ਦੀ ਲੋੜ ਹੈ ਤਾਂ ਜੋ ਅਗਲੇ ਪੰਜ ਸਾਲਾਂ ਵਿੱਚ ਮਾਲੀ ਘਾਟੇ ਨੂੰ ਘਟਾਇਆ ਜਾ ਸਕੇ ਅਤੇ ਵਿਕਾਸ ਕਾਰਜਾਂ (ਪੂੰਜੀਗਤ ਖ਼ਰਚੇ) ਉੱਤੇ ਖ਼ਰਚ ਹੁੰਦੀ ਰਕਮ ਨੂੰ 5 ਫ਼ੀਸਦੀ ਤੋਂ ਵਧਾ ਕੇ ਘੱਟੋ-ਘੱਟ 10 ਤੋਂ 20 ਫ਼ੀਸਦੀ ਦਰਮਿਆਨ ਲਿਜਾਇਆ ਜਾ ਸਕੇ। ਇਹ ਟੀਚਾ ਹਾਸਲ ਕਰਨ ਲਈ ਸੂਬੇ ਨੂੰ ਮੱਧ-ਕਾਲੀਨ ਖ਼ਰਚਾ ਢਾਂਚੇ (ਐੱਮ ਟੀ ਈ ਐੱਫ) ਤਹਿਤ ਪੱਕੀ ਵਚਨਬੱਧਤਾ ਦਿਖਾਉਣੀ ਪਵੇਗੀ।

ਬਜਟ ਤੋਂ ਬਾਹਰ ਲਏ ਗਏ ਕਰਜ਼ਿਆਂ (ਆਫ-ਬਜਟ ਬੌਰੋਇੰਗਜ਼) ਨੂੰ ਬਜਟ ਵਿੱਚ ਹੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਇੱਕੋ

ਪੰਜਾਬ ’ਚ ਬਿਜਲੀ ਦੀ ਮੰਗ ਕਿਉਂ ਵਧੀ?

ਇੰਦਰਪ੍ਰੀਤ ਸਿੰਘ

ਪੰਜਾਬ ’ਚ ਬਿਜਲੀ ਦੇ ਕੱਟ ਲੱਗਦੇ ਹਨ ਤਾਂ ਸਭ ਤੋਂ ਪਹਿਲਾਂ ਸਵਾਲ ਹੁੰਦਾ ਹੈ–ਬਿਜਲੀ ਕਿੱਥੇ ਗਈ? ਪਰ ਇਸ ਵੇਲੇ ਸਵਾਲ ਥੋੜ੍ਹਾ ਬਦਲਣ ਦੀ ਲੋੜ ਹੈ–ਬਿਜਲੀ ਦੀ ਮੰਗ ਇੰਨੀ ਤੇਜ਼ੀ ਨਾਲ ਕਿੱਥੋਂ ਆ ਗਈ ਤੇ ਉਸ ਦੇ ਮੁਕਾਬਲੇ ਬਿਜਲੀ ਪੈਦਾ ਕਰਨ ਦੀ ਸਾਡੀ ਸਮਰੱਥਾ ਕਿਉਂ ਨਹੀਂ ਵਧੀ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪੰਜਾਬ ’ਚ ਬਿਜਲੀ ਦੀ ਕਹਾਣੀ ਸਿਰਫ਼ ਇਕ ਮੌਸਮ, ਇਕ ਸਰਕਾਰ ਜਾਂ ਕਿਸੇ ਇਕ ਸਾਲ ਦੀ ਨਹੀਂ। ਇਹ ਕਈ ਸਾਲਾਂ ਤੋਂ ਚੱਲ ਰਹੀ ਉਸ ਯੋਜਨਾਬੰਦੀ ਦੀ ਕਹਾਣੀ ਹੈ, ਜਿਸ ’ਚ ਬਿਜਲੀ ਦੀ ਮੰਗ ਤਾਂ ਲਗਾਤਾਰ ਵਧਦੀ ਗਈ, ਪਰ ਉਸ ਮੰਗ ਨੂੰ ਪੂਰਾ ਕਰਨ ਲਈ ਉਤਪਾਦਨ ਸਮਰੱਥਾ ਉਸੇ ਰਫ਼ਤਾਰ ਨਾਲ ਨਹੀਂ ਵਧੀ। ਪਿਛਲੇ ਦਸ ਸਾਲਾਂ ਦੇ ਅੰਕੜੇ ਇਸ ਗੱਲ ਨੂੰ ਬਹੁਤ ਸਾਫ਼ ਕਰਦੇ ਹਨ। ਸਾਲ 2016-17 ’ਚ ਪੰਜਾਬ ਦੀ ਵੱਧ ਤੋਂ ਵੱਧ ਬਿਜਲੀ ਮੰਗ 11,408 ਮੈਗਾਵਾਟ ਸੀ। ਸਾਲ 2026-27 ’ਚ ਇਹ ਵਧ ਕੇ 17,672 ਮੈਗਾਵਾਟ ਤੱਕ ਪਹੁੰਚ ਗਈ। ਮਤਲਬ ਦਸ ਸਾਲਾਂ ’ਚ ਲਗਭਗ 55 ਫ਼ੀਸਦੀ ਵਾਧਾ। ਸਧਾਰਨ ਭਾਸ਼ਾ ’ਚ ਕਹੀਏ ਤਾਂ ਪੰਜਾਬ ਦੀ ਵੱਧ ਤੋਂ ਵੱਧ ਬਿਜਲੀ ਮੰਗ ਹਰ ਸਾਲ ਔਸਤਨ ਕਰੀਬ ਸਾਢੇ ਚਾਰ ਫ਼ੀਸਦੀ ਦੀ ਰਫ਼ਤਾਰ ਨਾਲ ਵਧੀ। ਹੁਣ ਦੂਜਾ ਅੰਕੜਾ ਦੇਖੋ। ਇਸੇ ਸਮੇਂ ਦੌਰਾਨ ਪੰਜਾਬ ਦੀ ਆਪਣੀ ਸਥਾਪਿਤ ਬਿਜਲੀ ਉਤਪਾਦਨ ਸਮਰੱਥਾ 14,162 ਮੈਗਾਵਾਟ ਤੋਂ ਵਧ ਕੇ ਸਿਰਫ਼ 14,882 ਮੈਗਾਵਾਟ ਹੋਈ। ਕੁੱਲ ਵਾਧਾ ਪੰਜ ਫ਼ੀਸਦੀ ਦੇ ਨੇੜੇ। ਸਾਲਾਨਾ ਔਸਤ ਵਾਧਾ ਅੱਧੇ ਫ਼ੀਸਦੀ ਦੇ ਕਰੀਬ। ਇਕ ਪਾਸੇ ਮੰਗ ਸਾਢੇ ਚਾਰ ਫ਼ੀਸਦ ਦੀ ਰਫ਼ਤਾਰ ਨਾਲ ਵਧ ਰਹੀ ਹੈ ਤੇ ਦੂਜੇ ਪਾਸੇ ਉਤਪਾਦਨ ਸਮਰੱਥਾ ਅੱਧੇ ਫ਼ੀਸਦੀ ਦੇ ਨੇੜੇ ਵਧ ਰਹੀ ਹੈ। ਫਿਰ ਜੇ ਕਿਸੇ ਦਿਨ ਬਿਜਲੀ ਦੀ ਘਾਟ ਪੈਦਾ ਹੋ ਜਾਵੇ ਤਾਂ ਹੈਰਾਨੀ ਕਿਹੜੀ ਗੱਲ ਦੀ ਹੈ? ਇਹ ਅੰਕੜੇ ਕਿਸੇ ਇਕ ਸਰਕਾਰ ਦੀ ਨਹੀਂ, ਕਈ ਸਾਲਾਂ ਦੀ ਨੀਤੀ ਅਤੇ ਯੋਜਨਾਬੰਦੀ ਦਾ ਹਿਸਾਬ ਮੰਗਦੇ ਹਨ ਪਰ ਇਸ ਸਾਰੀ ਕਹਾਣੀ ’ਚ ਇਕ ਹੋਰ ਮਹੱਤਵਪੂਰਨ ਪੱਖ ਹੈ ਕਿ ਬਿਜਲੀ ਦੀ ਖ਼ਪਤ ਵਧਾਉਣ ਵਾਲੀਆਂ ਸਰਕਾਰੀ ਨੀਤੀਆਂ। 300 ਯੂਨਿਟ ਮੁਫ਼ਤ ਬਿਜਲੀ ਪੰਜਾਬ ਦੇ ਲੋਕਾਂ ਲਈ ਇਕ ਵੱਡੀ ਰਾਹਤ ਹੈ। ਖ਼ਾਸ ਕਰ ਘੱਟ ਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਲਈ ਇਸ ਦਾ ਆਰਥਿਕ ਮਹੱਤਵ ਸਮਝਿਆ ਜਾ ਸਕਦਾ ਹੈ ਪਰ ਹਰ ਰਾਹਤ ਦੀ ਇਕ ਕੀਮਤ ਵੀ ਹੁੰਦੀ ਹੈ। ਖ਼ਪਤਕਾਰ ਲਈ ਬਿੱਲ ਘੱਟ ਹੋ ਸਕਦਾ ਹੈ ਪਰ ਬਿਜਲੀ ਪੈਦਾ ਕਰਨ ਦੀ ਲਾਗਤ ਘੱਟ ਨਹੀਂ ਹੋ ਜਾਂਦੀ। ਇੱਥੇ ਸਰਕਾਰਾਂ ਤੋਂ ਇਕ ਬੁਨਿਆਦੀ ਸਵਾਲ ਪੁੱਛਣਾ ਬਣਦਾ ਹੈ ਕਿ ਜੇ ਤੁਸੀਂ ਲੋਕਾਂ ਨੂੰ ਵੱਧ ਬਿਜਲੀ ਵਰਤਣ ਦੀ ਗੁੰਜਾਇਸ਼ ਦੇ ਰਹੇ ਹੋ ਤਾਂ ਉਸ ਵਧੀ ਹੋਈ ਖ਼ਪਤ ਲਈ ਬਿਜਲੀ ਕਿੱਥੋਂ ਆਵੇਗੀ? ਕਿਉਂਕਿ ਮੁਫ਼ਤ ਬਿਜਲੀ ਦਾ ਐਲਾਨ ਕਰਨਾ ਆਸਾਨ ਹੈ। ਨਵਾਂ ਬਿਜਲੀ ਘਰ ਬਣਾਉਣਾ ਆਸਾਨ ਨਹੀਂ। ਇਕ ਵੱਡਾ ਤਾਪ ਬਿਜਲੀ ਘਰ ਬਣਾਉਣ ’ਚ ਜ਼ਮੀਨ ਤੋਂ ਲੈ ਕੇ ਵਾਤਾਵਰਣਕ ਮਨਜ਼ੂਰੀਆਂ ਤੱਕ, ਤਕਨੀਕੀ ਅਧਿਐਨ ਤੋਂ ਲੈ ਕੇ ਵਿਸਥਾਰਤ ਪ੍ਰਾਜੈਕਟ ਰਿਪੋਰਟ ਤੱਕ, ਵਿੱਤੀ ਪ੍ਰਬੰਧ ਤੋਂ ਲੈ ਕੇ ਨਿਰਮਾਣ ਤੇ ਜਾਂਚ ਤੱਕ ਕਈ ਪੜਾਅ ਹੁੰਦੇ ਹਨ। ਇਹ ਕੰਮ ਮਹੀਨਿਆਂ ’ਚ ਨਹੀਂ, ਸਾਲਾਂ ’ਚ ਪੂਰਾ ਹੁੰਦਾ ਹੈ। ਇਸੇ ਕਰਕੇ ਰੋਪੜ ਦੇ ਬਿਜਲੀ ਘਰ ਨਾਲ ਜੁੜੀ ਕਹਾਣੀ ਨੂੰ ਵੀ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਸਾਲ 2016 ’ਚ ਪੁਰਾਣੇ ਯੂਨਿਟਾਂ ਦੀ ਥਾਂ 800-800 ਮੈਗਾਵਾਟ ਦੇ ਤਿੰਨ ਨਵੇਂ ਅਤਿ-ਆਧੁਨਿਕ ਯੂਨਿਟ ਲਗਾਉਣ ਦੀ ਮਨਜ਼ੂਰੀ ਦਿੱਤੀ ਗਈ। ਬਾਅਦ ’ਚ ਪੰਜ 800 ਮੈਗਾਵਾਟ ਯੂਨਿਟਾਂ ਬਾਰੇ ਵੀ ਵਿਸਥਾਰਤ ਯੋਜਨਾ ਬਣਾਉਣ ਦੀ ਗੱਲ ਹੋਈ ਪਰ ਸਾਲ ਬੀਤਦੇ ਗਏ ਤੇ ਯੋਜਨਾਵਾਂ ਜ਼ਮੀਨ ’ਤੇ ਨਹੀਂ ਆਈਆਂ। ਇਹੀ ਤਾਂ ਬਿਜਲੀ ਖੇਤਰ ਦੀ ਸਭ ਤੋਂ ਵੱਡੀ ਵਿਡੰਬਨਾ ਹੈ। ਜਦੋਂ ਬਿਜਲੀ ਦੀ ਲੋੜ ਨਹੀਂ ਹੁੰਦੀ ਤਾਂ ਪ੍ਰਾਜੈਕਟ ਬਣਾਉਣ ਲਈ ਸਾਲਾਂ ਦਾ ਸਮਾਂ ਹੁੰਦਾ ਹੈ। ਜਦੋਂ ਬਿਜਲੀ ਦੀ ਲੋੜ ਪੈ ਜਾਂਦੀ ਹੈ ਤਾਂ ਅਚਾਨਕ ਸਰਕਾਰ ਨੂੰ ਅੱਜ ਹੀ ਬਿਜਲੀ ਚਾਹੀਦੀ ਹੁੰਦੀ ਹੈ ਪਰ ਬਿਜਲੀ ਦਾ ਬਟਨ ਦਬਾ ਕੇ ਉਤਪਾਦਨ ਸਮਰੱਥਾ ਨਹੀਂ ਵਧਾਈ ਜਾ ਸਕਦੀ। ਹੁਣ ਇਸ ਵਧਦੀ ਮੰਗ ’ਚ ਇਕ ਹੋਰ ਨਵਾਂ ਹਿੱਸਾ ਸ਼ਾਮਲ ਹੋ ਰਿਹਾ ਹੈ। ਬੈਟਰੀ ਨਾਲ ਚੱਲਣ ਵਾਲੇ ਵਾਹਨ। ਦੁਨੀਆ ਬਦਲ ਰਹੀ ਹੈ, ਪੰਜਾਬ ਵੀ ਬਦਲੇਗਾ। ਪੈਟਰੋਲ ਤੇ ਡੀਜ਼ਲ ਦੀ ਥਾਂ ਬੈਟਰੀ ਵਾਲੇ ਵਾਹਨ ਵਧਣੇ ਹਨ। ਇਹ ਬਦਲਾਅ ਚੰਗਾ ਹੈ ਜਾਂ ਮਾੜਾ, ਇਸ ਦੀ ਆਪਣੀ ਵੱਖਰੀ ਬਹਿਸ ਹੈ ਪਰ ਬਿਜਲੀ ਪ੍ਰਣਾਲੀ ਲਈ ਇਕ ਗੱਲ ਸਪੱਸ਼ਟ ਹੈ, ਜਿੰਨੀਆਂ ਬੈਟਰੀਆਂ ਸੜਕਾਂ ’ਤੇ ਆਉਣਗੀਆਂ, ਉਨ੍ਹਾਂ ਨੂੰ ਚਾਰਜ ਕਰਨ ਲਈ ਉੱਨੀ ਹੀ ਵੱਧ ਬਿਜਲੀ ਚਾਹੀਦੀ ਹੋਵੇਗੀ। ਪੰਜਾਬ ’ਚ ਵੀ ਬੈਟਰੀ ਵਾਲੇ ਵਾਹਨਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਾਲ 2024 ’ਚ ਲਗਭਗ 24 ਹਜ਼ਾਰ ਅਜਿਹੇ ਵਾਹਨ ਵਿਕੇ ਸਨ, ਜਦਕਿ 2025 ’ਚ ਇਹ ਗਿਣਤੀ 35 ਹਜ਼ਾਰ ਤੋਂ ਉੱਪਰ ਪਹੁੰਚ ਗਈ। ਦੋਪਹੀਆ ਵਾਹਨਾਂ ਤੋਂ ਲੈ ਕੇ ਕਾਰਾਂ ਤੱਕ ਇਸ ਖੇਤਰ ’ਚ ਵਾਧਾ ਹੋ ਰਿਹਾ ਹੈ। ਅੱਜ ਸ਼ਾਇਦ ਕੋਈ ਕਹਿ ਸਕਦਾ ਹੈ ਕਿ ਬੈਟਰੀ ਵਾਲੇ ਵਾਹਨਾਂ ਨਾਲ ਪੰਜਾਬ ਦੇ ਕੁੱਲ ਬਿਜਲੀ ਭਾਰ ’ਚ ਕਿੰਨਾ ਕੁ ਫ਼ਰਕ ਪੈ ਰਿਹਾ ਹੈ? ਜਵਾਬ ਹੈ ਕਿ ਹਾਲੇ ਬਹੁਤ ਵੱਡਾ ਨਹੀਂ ਪਰ ਨੀਤੀ ਬਣਾਉਣ ਵਾਲੇ ਅੱਜ ਦਾ ਨਹੀਂ, ਕੱਲ੍ਹ ਦਾ ਹਿਸਾਬ ਕਰਦੇ ਹਨ। ਜੇ ਵਾਹਨਾਂ ਦੀ ਗਿਣਤੀ ਇਸੇ ਤਰ੍ਹਾਂ ਵਧਦੀ ਰਹੀ ਤਾਂ ਕੁਝ ਸਾਲਾਂ ਬਾਅਦ ਚਾਰਜਿੰਗ ਲਈ ਲੋੜੀਂਦੀ ਬਿਜਲੀ ਵੀ ਪੰਜਾਬ ਦੇ ਕੁੱਲ ਬਿਜਲੀ ਭਾਰ ਦਾ ਇਕ ਮਹੱਤਵਪੂਰਨ ਹਿੱਸਾ ਹੋਵੇਗੀ। ਇਹੀ ਗੱਲ ਘਰਾਂ ’ਤੇ ਵੀ ਲਾਗੂ ਹੁੰਦੀ ਹੈ। ਅੱਜ ਹਰ ਘਰ ’ਚ ਪਹਿਲਾਂ ਨਾਲੋਂ ਵੱਧ ਬਿਜਲੀ ਉਪਕਰਨ ਹਨ। ਠੰਢਾ ਕਰਨ ਵਾਲੇ ਯੰਤਰ, ਗੀਜ਼ਰ, ਹੀਟਰ, ਪਾਣੀ ਦੀਆਂ ਮੋਟਰਾਂ, ਇੰਡਕਸ਼ਨ ਚੁੱਲ੍ਹੇ, ਬੈਟਰੀ ਚਾਰਜਰ ਅਤੇ ਹੋਰ ਅਨੇਕਾਂ ਸਹੂਲਤਾਂ ਨੇ ਬਿਜਲੀ ਨੂੰ ਜੀਵਨ ਦਾ ਹੋਰ ਵੱਡਾ ਹਿੱਸਾ ਬਣਾ ਦਿੱਤਾ ਹੈ। ਇਸ ਲਈ ਬਿਜਲੀ ਦੀ ਮੰਗ ਅੱਗੇ ਵੀ ਵਧਣੀ ਹੈ। ਇਹ ਕੋਈ ਅਚਾਨਕ ਆਉਣ ਵਾਲੀ ਆਫ਼ਤ ਨਹੀਂ, ਜਿਸ ਬਾਰੇ ਸਰਕਾਰ ਕਹੇ ਕਿ ਸਾਨੂੰ ਪਤਾ ਨਹੀਂ ਸੀ। ਅੰਕੜੇ ਪਹਿਲਾਂ ਹੀ ਸਾਹਮਣੇ ਹਨ। ਸਵਾਲ ਸਿਰਫ਼ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਪੜ੍ਹਿਆ ਕਦੋਂ? ਜੇ ਪਿਛਲੇ ਦਸ ਸਾਲਾਂ ’ਚ ਮੰਗ ਲਗਭਗ 55 ਫ਼ੀਸਦੀ ਵਧੀ ਹੈ ਤਾਂ ਅਗਲੇ ਦਸ ਸਾਲਾਂ ਲਈ ਕੀ ਤਿਆਰੀ ਹੈ? ਜੇ ਮੰਗ ਸਾਲਾਨਾ ਔਸਤਨ ਸਾਢੇ ਚਾਰ ਫ਼ੀਸਦੀ ਦੀ ਰਫ਼ਤਾਰ ਨਾਲ ਵਧ ਰਹੀ ਹੈ ਤਾਂ ਕੀ ਅਗਲੇ ਪੰਜ ਜਾਂ ਦਸ ਸਾਲਾਂ ਦੀ ਲੋੜ ਨੂੰ ਧਿਆਨ ’ਚ ਰੱਖ ਕੇ ਨਵੀਂ ਉਤਪਾਦਨ ਸਮਰੱਥਾ ਬਣਾਈ ਜਾ ਰਹੀ ਹੈ? ਇਹੀ ਉਹ ਸਵਾਲ ਹੈ, ਜਿਸ ਦਾ ਜਵਾਬ ਪੰਜਾਬ ਨੂੰ ਚਾਹੀਦਾ ਹੈ। ਸਰਕਾਰਾਂ ਲਈ ਲੋਕਾਂ ਨੂੰ ਰਾਹਤ ਦੇਣਾ ਕੋਈ ਗ਼ਲਤ ਗੱਲ ਨਹੀਂ। ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਵੀ ਇਕ ਨੀਤੀਗਤ ਫ਼ੈਸਲਾ ਹੈ ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਖ਼ਪਤ ਵਧਾਉਣ ਵਾਲੀ ਨੀਤੀ ਤਾਂ ਅੱਜ ਐਲਾਨ ਦਿੱਤੀ ਜਾਵੇ ਅਤੇ ਉਸ ਖ਼ਪਤ ਨੂੰ ਪੂਰਾ ਕਰਨ ਲਈ ਬਿਜਲੀ ਪੈਦਾ ਕਰਨ ਦੀ ਯੋਜਨਾ ਕੱਲ੍ਹ ’ਤੇ ਛੱਡ ਦਿੱਤੀ ਜਾਵੇ। ਸਰਕਾਰਾਂ ਨੂੰ ਇਹ ਸਮਝਣਾ ਪਵੇਗਾ ਕਿ ਬਿਜਲੀ ਦੀ ਰਾਜਨੀਤੀ ਤੇ ਬਿਜਲੀ ਦੀ ਅਰਥਵਿਵਸਥਾ ਦੋ ਵੱਖਰੀਆਂ ਚੀਜ਼ਾਂ ਨਹੀਂ ਹਨ। ਕਿਸੇ ਨੂੰ 300 ਯੂਨਿਟ ਮੁਫ਼ਤ ਦੇਣ ਨਾਲ ਸਰਕਾਰੀ ਖਜ਼ਾਨੇ ’ਚ ਉਸ ਦੀ ਲਾਗਤ ਖ਼ਤਮ ਨਹੀਂ ਹੁੰਦੀ। ਬਾਹਰੋਂ ਮਹਿੰਗੀ ਬਿਜਲੀ ਖ਼ਰੀਦਣ ਨਾਲ ਉਹ ਲਾਗਤ ਖ਼ਤਮ ਨਹੀਂ ਹੁੰਦੀ। ਸਗੋਂ ਕਈ ਵਾਰ ਅੱਜ ਦੀ ਸਸਤੀ ਰਾਜਨੀਤਿਕ ਸੌਗਾਤ ਕੱਲ੍ਹ ਦੀ ਮਹਿੰਗੀ ਆਰਥਿਕ ਜ਼ਿੰਮੇਵਾਰੀ ਬਣ ਸਕਦੀ ਹੈ।



ਇੱਥੇ ਹੀ ਪੰਜਾਬ ਨੂੰ ਆਪਣੀ ਬਿਜਲੀ ਨੀਤੀ ਬਾਰੇ ਨਵੀਂ ਸੋਚ ਦੀ ਲੋੜ ਹੈ। ਜੇ ਸਰਕਾਰ ਕਿਸੇ ਵਰਗ ਨੂੰ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਕਰਦੀ ਹੈ ਤਾਂ ਉਸੇ ਦਿਨ ਇਹ ਵੀ ਤੈਅ ਹੋਣਾ ਚਾਹੀਦਾ ਹੈ ਕਿ ਅਗਲੇ ਪੰਜ, ਦਸ ਤੇ ਪੰਦਰਾਂ ਸਾਲਾਂ ’ਚ ਉਸ ਵਧੀ ਹੋਈ ਮੰਗ ਲਈ ਬਿਜਲੀ ਕਿੱਥੋਂ ਆਵੇਗੀ।

ਨਵੇਂ ਤਾਪ ਬਿਜਲੀ ਘਰ ਕਿੱਥੇ ਬਣਨਗੇ? ਸੂਰਜੀ ਅਤੇ ਹਵਾ ਤੋਂ ਮਿਲਣ ਵਾਲੀ ਬਿਜਲੀ ਕਿੰਨੀ ਵਧੇਗੀ? ਬਿਜਲੀ ਸੰਭਾਲਣ ਦੀ ਸਮਰੱਥਾ ਕਿੰਨੀ ਬਣੇਗੀ? ਬਿਜਲੀ ਦੇ ਸੰਚਾਰ ਤੇ ਵੰਡ ਦੇ ਜਾਲ ਨੂੰ ਕਿੰਨਾ ਮਜ਼ਬੂਤ ਕਰਨਾ ਪਵੇਗਾ? ਬੈਟਰੀ ਵਾਲੇ ਵਾਹਨਾਂ ਦੀ ਵਧਦੀ ਗਿਣਤੀ ਲਈ ਕਿੰਨੀ ਵਾਧੂ ਬਿਜਲੀ ਚਾਹੀਦੀ ਹੋਵੇਗੀ? ਇਨ੍ਹਾਂ ਸਵਾਲਾਂ ਦੇ ਜਵਾਬ ਤੋਂ ਬਿਨਾਂ ਸਿਰਫ਼ ਬਿਜਲੀ ਦੀਆਂ ਰਿਆਇਤਾਂ ਦਾ ਐਲਾਨ ਕਰਨਾ ਅਧੂਰੀ ਨੀਤੀ ਹੈ। ਪੰਜਾਬ ਨੂੰ ਹੁਣ ‘ਅੱਜ ਕਿੰਨੀ ਬਿਜਲੀ ਚਾਹੀਦੀ ਹੈ’ ਵਾਲੀ ਸੋਚ ਤੋਂ ਅੱਗੇ ਵਧ ਕੇ ‘ਦਸ ਸਾਲ ਬਾਅਦ ਕਿੰਨੀ ਬਿਜਲੀ ਚਾਹੀਦੀ ਹੋਵੇਗੀ’ ਵਾਲੀ ਸੋਚ ਅਪਣਾਉਣੀ ਪਵੇਗੀ। ਕਿਉਂਕਿ ਬਿਜਲੀ ਪੈਦਾ ਕਰਨ ਦੀ ਸਮਰੱਥਾ ਕੋਈ ਨਲਕਾ ਨਹੀਂ ਕਿ ਮੰਗ ਵਧੀ ਤਾਂ ਪਾਣੀ ਵਾਂਗ ਹੋਰ ਖੋਲ੍ਹ ਦਿੱਤਾ।

ਬਿਜਲੀ ਘਰ ਬਣਦੇ ਹਨ, ਬਿਜਲੀ ਦੇ ਜਾਲ ਬਣਦੇ ਹਨ, ਨਿਵੇਸ਼ ਹੁੰਦਾ ਹੈ, ਸਾਲ ਲੱਗਦੇ ਹਨ ਤੇ ਫਿਰ ਜਾ ਕੇ ਉਤਪਾਦਨ ਸ਼ੁਰੂ ਹੁੰਦਾ ਹੈ। ਇਸ ਲਈ ਸਰਕਾਰਾਂ ਨੂੰ ਜਾਂ ਤਾਂ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਬਿਜਲੀ ਵਰਗੀਆਂ ਸੌਗਾਤਾਂ ਦੇ ਨਾਲ-ਨਾਲ ਉਸ ਦੀ ਪੂਰੀ ਉਤਪਾਦਨ ਯੋਜਨਾ ਵੀ ਬਣਾਉਣੀ ਪਵੇਗੀ, ਜਾਂ ਫਿਰ ਅਜਿਹੇ ਐਲਾਨਾਂ ਤੋਂ ਪਹਿਲਾਂ ਸੌ ਵਾਰ ਸੋਚਣਾ ਪਵੇਗਾ। ਕਿਉਂਕਿ ਮੁਫ਼ਤ ਬਿਜਲੀ ਦਾ ਐਲਾਨ ਇਕ ਦਿਨ ’ਚ ਹੋ ਜਾਂਦਾ ਹੈ ਪਰ ਉਸ ਬਿਜਲੀ ਨੂੰ ਪੈਦਾ ਕਰਨ ਦੀ ਸਮਰੱਥਾ ਬਣਾਉਣ ’ਚ ਸਾਲ ਲੱਗ ਜਾਂਦੇ ਹਨ। ਫਿਰ ਸਵਾਲ ਇਹ ਬਣਦਾ ਹੈ ਕਿ ਜਦੋਂ ਮੰਗ ਵਧ ਰਹੀ ਸੀ, ਉਸ ਵੇਲੇ ਬਿਜਲੀ ਬਣਾਉਣ ਦੀ ਤਿਆਰੀ ਕੌਣ ਕਰ ਰਿਹਾ ਸੀ?

ਔਕੜਾਂ ਅੱਗੇ ਨਾ ਲੱਗੋ, ਅੱਗੇ ਲਾਉਣਾ ਸਿੱਖੋ

ਪ੍ਰਿੰਸੀਪਲ ਵਿਜੈ ਕੁਮਾਰ

ਦੁਨੀਆ ਦਾ ਹਰ ਬਸ਼ਰ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਫ ਹੈ ਕਿ ਦੁੱਖ, ਮੁਸੀਬਤਾਂ, ਉਤਰਾਅ-ਚੜ੍ਹਾਅ, ਔਕੜਾਂ ਤੇ ਸੰਕਟ ਜ਼ਿੰਦਗੀ ਦਾ ਹਿੱਸਾ ਹੁੰਦੇ ਹਨ। ਵੱਡੇ-ਵੱਡੇ ਮਹਾਂਪੁਰਸ਼ ਵੀ ਇਨ੍ਹਾਂ ਤੋਂ ਬਚ ਨਹੀਂ ਸਕੇ ਪਰ ਪਤਾ ਨਹੀਂ ਫੇਰ ਵੀ ਮਨੁੱਖ ਹਰ ਵੇਲੇ ਸੁੱਖਾਂ, ਖੁਸ਼ੀਆਂ ਖੇੜਿਆਂ, ਖੁਸ਼ਹਾਲੀ ਤੇ ਮੌਜਾਂ ਦੀ ਉਡੀਕ ਤੇ ਭਾਲ ’ਚ ਕਿਉਂ ਰਹਿੰਦਾ ਹੈ। ਹਰ ਧਰਮ ਦੇ ਮਹਾਂਪੁਰਸ਼ਾਂ ਦੇ ਪ੍ਰਵਚਨ, ਧਰਮ ਗ੍ਰੰਥ ਤੇ ਸੰਤ ਮਹਾਤਮਾ ਦੇ ਉਪਦੇਸ਼ ਇਹ ਦਰਸਾਉਂਦੇ ਹਨ ਕਿ ਦੁੱਖ-ਸੁੱਖ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਤੇ ਚੜ੍ਹਦੇ-ਢਲਦੇ ਪਰਛਾਵਿਆਂ ਵਾਂਗ ਹਨ। ਦੁੱਖ-ਸੁੱਖ ਨੇ ਆਪਣੀ ਵਾਰੀ ਸਿਰ ਆਉਣਾ ਹੀ ਹੁੰਦਾ ਹੈ ਪਰ ਇਸ ਦੁਨੀਆ ’ਚ ਬਹੁ-ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਸੁੱਖ ’ਚ ਧਰਤੀ ਤੋਂ ਦੋ ਗਿੱਠ ਉਤਾਂਹ ਹੋ ਕੇ ਤੁਰਨ ਲੱਗ ਪੈਂਦੇ ਹਨ, ਉਨ੍ਹਾਂ ਨੂੰ ਰੱਬ ਯਾਦ ਨਹੀਂ ਰਹਿੰਦਾ। ਉਹ ਨਿਮਰਤਾ, ਸ਼ੁਕਰਾਨਾ, ਪਰਉਪਕਾਰ ਤੇ ਇਨਸਾਨੀਅਤ ਤੋਂ ਕੋਹਾਂ ਦੂਰ ਹੋ ਜਾਂਦੇ ਹਨ ਪਰ ਜੇਕਰ ਕਦੇ ਉਨ੍ਹਾਂ ਦੀ ਜ਼ਿੰਦਗੀ ਕਿਸੇ ਦੁੱਖ, ਮਸੀਬਤ, ਸੰਕਟ ਤੇ ਔਕੜ ਦਾ ਸ਼ਿਕਾਰ ਹੋ ਜਾਵੇ ਤਾਂ ਉਨ੍ਹਾਂ ਨੂੰ ਇੰਜ ਲੱਗਣ ਲੱਗ ਪੈਂਦਾ ਹੈ ਕਿ ਉਨ੍ਹਾਂ ਜਿਹਾ ਇਸ ਦੁਨੀਆ ’ਚ ਦੁੱਖੀ ਇਨਸਾਨ ਹੀ ਕੋਈ ਨਹੀਂ ਹੈ। ਉਹ ਦੁਹਾਈ ਪਾਉਂਦੇ ਸਾਹ ਨਹੀਂ ਲੈਂਦੇ। ਰੱਬ ਪ੍ਰਤੀ ਉਨ੍ਹਾਂ ਦੀਆਂ ਸ਼ਿਕਾਇਤਾਂ ਨਹੀਂ ਮੁੱਕਦੀਆਂ। ਉਨ੍ਹਾਂ ਨੇ ਭਾਵੇਂ ਆਪਣੀ ਜ਼ਿੰਦਗੀ ’ਚ ਕਦੇ ਕੋਈ ਚੰਗਾ ਕੰਮ ਨਾ ਕੀਤਾ ਹੋਵੇ ਪਰ ਮੁਸੀਬਤ ਦੇ ਦੌਰ ’ਚ ਉਹ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਉਨ੍ਹਾਂ ਨੇ ਅੱਜ ਤੱਕ ਕਦੇ ਕਿਸੇ ਦਾ ਬੁਰਾ ਨਹੀਂ ਕੀਤਾ। ਫੇਰ ਪਤਾ ਨਹੀਂ ਉਨ੍ਹਾਂ ਦੀ ਜ਼ਿੰਦਗੀ ’ਚ ਇਹ ਦੁੱਖ ਕਿਉਂ ਆ ਗਿਆ ਪਰ ਇਸ ਦੁਨੀਆ ’ਚ ਉਨ੍ਹਾਂ ਲੋਕਾਂ ਦੀ ਵੀ ਕੋਈ ਘਾਟ ਨਹੀਂ ਜਿਹੜੇ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰਦੇ ਹਨ।

ਉਹ ਦੁੱਖਾਂ ਅੱਗੇ ਹੌਸਲਾ ਨਹੀਂ ਹਾਰਦੇ। ਉਹ ਦੁਹਾਈ ਨਹੀਂ ਮਚਾਉਂਦੇ। ਉਹ ਬਹੁਤ ਦਲੇਰੀ ਨਾਲ ਉਨ੍ਹਾਂ ਦਾ ਮੁਕਾਬਲਾ ਕਰਦੇ ਹਨ। ਉਹ ਢੇਰੀ ਢਾਹੁਣ ਦੀ ਬਜਾਏ ਉਸ ਦੌਰ ’ਚੋਂ ਨਿਕਲਣ ਲਈ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਜਿੰਦਾ ਦਿਲ ਲੋਕਾਂ ’ਚੋਂ ਅਭਿਸ਼ੇਕ ਦੇਵ ਸ਼ਰਮਾ ਦੀ ਦੁੱਖਾਂ ਦੇ ਦੌਰ ’ਚੋਂ ਗੁਜਰ ਰਹੀ ਜ਼ਿੰਦਗੀ ਦੀ ਕਹਾਣੀ ਬਹੁਤ ਹੀ ਪ੍ਰੇਰਨਾਦਾਇਕ ਤੇ ਭਾਵੁਕ ਕਰਨ ਵਾਲੀ ਹੈ। ਇਕ ਚਰਚਿਤ ਟੀਵੀ ਲੜੀਵਾਰ ’ਚ ਦਿੱਲੀ ਦੇ ਵਸਨੀਕ ਅਭਿਸ਼ੇਕ ਸ਼ਰਮਾ ਨੇ ਆਪਣੀ ਜ਼ਿੰਦਗੀ ਦੀ ਦਾਸਤਾਂ ਬਿਆਨ ਕਰਦੇ ਹੋਏ ਕਿਹਾ ਕਿ ਉਸ ਦੀਆਂ ਦੋਵੇਂ ਕਿਡਨੀਆਂ ਫੇਲ੍ਹ ਹੋ ਚੁੱਕੀਆਂ ਹਨ। ਉਸ ਦੇ ਮਾਤਾ-ਪਿਤਾ ਵੀ ਉਸ ਨੂੰ ਆਪਣੀ ਇਕ-ਇਕ ਕਿਡਨੀ ਦੇ ਚੁੱਕੇ ਹਨ। ਉਹ ਵੀ ਫੇਲ੍ਹ ਹੋ ਗਈਆਂ ਹਨ। ਉਸ ਦਾ ਹਰ ਤੀਜੇ ਦਿਨ ਡਾਇਲਸਿਸ ਹੁੰਦਾ ਹੈ। ਉਸ ਦੇ ਜਿਊਣ ਦੀ ਉਮੀਦ ਖ਼ਤਮ ਹੋ ਚ

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME,
BUSINESS, LIFE

510-487-1000

WWW.GGIABA.COM



ਬੰਦੀ ਛੋੜ ਦਿਵਸ,
ਦੀਵਾਲੀ ਦੀਆਂ
ਲੱਖ-ਲੱਖ
ਵਧਾਈਆਂ

COVERED CALIFORNIA

Certified
INSURANCE
AGENT

Free Confidential Help

Call : Gurcharan Singh Mann CA License

Medicare

Licensed Insurance Agent
CA Lic # 0C70672

CALL TO ENROL
510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006